@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 13 September 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 13 ਸਤੰਬਰ 2025, 29 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 304, qpatrika@gmail.com ਫੋਨ : 9971359517 www.qaumipatrika.org

## ਘਪਲੇ ਦੇ ਮਾਮਲੇ 'ਚ ਬੀਡੀਪੀਓ ਪੂਜਾ ਸ਼ਰਮਾ ਦੀਆਂ ਮੁਸ਼ਕਲਾਂ ਵਧੀਆਂ, 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜਿਆ

ਫਰੀਦਾਬਾਦ 12 ਸਤੰਬਰ। ਫਰੀਦਾਬਾਦ ਦੇ ਬੱਲਭਗੜ੍ਹ ਬਲਾਕ ਦੀ ਬੀਡੀਪੀਓ ਪੂਜਾ ਸ਼ਰਮਾ ਨੂੰ ਅੱਜ 2 ਦਿਨਾਂ ਦੇ ਪੁਲਿਸ ਰਿਮਾਂਡ ਤੋਂ ਬਾਅਦ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਪੂਜਾ ਸ਼ਰਮਾ ਨੂੰ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ (ਏਸੀਬੀ) ਨੇ 30 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਵਿੱਚ ਘਪਲੇ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ। ਜਾਣਕਾਰੀ ਅਨੁਸਾਰ, ਇਹ ਘੁਟਾਲਾ ਸਾਲ 2022 ਵਿੱਚ ਪਿੰਡ ਮੁੰਜੇੜੀ ਵਿੱਚ ਹੋਇਆ ਸੀ, ਜਿੱਥੇ ਵਿਕਾਸ ਕਾਰਜਾਂ ਦੇ ਨਾਮ 'ਤੇ ਖਾਤਿਆਂ ਵਿੱਚੋਂ ਸਿਰਫ਼ ਦੋ ਮਹੀਨਿਆਂ ਵਿੱਚ 30 ਕਰੋੜ ਰੁਪਏ ਕਢਵਾ ਲਏ ਗਏ ਸਨ। ਇਹ ਮਾਮਲਾ ਸਦਰ ਥਾਣੇ ਵਿੱਚ ਦਰਜ ਐਫਆਈਆਰ ਨਾਲ ਸ਼ੁਰੂ ਹੋਇਆ ਸੀ, ਜਿਸਦੀ ਜਾਂਚ ਹੁਣ ਏਸੀਬੀ ਵੱਲੋਂ ਕੀਤੀ ਜਾ ਰਹੀ ਹੈ। ਏਸੀਬੀ ਨੇ ਪੂਜਾ ਸ਼ਰਮਾ ਦੇ ਨਾਲ ਠੇਕੇਦਾਰ ਹੀਰਾਲਾਲ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਇਹ ਘੁਟਾਲਾ ਪ੍ਰਿਥਲਾ ਵਿਧਾਨ ਸਭਾ ਹਲਕੇ ਵਿੱਚ ਉਦੋਂ ਹੋਇਆ ਸੀ ਜਦੋਂ ਨਯਨਪਾਲ ਰਾਵਤ ਉੱਥੇ ਇੱਕ ਆਜ਼ਾਦ ਵਿਧਾਇਕ ਵਜੋਂ ਕੰਮ ਕਰ ਰਹੇ ਸਨ। ਸੂਤਰਾਂ ਅਨੁਸਾਰ, ਏਸੀਬੀ ਜਲਦੀ ਹੀ ਨਯਨਪਾਲ ਰਾਵਤ ਤੋਂ ਪੁੱਛਗਿੱਛ ਕਰ ਸਕਦੀ ਹੈ ਅਤੇ ਉਸਨੂੰ ਜਾਂਚ ਵਿੱਚ ਸ਼ਾਮਲ ਕਰ ਸਕਦੀ ਹੈ। ਮਾਮਲੇ ਦੇ ਹੋਰ ਦੋਸ਼ੀਆਂ ਦੀ ਗ੍ਰਿਫ਼ਤਾਰੀ ਵੀ ਜਲਦੀ ਸੰਭਵ ਹੈ।

## ਵੋਟ ਚੋਰੀ 'ਤੇ ਭਵਿੱਖ 'ਚ ਹੋਰ ਵੀ 'ਵਿਸਫੋਟਕ ਸਬੂਤ' ਪੇਸ਼ ਕਰਾਂਗੇ : ਰਾਹੁਲ ਗਾਂਧੀ

ਰਾਇਬਰੇਲੀ, 12 ਸਤੰਬਰ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ 'ਵੋਟ ਚੋਰੀ' ਦੇ ਆਪਣੇ ਦੋਸ਼ਾਂ ਨੂੰ ਦੋਹਰਾਉਂਦੇ ਹੋਏ ਦਾਅਵਾ ਕੀਤਾ ਕਿ ਭਵਿੱਖ 'ਚ ਉਹ ਇਸ ਸਬੰਧ 'ਚ ਹੋਰ ਵੀ



'ਡਾਇਨਾਮਿਕ ਐਕਸਪਲੋਸਿਵ' (ਵਿਸਫੋਟਕ) ਸਬੂਤ ਪੇਸ਼ ਕਰਨਗੇ। ਵਿਸ਼ੇਸ਼ ਡੂੰਘਾਈ ਨਾਲ ਸੋਧ (ਐੱਸ. ਆਈ. ਆਰ.) ਬਾਰੇ ਪੁੱਛੇ ਗਏ ਇਕ ਸਵਾਲ ਦੇ ਜਵਾਬ 'ਚ ਗਾਂਧੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਮਹਾਰਾਸ਼ਟਰ, ਹਰਿਆਣਾ ਅਤੇ ਕਰਨਾਟਕ ਦੀਆਂ ਚੋਣਾਂ 'ਚ ਵੋਟ ਚੋਰੀ ਹੋਈ ਹੈ। ਅਸੀਂ 'ਬਲੈਕ ਐਂਡ ਵ?ਹਾਈਟ' ਸਬੂਤ ਦਿੱਤੇ ਹਨ। ਕਾਂਗਰਸ ਸੰਸਦ ਮੈਂਬਰ ਨੇ ਕਿਹਾ ਕਿ 'ਵੋਟ ਚੋਰ, ਗੱਦੀ ਛੋੜ' ਦਾ ਨਾਅਰਾ ਹੁਣ ਪੂਰੇ ਦੇਸ਼ 'ਚ ਗੂੰਜ ਰਿਹਾ ਹੈ। ਉਨ੍ਹਾਂ ਕਿਹਾ, "ਅਸੀਂ ਤੁਹਾਨੂੰ ਦਿਖਾਵਾਂਗੇ, ਭਾਰਤ ਦੇ ਨੌਜਵਾਨੋ, ਸੁਣੋ, ਇਹੀ ਸੱਚਾਈ ਹੈ ਅਤੇ ਚੋਰੀ ਕਰ ਕੇ ਸਰਕਾਰਾਂ ਬਣਾਈਆਂ ਜਾ ਰਹੀਆਂ ਹਨ।"ਰਾਹੁਲ ਗਾਂਧੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਅਸੀਂ ਗਾਰੰਟੀ ਦਿੰਦੇ ਹਾਂ ਕਿ ਅਸੀਂ ਤੁਹਾਨੂੰ ਸਬੂਤ ਦੇਵਾਂਗੇ। ਕਾਂਗਰਸ ਨੇਤਾ ਨੇ ਭਾਜਪਾ ਨੇਤਾਵਾਂ 'ਤੇ ਵਿਅੰਗ ਕਸਦਿਆਂ ਕਿਹਾ ਕਿ ਭਾਜਪਾ ਨੇਤਾ ਜੋ ਉਤੇਜਿਤ ਹੋ ਰਹੇ ਹਨ, ਉਤੇਜਿਤ ਨਾ ਹੋਵੋ। ਜਦੋਂ 'ਹਾਈਡ?ਰੋਜਨ ਬੰਬ' ਆਵੇਗਾ, ਤਾਂ ਸਭ ਕੁਝ ਸਾਫ਼ ਹੋ ਜਾਵੇਗਾ। ਰਾਹੁਲ ਗਾਂਧੀ ਨੇ ਵੀਰਵਾਰ ਨੂੰ ਰਾਇਬਰੇਲੀ ਦੇ ਕਲੈਕਟਰੇਟ ਸਥਿਤ ਬੱਚਤ ਭਵਨ ਆਡੀਟੋਰੀਅਮ 'ਚ ਜ਼ਿਲਾ ਵਿਕਾਸ ਤਾਲਮੇਲ ਅਤੇ ਨਿਗਰਾਨੀ ਕਮੇਟੀ (ਦਿਸ਼ਾ) ਦੀ ਬੈਠਕ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਅਮੇਠੀ ਤੋਂ ਸੰਸਦ ਮੈਂਬਰ ਕੇ. ਐੱਲ. ਸ਼ਰਮਾ ਅਤੇ ਉੱਤਰ ਪ੍ਰਦੇਸ਼ ਸਰਕਾਰ ਦੇ ਰਾਜ ਮੰਤਰੀ ਦਿਨੇਸ਼ ਪ੍ਰਤਾਪ ਸਿੰਘ ਸਮੇਤ ਕਈ ਲੋਕ-ਨੁਮਾਇੰਦੇ ਸ਼ਾਮਲ ਸਨ।

# ਭਲਕੇ ਮਿਜ਼ੋਰਮ ਜਾਣਗੇ ਪ੍ਰਧਾਨ ਮੰਤਰੀ ਮੋਦੀ, ਬੈਰਾਬੀ-ਸਾਈਰੰਗ ਰੇਲਵੇ ਲਾਈਨ ਦਾ ਕਰਨਗੇ ਉਦਘਾਟਨ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਐਜ਼ੌਲ 12 ਸਤੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਨੀਵਾਰ ਨੂੰ ਮਿਜ਼ੋਰਮ ਦਾ ਦੌਰਾ ਕਰਨਗੇ ਅਤੇ ਬੈਰਾਬੀ-ਸਾਈਰੰਗ ਬ੍ਰੌਡਗੇਜ ਰੇਲਵੇ ਲਾਈਨ ਦਾ ਉਦਘਾਟਨ ਕਰਨਗੇ। ਉਹ ਆਈਜ਼ੌਲ ਅਤੇ ਦਿੱਲੀ ਵਿਚਕਾਰ ਪਹਿਲੀ ਰਾਜਧਾਨੀ ਐਕਸਪ੍ਰੈਸ ਅਤੇ ਹੋਰ ਨਵੀਆਂ ਰੇਲਗੱਡੀਆਂ ਨੂੰ ਵੀ ਹਰੀ ਝੰਡੀ ਦਿਖਾਉਣਗੇ। ਇਸ ਗੱਲ ਦੀ ਜਾਣਕਾਰੀ ਇੱਕ ਅਧਿਕਾਰੀ ਵਲੋਂ ਦਿੱਤੀ ਗਈ ਹੈ। 2014 ਵਿੱਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪੀਐੱਮ ਮੋਦੀ ਦਾ ਉੱਤਰ-ਪੂਰਬੀ ਰਾਜ ਦਾ ਇਹ ਦੂਜਾ ਦੌਰਾ ਹੋਵੇਗਾ। ਪੀਐੱਮ ਮੋਦੀ ਨੇ ਦਸੰਬਰ 2017 ਵਿੱਚ ਮਿਜ਼ੋਰਮ ਦਾ ਦੌਰਾ ਕੀਤਾ ਅਤੇ ਅਸਾਮ ਸਰਹੱਦ ਦੇ ਨੇੜੇ ਉੱਤਰੀ ਮਿਜ਼ੋਰਮ ਦੇ ਕੋਲਾਸਿਬ ਜ਼ਿਲ੍ਹੇ ਦੇ ਸੈਪੁਮ ਪਿੰਡ ਦੇ ਨੇੜੇ 60 ਮੈਗਾਵਾਟ ਦੇ ਟੁਈਰੀਅਲ ਹਾਈਡ?ਰੋਇਲੈਕਟ੍ਰਿਕ ਪ੍ਰੋਜੈਕਟ ਦਾ ਉਦਘਾਟਨ ਕੀਤਾ। ਅਧਿਕਾਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਸ਼ਨੀਵਾਰ ਸਵੇਰੇ 9 ਵਜੇ ਲੇਂਗਪੁਈ ਹਵਾਈ ਅੱਡੇ 'ਤੇ ਪਹੁੰਚਣ ਦੀ ਉਮੀਦ ਹੈ ਅਤੇ ਫਿਰ ਹੈਲੀਕਾਪਟਰ ਰਾਹੀਂ ਆਈਜ਼ੌਲ ਥੁਆਮਪੁਈ ਹੈਲੀਪੈਡ ਲਈ ਉਡਾਣ ਭਰਨਗੇ। ਉਨ੍ਹਾਂ ਕਿਹਾ ਕਿ



ਮੋਦੀ ਸਵੇਰੇ 10 ਵਜੇ ਆਈਜ਼ੌਲ ਦੇ ਲਾਮੁਅਲ ਵਿਖੇ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਨਗੇ, ਜਿਸ ਦੌਰਾਨ ਉਹ ਬੈਰਾਬੀ-ਸਾਈਰੰਗ ਰੇਲਵੇ ਲਾਈਨ ਦਾ ਉਦਘਾਟਨ ਕਰਨਗੇ। ਨਾਲ ਹੀ ਆਈਜ਼ੌਲ ਅਤੇ ਦਿੱਲੀ ਵਿਚਕਾਰ ਰਾਜਧਾਨੀ ਰੇਲ ਸੇਵਾ ਅਤੇ ਆਈਜ਼ੌਲ-ਕੋਲਕਾਤਾ ਅਤੇ ਆਈਜ਼ੌਲ-ਗੁਹਾਟੀ ਵਿਚਕਾਰ ਦੋ ਹੋਰ ਨਵੀਆਂ ਰੇਲਗੱਡੀਆਂ ਨੂੰ ਹਰੀ ਝੰਡੀ ਦਿਖਾਉਣਗੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਆਪਣੀ ਫੇਰੀ ਦੌਰਾਨ ਦੋ ਵਿਦਿਅਕ ਸੰਸਥਾਵਾਂ ਦਾ ਉਦਘਾਟਨ ਕਰਨਗੇ ਅਤੇ ਕੇਂਦਰ ਦੇ ਛੇ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਣਗੇ। ਅਧਿਕਾਰੀ ਨੇ ਦੱਸਿਆ ਕਿ ਮਿਜ਼ੋਰਮ ਤੋਂ ਪ੍ਰਧਾਨ ਮੰਤਰੀ ਮਣੀਪੁਰ ਲਈ ਉਡਾਣ ਭਰਨਗੇ, ਜੋ ਮਈ 2023 ਵਿੱਚ ਨਸਲੀ ਹਿੰਸਾ ਭੜਕਣ ਤੋਂ ਬਾਅਦ ਉਨ੍ਹਾਂ ਦਾ ਪਹਿਲਾ ਦੌਰਾ ਹੋਵੇਗਾ। ਪ੍ਰਧਾਨ ਮੰਤਰੀ ਦੇ ਦੌਰੇ ਤੋਂ ਪਹਿਲਾਂ ਮਿਜ਼ੋਰਮ ਭਰ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ। ਮਿਜ਼ੋਰਮ ਦੇ ਇੰਸਪੈਕਟਰ ਜਨਰਲ ਆਫ਼ ਪੁਲਸ (ਕਾਨੂੰਨ ਅਤੇ ਵਿਵਸਥਾ) ਐਚ ਰਾਮਥਲੇਂਗਲੀਆਨਾ ਨੇ ਕਿਹਾ ਕਿ ਰਾਜ ਭਰ ਦੀਆਂ ਸਾਰੀਆਂ ਪੁਲਸ ਇਕਾਈਆਂ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ ਅਤੇ ਰਾਜ ਦੀ ਰਾਜਧਾਨੀ ਆਈਜ਼ੌਲ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੂਬਾ ਪੁਲਿਸ ਤੋਂ ਇਲਾਵਾ, ਪ੍ਰਧਾਨ ਮੰਤਰੀ ਦੇ ਆਈਜ਼ੌਲ ਦੌਰੇ ਦੌਰਾਨ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਸੀਮਾ ਸੁਰੱਖਿਆ ਬਲ (ਅਤੇ ਕੇਂਦਰੀ ਰਿਜ਼ਰਵ ਪੁਲਿਸ ਬਲ ਦੀਆਂ ਦੋ-ਦੋ ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ। ਸਰਕਾਰ ਨੇ ਆਈਜ਼ੌਲ ਵਿੱਚ ਟ?ਰੈਫਿਕ ਪ੍ਰਬੰਧਨ ਲਈ ਵੀ ਵਿਸਤ੍ਰਿਤ ਪ੍ਰਬੰਧ ਕੀਤੇ ਹਨ ਅਤੇ ਕੁਝ ਖੇਤਰਾਂ ਅਤੇ ਉਨ੍ਹਾਂ ਖੇਤਰਾਂ ਵਿੱਚ 'ਨੋ ਪਾਰਕਿੰਗ' ਅਤੇ 'ਨੋ ਪਲੇਇੰਗ' ਦੇ ਆਦੇਸ਼ ਲਾਗੂ ਕੀਤੇ ਹਨ ਜਿੱਥੋਂ ਪ੍ਰਧਾਨ ਮੰਤਰੀ ਦਾ ਕਾਫਲਾ ਲੰਘੇਗਾ। ਆਈਜ਼ੌਲ ਨਗਰ ਨਿਗਮ (ਏਐੱਮਸੀ) ਨੇ ਵਸਨੀਕਾਂ ਨੂੰ ਸਾਰੀਆਂ ਦੁਕਾਨਾਂ, ਨਿੱਜੀ ਦਫ਼ਤਰ ਬੰਦ ਰੱਖਣ ਅਤੇ ਉਸ ਸੜਕ 'ਤੇ ਫੇਰੀ ਨਾ ਲਗਾਉਣ ਲਈ ਕਿਹਾ ਹੈ ਜਿਸ ਤੋਂ ਪ੍ਰਧਾਨ ਮੰਤਰੀ ਦਾ ਕਾਫਲਾ ਲੰਘੇਗਾ।

## ਅਮਿਤ ਸ਼ਾਹ ਨੇ 5 ਹੋਰ ਹਵਾਈ ਅੱਡਿਆਂ 'ਤੇ ਸ਼ੁਰੂ ਕੀਤਾ 'ਫਾਸਟ ਟਰੈਕ ਇਮੀਗ੍ਰੇਸ਼ਨ'

ਨਵੀਂ ਦਿੱਲੀ, 12 ਸਤੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀਰਵਾਰ ਨੂੰ 5 ਹੋਰ ਹਵਾਈ ਅੱਡਿਆਂ 'ਤੇ 'ਫਾਸਟ ਟ?ਰੈਕ ਇਮੀਗ੍ਰੇਸ਼ਨ-ਟਰੱਸਟਡ ਟਰੈਵਲਰ ਪ੍ਰੋਗਰਾਮ' (ਐੱਫ. ਟੀ. ਆਈ.-ਟੀ. ਟੀ. ਪੀ.) ਦੀ ਸ਼ੁਰੂਆਤ ਕੀਤੀ, ਜੋ ਪਹਿਲਾਂ ਤੋਂ ਪ੍ਰਮਾਣਿਤ ਭਾਰਤੀ ਨਾਗਰਿਕਾਂ ਅਤੇ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ (ਓ. ਸੀ. ਆਈ.) ਕਾਰਡ ਹੋਲਡਰਾਂ ਲਈ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ। ਇਹ ਵਿਸ਼ੇਸ਼ ਪਹਿਲ ਸਭ ਤੋਂ ਪਹਿਲਾਂ ਜੁਲਾਈ-2024 ਵਿਚ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਸ਼ੁਰੂ ਕੀਤੀ ਗਈ ਸੀ ਅਤੇ 2 ਮਹੀਨਿਆਂ ਬਾਅਦ ਇਸ ਨੂੰ 7 ਹੋਰ ਹਵਾਈ ਅੱਡਿਆਂ – ਮੁੰਬਈ, ਚੇਨਈ, ਕੋਲਕਾਤਾ, ਬੈਂਗਲੁਰੂ, ਹੈਦਰਾਬਾਦ, ਕੋਚੀ ਅਤੇ ਅਹਿਮਦਾਬਾਦ ਵਿਚ ਸ਼ੁਰੂ ਕੀਤਾ ਗਿਆ। ਵੀਰਵਾਰ ਨੂੰ ਐੱਫ. ਟੀ. ਆਈ.-ਟੀ. ਟੀ. ਪੀ. ਲਖਨਊ, ਤਿਰੂਵਨੰਤਪੁਰਮ, ਤਿਰੂਚਿਰਾਪੱਲੀ, ਕੋਝੀਕੋਡ ਅਤੇ ਅੰਮ੍ਰਿਤਸਰ ਵਿਚ ਸ਼ੁਰੂ ਕੀਤਾ ਗਿਆ। ਗ੍ਰਹਿ ਮੰਤਰੀ ਨੇ ਡਿਜੀਟਲ ਮਾਧਿਅਮ ਰਾਹੀਂ ਆਯੋਜਿਤ ਇਕ ਵਿਸ਼ੇਸ਼ ਪ੍ਰੋਗਰਾਮ 'ਚ ਕਿਹਾ ਕਿ ਫਾਸਟ ਟ?ਰੈਕ ਇਮੀਗ੍ਰੇਸ਼ਨ : ਟਰੱਸਟਡ ਟਰੈਵਲਰ ਪ੍ਰੋਗਰਾਮ ਇਮੀਗ੍ਰੇਸ਼ਨ ਨੂੰ ਸੌਖਾ, ਤੇਜ਼ ਤੇ ਮੁਸ਼ਕਲ ਰਹਿਤ ਬਣਾਉਂਦਾ ਹੈ। ਸ਼ਾਹ ਨੇ ਕਿਹਾ ਕਿ ਇਸ ਪ੍ਰੋਗਰਾਮ ਦਾ ਸਭ ਤੋਂ ਜ਼ਿਆਦਾ ਲਾਭ ਓ. ਸੀ. ਆਈ. ਕਾਰਡ ਹੋਲਡਰਾਂ ਅਤੇ ਵਿਦੇਸ਼ ਯਾਤਰਾ ਕਰਨ ਵਾਲੇ ਭਾਰਤੀ ਨਾਗਰਿਕਾਂ ਨੂੰ ਮਿਲੇਗਾ। ਹੁਣ ਤੱਕ, 3 ਲੱਖ ਲੋਕਾਂ ਨੇ ਰਜਿਸਟ?ਰੇਸ਼ਨ ਕਰਵਾਈ ਹੈ ਅਤੇ 2.65 ਲੱਖ ਲੋਕਾਂ ਨੇ ਇਸ ਸਹੂਲਤ ਦਾ ਲਾਭ ਉਠਾਇਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਪ੍ਰੋਗਰਾਮ ਤੁਰੰਤ ਇਮੀਗ੍ਰੇਸ਼ਨ ਕਲੀਅਰੈਂਸ ਨੂੰ ਯਕੀਨੀ ਬਣਾਉਂਦਾ ਹੈ ਅਤੇ ਹੁਣ ਤੱਕ ਈ-ਗੇਟਸ ਰਾਹੀਂ ਹਜ਼ਾਰਾਂ ਯਾਤਰੀਆਂ ਨੂੰ ਤੇਜ਼ੀ ਨਾਲ ਇਮੀਗ੍ਰੇਸ਼ਨ ਕਲੀਅਰੈਂਸ ਮਿਲ ਚੁੱਕੀ ਹੈ।

## ਜੇਕਰ ਮਨੁੱਖ ਆਪਣਾ ਰਵੱਈਆ 'ਮੈਂ' ਤੋਂ 'ਅਸੀਂ' 'ਚ ਬਦਲ ਲਵੇ, ਤਾਂ ਸਾਰੇ ਮੁੱਦੇ ਹੋ ਜਾਣਗੇ ਹੱਲ : ਭਾਗਵਤ

**ਕੌਮੀ ਪਤ੍ਰਿਕਾ**

ਨਾਗਪੁਰ 12 ਸਤੰਬਰ। ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਮੁਖੀ ਮੋਹਨ ਭਾਗਵਤ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਮਨੁੱਖ ਅਤੇ ਰਾਸ਼ਟਰ ਜਦੋਂ ਤੱਕ ਆਪਣੇ ਅਸਲ ਸੁਭਾਅ ਨੂੰ ਨਹੀਂ ਸਮਝਦੇ, ਉਨ੍ਹਾਂ ਨੂੰ ਉਦੋਂ ਤੱਕ



ਸਮੱਸਿਆਵਾਂ ਦਾ ਸਾਹਮਣਾ ਕਰਨਾ ਪਵੇਗਾ। ਨਾਗਪੁਰ ਵਿੱਚ ਬ੍ਰਹਮਾਕੁਮਾਰੀ ਵਿਸ਼ਵ ਸ਼ਾਂਤੀ ਸਰੋਵਰ ਦੇ ਸੱਤਵੇਂ ਸਥਾਪਨਾ ਦਿਵਸ ਸਮਾਰੋਹ ਵਿੱਚ ਬੋਲਦਿਆਂ ਭਾਗਵਤ ਨੇ ਕਿਹਾ ਕਿ ਬ੍ਰਹਮਾਕੁਮਾਰੀ ਵਾਂਗ, ਆਰ.ਐੱਸ.ਐੱਸ. ਵੀ ਅੰਦਰੂਨੀ ਚੇਤਨਾ ਨੂੰ ਜਗਾਉਣ ਦਾ ਕੰਮ ਕਰਦਾ ਹੈ। ਉਨ੍ਹਾਂ ਕਿਹਾ, ਜਦੋਂ ਤੱਕ ਮਨੁੱਖ ਅਤੇ ਕੌਮਾਂ ਆਪਣੇ ਅਸਲ ਸੁਭਾਅ ਨੂੰ ਨਹੀਂ ਸਮਝਦੀਆਂ, ਉਨ੍ਹਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਰਹੇਗਾ। ਜੇਕਰ ਅਸੀਂ ਹਮਦਰਦੀ ਦਿਖਾਉਂਦੇ ਹਾਂ ਅਤੇ ਡਰ ਨੂੰ ਦੂਰ ਕਰਦੇ ਹਾਂ, ਤਾਂ ਸਾਡਾ ਕੋਈ ਦੁਸ਼ਮਣ ਨਹੀਂ ਰਹੇਗਾ। ਭਾਗਵਤ ਨੇ ਕਿਹਾ ਕਿ ਭਾਰਤ ਮਹਾਨ ਹੈ ਅਤੇ ਭਾਰਤੀਆਂ ਨੂੰ ਵੀ ਮਹਾਨ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਵੱਡਾ ਹੈ ਅਤੇ ਉਹ ਹੋਰ ਵੱਡਾ ਬਣਨਾ ਚਾਹੁੰਦਾ ਹੈ। ਅਮਰੀਕਾ ਦਾ ਨਾਮ ਲਏ ਬਿਨਾਂ ਉਨ੍ਹਾਂ ਕਿਹਾ, ਜੇ ਦੂਸਰੇ ਸੋਚਦੇ ਹਨ ਕਿ ਜੇ ਭਾਰਤ ਵਧਦਾ ਹੈ ਅਤੇ ਤਰੱਕੀ ਕਰਦਾ ਹੈ ਤਾਂ ਸਾਡਾ ਕੀ ਹੋਵੇਗਾ... ਤਾਂ ਟੈਰਿਫ ਦਾ ਮੁੱਦਾ ਉੱਠਦਾ ਹੈ।ਆਰਐੱਸਐੱਸ ਮੁਖੀ ਨੇ ਕਿਹਾ ਕਿ ਜੇਕਰ ਮਨੁੱਖ ਆਪਣਾ ਰਵੱਈਆ ਮੈਂ ਤੋਂ ਅਸੀਂ ਵਿੱਚ ਬਦਲ ਲੈਣ, ਤਾਂ ਸਾਰੇ ਮੁੱਦੇ ਹੱਲ ਹੋ ਜਾਣਗੇ। ਉਨ੍ਹਾਂ ਕਿਹਾ, ਦੁਨੀਆਂ ਹੱਲ ਲੱਭ ਰਹੀ ਹੈ।

## ਜੀ. ਐੱਸ. ਟੀ. ਕਟੌਤੀ ਨਾਲ ਵਾਹਨ ਖੇਤਰ ਨੂੰ ਮਿਲੇਗੀ ਨਵੀਂ ਰਫਤਾਰ : ਸਿਆਮ

ਨਵੀਂ ਦਿੱਲੀ 12 ਸਤੰਬਰ। ਵਾਹਨ ਨਿਰਮਾਤਾਵਾਂ ਦੇ ਪ੍ਰਮੁੱਖ ਸੰਗਠਨ ਸਿਆਮ ਨੇ ਕਿਹਾ ਕਿ ਵਸਤੂ ਅਤੇ ਸੇਵਾ ਕਰ (ਜੀ. ਐੱਸ. ਟੀ.) ਦਰਾਂ 'ਚ ਹਾਲੀਆ ਕਟੌਤੀ ਨਾਲ ਭਾਰਤੀ ਵਾਹਨ ਖੇਤਰ 'ਚ ਵਿਕਾਸ ਨੂੰ ਨਵੀਂ ਰਫਤਾਰ ਮਿਲੇਗੀ, ਵਾਹਨ ਜ਼ਿਆਦਾ ਕਿਫਾਇਤੀ ਬਣਨਗੇ ਅਤੇ ਨਿੱਜੀ ਟਰਾਂਸਪੋਰਟ ਤਕ ਵਿਆਪਕ ਪਹੁੰਚ ਸੰਭਵ ਹੋਵੇਗੀ। ਸੋਸਾਇਟੀ ਆਫ ਇੰਡੀਅਨ ਆਟੋਮੋਬਾਈਲ ਮੈਨੂਫੈਕਚਰਰਜ਼ ਐਸੋਸੀਏਸ਼ਨ (ਸਿਆਮ) ਦੇ ਸਾਲਾਨਾ ਸੰਮੇਲਨ ਨੂੰ ਸੰਬੋਧਿਤ ਕਰਦੇ ਹੋਏ ਇਸ ਦੇ ਪ੍ਰਧਾਨ ਸ਼ੈਲੇਸ਼ ਚੰਦਰਾ ਨੇ ਸਰਕਾਰ ਦੇ ਕੁਝ ਪ੍ਰਕਿਰਿਆਤਮਕ ਮੁੱਦਿਆਂ 'ਚ ਉਚਿਤ ਸੋਧ ਕਰਨ ਦੇ ਕਦਮ ਦਾ ਸਵਾਗਤ ਕੀਤਾ, ਜਿਸ ਨਾਲ ਕਾਰੋਬਾਰ ਸਰਲਤਾ ਨੂੰ ਉਤਸ਼ਾਹ ਦੇਣ 'ਚ ਕਾਫੀ ਮਦਦ ਮਿਲੇਗੀ। ਚੰਦਰਾ ਨੇ ਕਿਹਾ,"ਵਾਹਨਾਂ 'ਤੇ ਜੀ. ਐੱਸ. ਟੀ. ਦਰਾਂ ਨੂੰ ਘੱਟ ਕਰਨ ਦੇ ਹਾਲੀਆ ਇਤਿਹਾਸਕ ਫੈਸਲੇ ਲਈ ਅਸੀਂ ਭਾਰਤ ਸਰਕਾਰ ਦੇ ਬੇਹੱਦ ਅਹਿਸਾਨਮੰਦ ਹਾਂ। ਇਸ ਨਾਲ ਖਪਤਕਾਰਾਂ ਨੂੰ ਫਾਇਦਾ ਹੋਵੇਗਾ ਅਤੇ ਵਾਹਨ ਖੇਤਰ ਨੂੰ ਨਵੀਂ ਰਫਤਾਰ ਮਿਲੇਗੀ। ਉਨ੍ਹਾਂ ਅੱਗੇ ਕਿਹਾ,"ਵਾਹਨਾਂ ਨੂੰ ਜ਼ਿਆਦਾ ਕਿਫਾਇਤੀ ਬਣਾਉਣ ਨਾਲ ਵਿਸ਼ੇਸ਼ ਤੌਰ 'ਤੇ ਪ੍ਰਵੇਸ਼ ਪੱਧਰ ਦੇ ਸੈਕਟਰ 'ਚ ਪਹਿਲੀ ਵਾਰ ਵਾਹਨ ਖਰੀਦਣ ਵਾਲਿਆਂ ਅਤੇ ਮੱਧ ਕਮਾਈ ਵਾਲੇ ਪਰਿਵਾਰਾਂ ਨੂੰ ਕਾਫੀ ਲਾਭ ਹੋਵੇਗਾ, ਜਿਸ ਨਾਲ ਨਿੱਜੀ ਟਰਾਂਸਪੋਰਟ ਤਕ ਵਿਆਪਕ ਪਹੁੰਚ ਸੰਭਵ ਹੋਵੇਗੀ। ਉਨ੍ਹਾਂ ਦੱਸਿਆ ਕਿ ਪਿਛਲੇ ਵਿੱਤੀ ਸਾਲ 'ਚ ਭਾਰਤੀ ਵਾਹਨ ਉਦਯੋਗ ਨੇ ਘਰੇਲੂ ਬਾਜ਼ਾਰਾਂ ਦੇ ਨਾਲ-ਨਾਲ ਬਰਾਮਦ 'ਚ ਵੀ ਆਪਣਾ ਸਥਿਰ ਪ੍ਰਦਰਸ਼ਨ ਜਾਰੀ ਰੱਖਿਆ। ਯਾਤਰੀ ਵਾਹਨਾਂ ਦੀ ਵਿਕਰੀ 43 ਲੱਖ ਇਕਾਈਆਂ ਦੇ ਆਪਣੇ ਹੁਣ ਤਕ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ।

## ਆਪ੍ਰੇਸ਼ਨ ਸਿੰਦੂਰ, ਹੜ੍ਹ ਤੇ ਅੱਤਵਾਦ ਪੀੜਤਾਂ ਦੀ ਮਦਦ ਲਈ ਅੱਗੇ ਆਈ ਰੇਂਜ ਰੂਰਲ ਡਿਵੈਲਪਮੈਂਟ ਸੋਸਾਇਟੀ ਇੰਡੀਆ

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 12 ਸਤੰਬਰ। ਹਾਈ-ਰੇਂਜ ਰੂਰਲ ਡਿਵੈਲਪਮੈਂਟ ਸੋਸਾਇਟੀ ਨੇ ਅੱਜ ਜੰਮੂ ਦੇ ਡਿਵੀਜ਼ਨਲ



ਕਮਿਸ਼ਨਰ ਅਤੇ ਕਸ਼ਮੀਰ ਦੇ ਡਿਵੀਜ਼ਨਲ ਕਮਿਸ਼ਨਰ ਨਾਲ ਆਪਰੇਸ਼ਨ ਸਿੰਦੂਰ ਤੇ ਜੰਮੂ-ਕਸ਼ਮੀਰ ਵਿੱਚ ਹਾਲ ਹੀ 'ਚ ਆਏ ਹੜ੍ਹਾਂ ਦੌਰਾਨ ਨੁਕਸਾਨੇ ਗਏ ਘਰਾਂ ਦੀ ਉਸਾਰੀ ਲਈ ਇੱਕ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ। ਇਹ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਦੀ ਇੱਕ ਪਹਿਲ ਹੈ ਤੇ ਕੁਦਰਤੀ ਆਫ਼ਤਾਂ ਅਤੇ ਨਾਗਰਿਕ ਆਬਾਦੀ 'ਤੇ ਦੁਸ਼ਮਣ ਦੁਆਰਾ ਬਿਨਾਂ ਕਿਸੇ ਭੜਕਾਹਟ ਦੇ ਕੀਤੀ ਗਈ ਗੋਲੀਬਾਰੀ ਤੋਂ ਪ੍ਰਭਾਵਿਤ ਲੋਕਾਂ ਦੇ ਭਵਿੱਖ ਨੂੰ ਸਸ਼ਕਤ ਬਣਾਉਣ ਅਤੇ ਸੁਰੱਖਿਅਤ ਕਰਨ ਦੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ। ਰਾਜ ਭਵਨ ਵਿਖੇ ਸਮਝੌਤਾ ਪੱਤਰ 'ਤੇ ਹਸਤਾਖਰ ਸਮਾਰੋਹ ਦੀ ਪ੍ਰਧਾਨਗੀ ਲੈਫਟੀਨੈਂਟ ਗਵਰਨਰ ਨੇ ਕੀਤੀ। ਉਨ੍ਹਾਂ ਨੇ ਰੇਂਜ ਰੂਰਲ ਡਿਵੈਲਪਮੈਂਟ ਸੋਸਾਇਟੀ ਇੰਡੀਆ ਦੇ ਇਸ ਉੱਤਮ ਯਤਨ ਦੀ ਸ਼ਲਾਘਾ ਕੀਤੀ। ਰੇਂਜ ਰੂਰਲ ਡਿਵੈਲਪਮੈਂਟ ਸੋਸਾਇਟੀ ਇੰਡੀਆ ਕੇਂਦਰ ਸ਼ਾਸਤ ਪ੍ਰਦੇਸ਼ ਵਿੱਚ 1500 ਮੁਫ਼ਤ ਘਰ ਬਣਾਏਗਾ। ਇਨ੍ਹਾਂ 3-ਬੈੱਡਰੂਮ ਵਾਲੇ ਘਰਾਂ ਨੂੰ ਸਮਾਰਟ ਹਾਊਸ ਵਜੋਂ ਡਿਜ਼ਾਈਨ ਅਤੇ ਬਣਾਇਆ ਜਾਵੇਗਾ, ਜਿਸ ਵਿੱਚ ਆਰਾਮ ਅਤੇ ਸੁਰੱਖਿਆ ਲਈ ਆਧੁਨਿਕ ਵਿਸ਼ੇਸ਼ਤਾਵਾਂ ਸ਼ਾਮਲ ਹਨ। ਉਪ ਰਾਜਪਾਲ ਨੇ ਕਿਹਾ, "ਘਰਾਂ ਦੀ ਉਸਾਰੀ ਸਿਰਫ਼ ਢਾਂਚਿਆਂ ਨੂੰ ਉਸਾਰਨ ਤੋਂ ਕਿਤੇ ਵੱਧ ਹੈ। ਇਹ ਪ੍ਰਭਾਵਿਤ ਪਰਿਵਾਰਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ, ਇੱਕ ਨਵੀਂ ਸ਼ੁਰੂਆਤ ਕਰਨ ਅਤੇ ਉਨ੍ਹਾਂ ਦੇ ਜੀਵਨ ਵਿੱਚ ਇੱਕ ਨਵਾਂ ਅਧਿਆਇ ਜੋੜਨ ਬਾਰੇ ਹੈ। ਮਨੁੱਖੀ ਨੁਕਸਾਨ ਇੰਨਾ ਡੂੰਘਾ ਅਤੇ ਵਿਨਾਸ਼ਕਾਰੀ ਹੈ ਕਿ ਇਸਦਾ ਮੁਲਾਂਕਣ ਨਹੀਂ ਕੀਤਾ ਜਾ ਸਕਦਾ, ਪਰ ਇਹ ਪਹਿਲਕਦਮੀ ਨਿਸ਼ਚਤ ਤੌਰ 'ਤੇ ਉਨ੍ਹਾਂ ਦੇ ਦੁੱਖਾਂ ਨੂੰ ਘੱਟ ਕਰੇਗੀ। ਇਸ ਪਹਿਲਕਦਮੀ ਦੇ ਤਹਿਤ, ਐਚਆਰਡੀਐਸ ਇੰਡੀਆ ਅਤੇ ਦੋਵਾਂ ਡਿਵੀਜ਼ਨਾਂ ਦੇ ਡਿਵੀਜ਼ਨਲ ਕਮਿਸ਼ਨਰ ਅੱਤਵਾਦ ਪ੍ਰਭਾਵਿਤ ਪਰਿਵਾਰਾਂ ਦੀ ਵੀ ਪਛਾਣ ਕਰਨਗੇ ਜਿਨ੍ਹਾਂ ਦੇ ਘਰ ਅੱਤਵਾਦੀਆਂ ਦੁਆਰਾ ਤਬਾਹ ਕਰ ਦਿੱਤੇ ਗਏ ਸਨ। ਪਰਿਵਾਰ ਦੇ ਸਾਰੇ ਮੈਂਬਰਾਂ ਨੂੰ 15 ਸਾਲਾਂ ਦਾ ਜੀਵਨ ਬੀਮਾ ਕਵਰੇਜ ਪ੍ਰਦਾਨ ਕਰਨ ਤੋਂ ਇਲਾਵਾ, ਐਚਆਰਡੀਐਸ ਇੰਡੀਆ ਹਰ ਘਰ ਲਈ ਮਹੀਨਾਵਾਰ ਸਿਹਤ ਜਾਂਚ ਅਤੇ ਡਿਜੀਟਲ ਕਨੈਕਟੀਵਿਟੀ ਯਕੀਨੀ ਬਣਾਏਗਾ। ਆਪਣੀ ਵਿਸਤ੍ਰਿਤ ਵਚਨਬੱਧਤਾ ਦੇ ਹਿੱਸੇ ਵਜੋਂ, ਐਚਆਰਡੀਐਸ ਇੰਡੀਆ, ਬੀਐੱਸਐੱਨਐੱਲ ਦੇ ਸਹਿਯੋਗ ਨਾਲ, ਸਿੱਖਿਆ, ਸੰਚਾਰ ਅਤੇ ਡਿਜੀਟਲ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਸਾਰੇ ਲਾਭਪਾਤਰੀ ਪਰਿਵਾਰਾਂ ਨੂੰ ਮੁਫਤ ਇੰਟਰਨੈੱਟ ਸਹੂਲਤ ਪ੍ਰਦਾਨ ਕਰੇਗਾ। ਸਿਖਲਾਈ ਪ੍ਰਾਪਤ ਐਚਆਰਡੀਐਸ ਇੰਡੀਆ ਦੇ ਵਲੰਟੀਅਰ ਲਾਭਪਾਤਰੀਆਂ ਨਾਲ ਸਬੰਧਤ ਨਵੀਆਂ ਸਰਕਾਰੀ ਯੋਜਨਾਵਾਂ ਬਾਰੇ ਜਾਣਕਾਰੀ ਫੈਲਾਉਣ ਲਈ ਹਰ ਮਹੀਨੇ ਹਰੇਕ ਲਾਭਪਾਤਰੀ ਪਰਿਵਾਰ ਦਾ ਦੌਰਾ ਕਰਨਗੇ। ਉਹ ਸਿਹਤ, ਸਿੱਖਿਆ, ਸਫਾਈ ਅਤੇ ਰੋਕਥਾਮ ਦੇਖਭਾਲ ਬਾਰੇ ਮੁਫਤ ਜਾਗਰੂਕਤਾ ਸੈਸ਼ਨ ਕਰਨਗੇ। ਸਐਚਆਰਡੀਐਸ ਇੰਡੀਆ ਹਰ ਪੰਜ ਸਾਲਾਂ ਬਾਅਦ ਹਰੇਕ ਲਾਭਪਾਤਰੀ ਦੇ ਘਰ ਨੂੰ ਬਿਨਾਂ ਕਿਸੇ ਕੀਮਤ ਦੇ ਦੁਬਾਰਾ ਰੰਗੇਗਾ। ਲੈਫਟੀਨੈਂਟ ਗਵਰਨਰ ਦੇ ਪ੍ਰਮੁੱਖ ਸਕੱਤਰ ਡਾ. ਮਨਦੀਪ ਕੇ ਭੰਡਾਰੀ, ਜੰਮੂ ਦੇ ਡਿਵੀਜ਼ਨਲ ਕਮਿਸ਼ਨਰ ਰਮੇਸ਼ ਕੁਮਾਰ, ਕਸ਼ਮੀਰ ਦੇ ਡਿਵੀਜ਼ਨਲ ਕਮਿਸ਼ਨਰ ਅੰਸ਼ੁਲ ਗਰਗ, ਐਚਆਰਡੀਐਸ ਇੰਡੀਆ ਦੇ ਸੰਸਥਾਪਕ-ਸਕੱਤਰ ਅਜੀ ਕ੍ਰਿਸ਼ਨਨ, ਪ੍ਰਸ਼ਾਸਕ ਸਰਿਤਾ ਪੀ ਮੈਨਨ, ਕਾਰਪੋਰੇਟ ਸਪਾਂਸਰਸ਼ਿਪ ਦੇ ਡਾਇਰੈਕਟਰ ਸਵਰਾਜ ਕੁਮਾਰ ਜੀ ਅਤੇ ਗਲੋਬਲ ਇਨੀਸ਼ੀਏਟਿਵਜ਼ ਐਚਆਰਡੀਐਸ ਇੰਡੀਆ ਦੇ ਪ੍ਰਧਾਨ ਸੰਜੀਵ ਭਟਨਾਗਰ ਐਮਓਯੂ ਦਸਤਖਤ ਸਮਾਰੋਹ ਦੌਰਾਨ ਮੌਜੂਦ ਸਨ।

## ਪੰਜਾਬ ਸਰਕਾਰ ਵੱਲੋਂ ਕਿਸਾਨਾਂ ਲਈ ਕਰੋੜਾਂ ਰੁਪਏ ਦੀ ਰਾਸ਼ੀ ਜਾਰੀ

ਚੰਡੀਗੜ੍ਹ 12 ਸਤੰਬਰ। ਪੰਜਾਬ ਦੇ ਕਿਸਾਨ ਭਾਈਚਾਰੇ ਦੀ ਵਿੱਤੀ ਭਲਾਈ ਵੱਲ ਇਕ ਫੈਸਲਾਕੁੰਨ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਅੱਜ ਇਥੇ ਐਲਾਨ ਕੀਤਾ ਕਿ ਸੂਬਾ ਸਰਕਾਰ, ਜਿਸਨੇ ਦੇਸ਼ ਭਰ ਵਿਚ ਸਭ ਤੋਂ ਵੱਧ 401 ਰੁਪਏ ਪ੍ਰਤੀ ਕੁਇੰਟਲ ਗੰਨੇ ਦੀ ਖਰੀਦ ਦਰ ਦੀ ਪੇਸ਼ਕਸ਼ ਕੀਤੀ, ਵੱਲੋਂ ਸਾਲ 2024-25 ਦੇ ਪਿੜਾਈ ਸੀਜ਼ਨ ਲਈ ਗੰਨੇ ਦੀ ਅਦਾਇਗੀ ਲਈ 679.37 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ। ਇੱਥੇ ਜਾਰੀ ਇਕ ਪ੍ਰੈਸ ਬਿਆਨ ਵਿਚ, ਵਿੱਤ ਮੰਤਰੀ ਨੇ ਕਿਹਾ ਕਿ ਸੂਬੇ ਦੀਆਂ 9 ਸਹਿਕਾਰੀ ਮਿੱਲਾਂ ਨੂੰ ਗੰਨਾ ਮਿੱਲਾਂ, ਜਿਨ੍ਹਾਂ ਵੱਲੋਂ ਸੀਜ਼ਨ ਦੌਰਾਨ ਕੁੱਲ 194.66 ਲੱਖ ਕੁਇੰਟਲ ਗੰਨੇ ਦੀ ਪੀੜਾਈ ਕੀਤੀ ਕੀਤੀ ਗਈ, ਨੂੰ ਗੰਨਾ ਸਪਲਾਈ ਕਰਨ ਵਾਲੇ ਰਾਜ ਭਰ ਦੇ 18,771 ਕਿਸਾਨਾਂ ਨੂੰ ਇਸ ਅਦਾਇਗੀ ਦਾ ਲਾਭ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ 401 ਰੁਪਏ ਪ੍ਰਤੀ ਕੁਇੰਟਲ ਦੀ ਅਦਾਇਗੀ ਦਰ ਦੇ ਹਿਸਾਬ ਨਾਲ ਕਿਸਾਨਾਂ ਦਾ ਕੁੱਲ ਬਕਾਇਆ 779.86 ਕਰੋੜ ਰੁਪਏ ਸੀ ਅਤੇ ਬਾਕੀ ਰਹਿੰਦੇ 100.49 ਕਰੋੜ ਰੁਪਏ ਦੀ ਅਦਾਇਗੀ ਵੀ ਇਸ ਸਬੰਧੀ ਕੇਂਦਰੀ ਸਹਾਇਤਾ ਪ੍ਰਾਪਤ ਹੋਣ 'ਤੇ ਜਲਦੀ ਹੀ ਕਰ ਦਿੱਤੀ ਜਾਵੇਗੀ। ਵਿੱਤ ਮੰਤਰੀ ਨੇ ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ 87 ਫੀਸਦੀ ਤੋਂ ਵੱਧ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ 9 ਸਹਿਕਾਰੀ ਖੰਡ ਮਿੱਲਾਂ ਵਿਚੋਂ ਅਜਨਾਲਾ ਲਈ 10 ਮਾਰਚ ਤੱਕ, ਬਟਾਲਾ ਲਈ 18 ਮਾਰਚ, ਭੋਗਪੁਰ ਲਈ 27 ਮਾਰਚ, ਬੁੱਢੇਵਾਲ ਲਈ 13 ਮਾਰਚ, ਫਾਜ਼ਿਲਕਾ ਲਈ 1 ਮਾਰਚ, ਗੁਰਦਾਸਪੁਰ ਲਈ 25 ਮਾਰਚ, ਮੋਰਿੰਡਾ ਲਈ 30 ਮਾਰਚ, ਨਵਾਂਸ਼ਹਿਰ ਲਈ 31 ਮਾਰਚ ਅਤੇ ਨਕੋਦਰ ਲਈ 22 ਫਰਵਰੀ ਤੱਕ ਗੰਨੇ ਦੀ ਖਰੀਦ ਦੇ ਬਕਾਏ ਕਲੀਅਰ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਸਮੇਂ ਸਿਰ ਭੁਗਤਾਨ



ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਗੰਨਾ ਉਤਪਾਦਕਾਂ ਦੀ ਵਿੱਤੀ ਸਥਿਰਤਾ ਨੂੰ ਤਰਜੀਹ ਦਿੰਦਿਆਂ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਦੇਸ਼ ਦੇ ਅੰਨ ਭੰਡਾਰ ਵਿਚ ਯੋਗਦਾਨ ਪਾਉਣ ਵਾਲਿਆਂ ਦੇ ਮਾਣ ਸਤਕਾਰ ਨੂੰ ਬਹਾਲ ਰੱਖਣ ਅਤੇ ਇਕ ਲਚਕੀਲੇ ਖੇਤੀਬਾੜੀ ਅਰਥਚਾਰੇ ਨੂੰ ਉਤਸ਼ਾਹਿਤ ਕਰਨ ਦੀ ਨੀਤੀ ਦਾ ਪ੍ਰਮਾਣ ਹੈ।

# ਸੀਪੀ ਰਾਧਾਕ੍ਰਿਸ਼ਨਨ ਨੇ ਉਪ ਰਾਸ਼ਟਰਪਤੀ ਵਜੋਂ ਚੁੱਕੀ ਸਹੁੰ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 12 ਸਤੰਬਰ। ਚੰਦਰਪੁਰਮ ਪੋਨੂਸਾਮੀ ਰਾਧਾਕ੍ਰਿਸ਼ਨਨ ਨੇ ਸ਼ੁੱਕਰਵਾਰ ਨੂੰ ਦੇਸ਼ ਦੇ 15ਵੇਂ ਉਪ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ ਵਿਖੇ ਆਯੋਜਿਤ ਇੱਕ ਸਮਾਰੋਹ ਵਿੱਚ ਰਾਧਾਕ੍ਰਿਸ਼ਨਨ ਨੂੰ ਅਹੁਦੇ ਦੀ ਸਹੁੰ ਚੁਕਾਈ। ਇਸ ਤੋਂ ਪਹਿਲਾਂ ਰਾਧਾਕ੍ਰਿਸ਼ਨਨ ਦੀ ਉਪ ਰਾਸ਼ਟਰਪਤੀ ਵਜੋਂ ਚੋਣ ਸੰਬੰਧੀ ਚੋਣ ਕਮਿਸ਼ਨ ਦਾ ਸਰਟੀਫਿਕੇਟ ਪੜ੍ਹ ਕੇ ਸੁਣਾਇਆ ਗਿਆ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ, ਸਾਬਕਾ ਉਪ ਰਾਸ਼ਟਰਪਤੀ ਜਗਦੀਪ ਧਨਖੜ, ਵੈਂਕਈਆ ਨਾਇਡੂ, ਹਾਮਿਦ ਅੰਸਾਰੀ, ਲੋਕ ਸਭਾ ਸਪੀਕਰ ਓਮ ਬਿਰਲਾ, ਰੱਖਿਆ ਮੰਤਰੀ ਰਾਜਨਾਥ ਸਿੰਘ, ਗ੍ਰਹਿ ਮੰਤਰੀ ਅਮਿਤ ਸ਼ਾਹ, ਕੇਂਦਰੀ ਮੰਤਰੀ ਪ੍ਰਕਾਸ਼ ਨੱਡਾ, ਨਿਤਿਨ ਗਡਕਰੀ ਅਤੇ ਕਈ ਹੋਰ ਕੇਂਦਰੀ ਮੰਤਰੀ ਅਤੇ ਕਈ ਪਤਵੰਤੇ ਮੌਜੂਦ ਸਨ। ਉਪ ਰਾਸ਼ਟਰਪਤੀ ਦੀ ਚੋਣ 9 ਸਤੰਬਰ ਨੂੰ ਧਨਖੜ ਦੇ ਸਿਹਤ ਕਾਰਨਾਂ ਕਰ ਕੇ ਅਸਤੀਫਾ ਦੇਣ ਤੋਂ ਬਾਅਦ ਹੋਈ ਸੀ। ਇਸ ਚੋਣ ਵਿੱਚ ਰਾਧਾਕ੍ਰਿਸ਼ਨਨ ਜੋ ਕੇਂਦਰ ਵਿੱਚ ਸੱਤਾਧਾਰੀ ਰਾਸ਼ਟਰੀ ਲੋਕਤੰਤਰੀ ਗਠਜੋੜ (ਐਨਡੀਏ) ਦੇ ਉਮੀਦਵਾਰ ਸਨ, ਨੂੰ ਚੁਣੇ ਹੋਏ ਘੋਸ਼ਿਤ ਕੀਤਾ ਗਿਆ ਸੀ। ਉਨ੍ਹਾਂ ਨੇ ਵਿਰੋਧੀ ਉਮੀਦਵਾਰ ਬੀ ਸੁਦਰਸ਼ਨ ਰੈਡੀ ਨੂੰ 152 ਵੋਟਾਂ ਦੇ ਵੱਡੇ ਫਰਕ ਨਾਲ ਹਰਾਇਆ। ਰਾਧਾਕ੍ਰਿਸ਼ਨਨ ਹੁਣ ਤੱਕ ਮਹਾਰਾਸ਼ਟਰ ਦੇ ਰਾਜਪਾਲ ਸਨ।



4 ਮਈ 1957 ਨੂੰ ਤਾਮਿਲਨਾਡੂ ਦੇ ਤਿਰੂਪੁਰ ਵਿੱਚ ਜਨਮੇ ਰਾਧਾਕ੍ਰਿਸ਼ਨਨ ਵਪਾਰ ਪ੍ਰਸ਼ਾਸਨ ਵਿੱਚ ਗ੍ਰੈਜੂਏਟ ਹਨ। ਉਨ੍ਹਾਂ ਨੇ ਆਪਣਾ ਜਨਤਕ ਜੀਵਨ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) ਦੇ ਇੱਕ ਵਲੰਟੀਅਰ ਵਜੋਂ ਸ਼ੁਰੂ ਕੀਤਾ ਸੀ ਅਤੇ ਹੁਣ ਉਹ ਦੇਸ਼ ਦੇ ਉਪ ਰਾਸ਼ਟਰਪਤੀ ਚੁਣੇ ਗਏ ਹਨ। ਇਸ ਦੌਰਾਨ ਸਾਬਕਾ ਉਪ ਰਾਸ਼ਟਰਪਤੀ ਜਗਦੀਪ ਧਨਖੜ ਵੀ ਅਸਤੀਫਾ ਦੇਣ ਤੋਂ 53 ਦਿਨ ਬਾਅਦ ਨਜ਼ਰ ਆਏ। ਤਤਕਾਲੀ ਉਪ-ਰਾਸ਼ਟਰਪਤੀ ਜਗਦੀਪ ਧਨਖੜ ਵੱਲੋਂ 21 ਜੁਲਾਈ ਨੂੰ ਅਚਾਨਕ ਅਸਤੀਫਾ ਦਿੱਤੇ ਜਾਣ ਕਾਰਨ ਇਹ ਚੋਣ ਕਰਵਾਈ ਗਈ। ਉਪ-ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਰਾਧਾਕ੍ਰਿਸ਼ਨਨ ਨੇ ਵੀਰਵਾਰ ਨੂੰ ਮਹਾਰਾਸ਼ਟਰ ਦੇ ਰਾਜਪਾਲ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਰਾਸ਼ਟਰਪਤੀ ਦਫਤਰ ਵੱਲੋਂ ਜਾਰੀ ਇਕ ਬਿਆਨ 'ਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਮੁਰਮੂ ਨੇ ਗੁਜਰਾਤ ਦੇ ਰਾਜਪਾਲ ਆਚਾਰਿਆ ਦੇਵਵ?ਰਤ ਨੂੰ ਮਹਾਰਾਸ਼ਟਰ ਦੇ ਰਾਜਪਾਲ ਦਾ ਵਾਧੂ ਚਾਰਜ ਸੌਂਪਿਆ ਹੈ।

## ਉੱਚ ਸੁਰੱਖਿਆ ਜ਼ੋਨ 'ਚ ਫੋਟੋਗ੍ਰਾਫੀ ਅਤੇ ਰੀਲਾਂ ਬਣਾਉਣ 'ਤੇ ਅਦਾਲਤ ਨੇ ਲਾਈ ਪਾਬੰਦੀ

ਨਵੀਂ ਦਿੱਲੀ 12 ਸਤੰਬਰ। ਸੁਪਰੀਮ ਕੋਰਟ ਨੇ ਆਪਣੇ ਮੁੱਖ ਅਹਾਤੇ ਨੂੰ ਉੱਚ ਸੁਰੱਖਿਆ ਜ਼ੋਨ ਐਲਾਨੇ ਜਾਣ 'ਤੇ ਫੋਟੋਗ੍ਰਾਫੀ, ਸੋਸ਼ਲ ਮੀਡੀਆ ਰੀਲ ਬਣਾਉਣ ਅਤੇ ਵੀਡੀਓਗ੍ਰਾਫੀ 'ਤੇ ਪਾਬੰਦੀ ਲਗਾ ਦਿੱਤੀ ਹੈ। 10 ਸਤੰਬਰ ਨੂੰ ਜਾਰੀ ਕੀਤੇ ਗਏ ਇੱਕ ਸਰਕੂਲਰ ਵਿੱਚ ਸੁਪਰੀਮ ਕੋਰਟ ਨੇ ਮੀਡੀਆ ਵਿਅਕਤੀਆਂ ਨੂੰ ਨਿਰਧਾਰਤ ਲਾਅਨ ਖੇਤਰ ਤੋਂ ਇੰਟਰਵਿਊ ਕਰਨ ਅਤੇ ਖ਼ਬਰਾਂ ਦਾ ਸਿੱਧਾ ਪ੍ਰਸਾਰਣ ਕਰਨ ਲਈ ਕਿਹਾ, ਜੋ ਕਿ ਘੱਟ ਸੁਰੱਖਿਆ ਵਾਲਾ ਖੇਤਰ ਹੈ। ਸਰਕੂਲਰ ਵਿੱਚ ਕਿਹਾ ਗਿਆ, ਉੱਚ ਸੁਰੱਖਿਆ ਜ਼ੋਨ ਦੇ ਲਾਅਨ ਵਿੱਚ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਲਈ ਮੋਬਾਈਲ ਫੋਨ ਦੀ ਵਰਤੋਂ ਦੀ ਮਨਾਹੀ ਹੈ। ਸਰਕਾਰੀ ਵਰਤੋਂ ਨੂੰ ਛੱਡ ਕੇ, ਉੱਚ ਸੁਰੱਖਿਆ ਜ਼ੋਨ ਵਿੱਚ ਵੀਡੀਓਗ੍ਰਾਫੀ, ਰੀਲਾਂ ਬਣਾਉਣ ਅਤੇ ਫੋਟੋਆਂ ਖਿੱਚਣ ਲਈ ਵਰਤੇ ਜਾਣ ਵਾਲੇ ਕੈਮਰੇ, ਟ?ਰਾਈਪੌਡ, ਸੈਲਫੀ-ਸਟਿੱਕ ਆਦਿ ਵਰਗੇ ਉਪਕਰਣਾਂ ਦੀ ਮਨਾਹੀ ਹੋਵੇਗੀ। ਇਸ ਵਿੱਚ ਕਿਹਾ ਗਿਆ, ਜੇਕਰ ਕਿਸੇ ਵੀ ਵਕੀਲ, ਮੁਕੱਦਮੇਬਾਜ਼, ਸਿਖਿਆਰਥੀ ਜਾਂ ਕਾਨੂੰਨ ਕਲਰਕ ਦੁਆਰਾ ਉਪਰੋਕਤ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕੀਤੀ ਜਾਂਦੀ ਹੈ, ਤਾਂ ਸਬੰਧਤ ਬਾਰ ਐਸੋਸੀਏਸ਼ਨ ਜਾਂ ਸਬੰਧਤ ਰਾਜ ਬਾਰ ਕੌਂਸਲ ਆਪਣੇ ਨਿਯਮਾਂ ਅਤੇ ਨਿਯਮਾਂ ਅਨੁਸਾਰ ਉਲੰਘਣਾ ਕਰਨ ਵਾਲੇ ਵਿਰੁੱਧ ਢੁਕਵੀਂ ਕਾਰਵਾਈ ਕਰੇਗੀ। ਸਰਕੂਲਰ ਦੇ ਅਨੁਸਾਰ ਜੇਕਰ ਮੀਡੀਆ ਕਰਮਚਾਰੀ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਕਰਦੇ ਹਨ, ਤਾਂ ਸੁਪਰੀਮ ਕੋਰਟ ਦੇ ਉੱਚ ਸੁਰੱਖਿਆ ਜ਼ੋਨ ਤੱਕ ਉਨ੍ਹਾਂ ਦੀ ਪਹੁੰਚ ਇੱਕ ਮਹੀਨੇ ਦੀ ਮਿਆਦ ਲਈ ਸੀਮਤ ਕੀਤੀ ਜਾ ਸਕਦੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸਟਾਫ ਜਾਂ ਰਜਿਸਟਰੀ ਵੱਲੋਂ ਕੀਤੀ ਗਈ ਕਿਸੇ ਵੀ ਉਲੰਘਣਾ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਹੋਰ ਹਿੱਸੇਦਾਰਾਂ ਦੇ ਮਾਮਲੇ ਵਿੱਚ ਸਬੰਧਤ ਵਿਭਾਗ ਦੇ ਮੁਖੀ ਨੂੰ ਉਨ੍ਹਾਂ ਦੇ ਨਿਯਮਾਂ ਅਤੇ ਨਿਯਮਾਂ ਅਨੁਸਾਰ ਉਲੰਘਣਾ ਕਰਨ ਵਾਲੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨ ਦੀ ਬੇਨਤੀ ਕੀਤੀ ਜਾਵੇਗੀ।

# ਬਠਿੰਡਾ 'ਚ ਹਾਈ ਪ੍ਰੋਫਾਈਲ ਸਾਈਬਰ ਧੋਖਾਧੜੀ, ਕੰਪਨੀ ਦੇ ਖ਼ਾਤੇ 'ਚੋਂ 37 ਲੱਖ ਚੋਰੀ

**ਕੌਮੀ ਪਤ੍ਰਿਕਾ**

ਬਠਿੰਡਾ 12 ਸਤੰਬਰ। ਸ਼ਹਿਰ ਦੇ ਸਾਈਬਰ ਠੱਗਾਂ ਨੇ ਇੱਕ ਵੱਡੀ ਕਾਲੋਨਾਈਜ਼ਰ ਕੰਪਨੀ ਦੇ ਨਾਂ 'ਤੇ ਕਰੋੜਾਂ ਰੁਪਏ ਦੀ ਠੱਗੀ ਮਾਰਨ ਦੀ ਕੋਸ਼ਿਸ਼ ਕੀਤੀ ਅਤੇ ਬੈਂਕ ਅਧਿਕਾਰੀਆਂ ਨੂੰ ਧੋਖਾ ਦੇ ਕੇ ਫਰਜ਼ੀ ਭਾਈਵਾਲ ਬਣ ਕੇ ਕੰਪਨੀ ਦੇ ਖਾਤੇ ਵਿੱਚੋਂ 37 ਲੱਖ ਰੁਪਏ ਟਰਾਂਸਫਰ ਕੀਤੇ। ਇਹ ਧੋਖਾਧੜੀ ਇੰਨੀ ਚਲਾਕੀ ਨਾਲ ਕੀਤੀ ਗਈ ਕਿ ਬੈਂਕ ਅਧਿਕਾਰੀਆਂ ਨੂੰ ਵੀ ਲੰਬੇ ਸਮੇਂ ਤੱਕ ਇਸਦਾ ਅਹਿਸਾਸ ਨਹੀਂ ਹੋਇਆ। ਮਾਮਲਾ ਉਦੋਂ ਸਾਹਮਣੇ ਆਇਆ, ਜਦੋਂ ਕੰਪਨੀ ਦੇ ਹੋਰ ਭਾਈਵਾਲਾਂ ਨੂੰ ਡੈਬਿਟ ਸੁਨੇਹੇ ਮਿਲੇ ਅਤੇ ਉਨ੍ਹਾਂ ਨੇ ਤੁਰੰਤ ਬੈਂਕ ਨਾਲ ਸੰਪਰਕ ਕੀਤਾ। ਪੁਲਸ ਨੇ ਇਸ ਪੂਰੇ ਮਾਮਲੇ 'ਚ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਿਵਲ ਲਾਈਨਜ਼ ਥਾਣੇ ਨੂੰ ਦਿੱਤੀ ਸ਼ਿਕਾਇਤ ਵਿੱਚ, ਗ੍ਰੀਨ ਸਿਟੀ ਬਠਿੰਡਾ ਦੇ ਰਹਿਣ ਵਾਲੇ ਬੈਂਕ ਮੈਨੇਜਰ ਅਕਰਸ਼ਿਤ ਕੁਮਾਰ ਨੇ ਕਿਹਾ ਕਿ ਪਾਇਨੀਅਰ ਐਸੋਸੀਏਟਸ ਫਰਮ ਦਾ ਉਸਦੇ ਬੈਂਕ ਵਿੱਚ RERA ਖਾਤਾ ਹੈ। ਇਹ ਖਾਤਾ ਫਰਮ ਦੇ ਭਾਈਵਾਲ ਪ੍ਰਣਵ ਗੁਪਤਾ, ਵਰੁਣ ਗਰਗ ਅਤੇ ਧਰੁਵ ਗੁਪਤਾ ਵਲੋਂ ਚਲਾਇਆ ਜਾਂਦਾ ਹੈ। ਬੈਂਕਿੰਗ ਨਿਯਮਾਂ ਅਨੁਸਾਰ ਇਹ ਭਾਈਵਾਲ ਸਮੇਂ-ਸਮੇਂ 'ਤੇ ਬੈਂਕ ਅਧਿਕਾਰੀਆਂ ਨਾਲ ਖ਼ਾਤੇ ਨਾਲ ਸਬੰਧਿਤ ਕੰਮ ਜਿਵੇਂ ਕਿ ਐੱਫ. ਡੀ. ਕਰਨਾ, ਲੈਣ-ਦੇਣ ਆਦਿ ਲਈ ਫ਼ੋਨ 'ਤੇ ਸੰਪਰਕ ਕਰਦੇ ਰਹਿੰਦੇ ਹਨ ਅਤੇ ਕਈ ਵਾਰ ਕੰਮ ਸਿਰਫ਼ ਟੈਲੀਫ਼ੋਨ 'ਤੇ ਹੀ ਕੀਤਾ ਜਾਂਦਾ ਹੈ। 30 ਅਗਸਤ ਨੂੰ ਸ਼ਾਮ 4 ਵਜੇ ਦੇ ਕਰੀਬ ਬੈਂਕ ਮੈਨੇਜਰ ਨੂੰ ਪ੍ਰਣਵ ਗੁਪਤਾ ਦੇ ਨਾਂ 'ਤੇ ਇੱਕ ਵਟਸਐਪ ਕਾਲ ਆਈ। ਕਾਲ ਕਰਨ ਵਾਲੇ ਨੇ ਆਪਣੇ ਆਪ ਨੂੰ ਫਰਮ ਦੇ ਭਾਈਵਾਲ ਵਜੋਂ ਪੇਸ਼ ਕੀਤਾ ਅਤੇ 13 ਲੱਖ, 14 ਲੱਖ ਅਤੇ 10 ਲੱਖ ਰੁਪਏ ਟਰਾਂਸਫਰ ਕਰਨ ਦੀ ਹਦਾਇਤ ਕੀਤੀ। ਕਾਲ ਤੋਂ ਬਾਅਦ ਫਰਮ ਦੇ ਲੈਟਰਹੈੱਡ 'ਤੇ ਜਾਅਲੀ ਦਸਤਖਤ ਵਾਲਾ ਇੱਕ ਅਧਿਕਾਰਤ ਪੱਤਰ ਵੀ ਬੈਂਕ ਅਧਿਕਾਰੀਆਂ ਨੂੰ ਭੇਜਿਆ ਗਿਆ। ਨਾਮ ਅਤੇ ਦਸਤਾਵੇਜ਼ ਸਹੀ ਮਿਲਣ 'ਤੇ ਬੈਂਕ ਅਧਿਕਾਰੀਆਂ ਨੇ ਤੁਰੰਤ ਰਕਮ ਟਰਾਂਸਫਰ ਕਰ ਦਿੱਤੀ। ਧੋਖਾਧੜੀ ਕਰਨ ਵਾਲੇ ਨੇ ਪੂਰੀ ਤਰ੍ਹਾਂ ਇੱਕ ਸਾਥੀ ਵਾਂਗ ਵਿਵਹਾਰ ਕੀਤਾ ਅਤੇ ਲੈਣ-ਦੇਣ ਦਾ ਯੂਟੀਆਰ ਨੰਬਰ ਵੀ ਮੰਗਿਆ, ਜਿਸ ਕਾਰਨ ਅਧਿਕਾਰੀਆਂ ਨੂੰ ਉਸ ਸਮੇਂ ਕਿਸੇ



ਧੋਖਾਧੜੀ ਦਾ ਸ਼ੱਕ ਨਹੀਂ ਹੋਇਆ। ਕੁਝ ਸਮੇਂ ਬਾਅਦ ਜਦੋਂ ਫਰਮ ਦੇ ਹੋਰ ਭਾਈਵਾਲਾਂ ਨੂੰ ਖਾਤੇ ਵਿੱਚੋਂ ਪੈਸੇ ਡੈਬਿਟ ਹੋਣ ਦੇ ਸੁਨੇਹੇ ਮਿਲੇ ਤਾਂ ਉਨ੍ਹਾਂ ਨੇ ਬੈਂਕ ਤੋਂ ਪੁੱਛਗਿੱਛ ਕੀਤੀ। ਇਸ ਦੌਰਾਨ ਪਤਾ ਲੱਗਾ ਕਿ ਸਾਥੀ ਨੇ ਕੋਈ ਨਿਰਦੇਸ਼ ਨਹੀਂ ਦਿੱਤੇ ਸਨ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਲੈਣ-ਦੇਣ ਤੁਰੰਤ ਬੰਦ ਕਰ ਦਿੱਤਾ ਗਿਆ ਅਤੇ ਬੈਂਕ ਅਧਿਕਾਰੀਆਂ ਨੇ ਪੁਲਸ ਨੂੰ ਸ਼ਿਕਾਇਤ ਕੀਤੀ। ਸਾਈਬਰ ਸੈੱਲ ਜਾਂਚ ਵਿੱਚ ਰੁੱਝਿਆ ਹੋਇਆ ਹੈ। ਸਿਵਲ ਲਾਈਨ ਪੁਲਸ ਸਟੇਸ਼ਨ ਅਤੇ ਸਾਈਬਰ ਸੈੱਲ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ। ਸ਼ੁਰੂਆਤੀ ਜਾਂਚ ਵਿੱਚ ਪਤਾ ਲੱਗਿਆ ਹੈ ਕਿ ਧੋਖਾਧੜੀ ਕਰਨ ਵਾਲਿਆਂ ਨੇ ਪਹਿਲਾਂ ਬੈਂਕ ਅਧਿਕਾਰੀਆਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਐੱਫ. ਡੀ. ਆਰ. ਬਣਾਉਣ ਲਈ ਲਾਲਚ ਦਿੱਤਾ ਅਤੇ ਜਦੋਂ ਉਹ ਇਸ ਵਿੱਚ ਸਫਲ ਨਹੀਂ ਹੋਏ ਤਾਂ ਉਨ੍ਹਾਂ ਨੇ ਜਾਅਲੀ ਦਸਤਖ਼ਤਾਂ ਵਾਲਾ ਇੱਕ ਲੈਟਰਹੈੱਡ ਬਣਾਇਆ ਅਤੇ ਸਿੱਧੇ ਖਾਤੇ ਤੋਂ ਪੈਸੇ ਟਰਾਂਸਫਰ ਕੀਤੇ। ਧੋਖਾਧੜੀ ਦੀ ਰਕਮ ਤਿੰਨ ਵੱਖ-ਵੱਖ ਖਾਤਿਆਂ ਅਜੈ, ਰਿਤੇਸ਼ ਸੰਤੋਸ਼ ਅਤੇ ਵਿਵੇਕ ਕੁਮਾਰ ਚੌਬੇ ਦੇ ਨਾਮ 'ਤੇ ਟਰਾਂਸਫਰ ਕੀਤੀ ਗਈ ਹੈ। ਪਲਿਸ ਅਤੇ ਬੈਂਕ ਦੋਵੇਂ ਚੌਕਸ ਹਨ। ਫਿਲਹਾਲ ਪੁਲਸ ਨੇ ਅਣਪਛਾਤੇ ਧੋਖਾਧੜੀ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਾਈਬਰ ਸੈੱਲ ਫੋਨ ਕਾਲਾਂ, ਵਟਸਐਪ ਚੈਟਾਂ ਅਤੇ ਲੈਣ-ਦੇਣ ਰਾਹੀਂ ਤਕਨੀਕੀ ਜਾਂਚ ਰਾਹੀਂ ਧੋਖਾਧੜੀ ਕਰਨ ਵਾਲਿਆਂ ਤੱਕ ਪਹੁੰਚਣ ਦੀ ਕੋਸ਼ਿਸ਼ ਵੀ ਕਰ ਰਿਹਾ ਹੈ। ਬੈਂਕ ਪ੍ਰਸ਼ਾਸਨ ਨੇ ਭਵਿੱਖ ਵਿੱਚ ਅਜਿਹੇ ਮਾਮਲਿਆਂ ਨੂੰ ਰੋਕਣ ਲਈ ਸਖ਼ਤ ਨਿਯਮ ਬਣਾਉਣ ਦੀ ਗੱਲ ਵੀ ਕੀਤੀ ਹੈ। ਸੁਰੱਖਿਆ 'ਤੇ ਸਵਾਲ ਇਸ ਹਾਈ-ਪ੍ਰੋਫਾਈਲ ਧੋਖਾਧੜੀ ਨੇ ਬੈਂਕਿੰਗ ਸੁਰੱਖਿਆ ਪ੍ਰਣਾਲੀ ਅਤੇ ਵੱਡੇ ਕਾਰੋਬਾਰੀ ਖਾਤਿਆਂ ਦੀ ਸੁਰੱਖਿਆ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਤਕਨਾਲੋਜੀ ਦੀ ਵੱਧਦੀ ਵਰਤੋਂ ਦੇ ਨਾਲ, ਧੋਖਾਧੜੀ ਕਰਨ ਵਾਲੇ ਹੁਣ ਡੂੰਘੀਆਂ ਜਾਅਲੀ ਕਾਲਾਂ, ਜਾਅਲੀ ਦਸਤਾਵੇਜ਼ਾਂ ਅਤੇ ਇੱਥੋਂ ਤੱਕ ਕਿ ਡਿਜੀਟਲ ਦਸਤਖਤਾਂ ਦਾ ਸਹਾਰਾ ਲੈ ਕੇ ਵੱਡੇ ਵਿੱਤੀ ਸੰਸਥਾਨਾਂ ਨੂੰ ਨਿਸ਼ਾਨਾ ਬਣਾ ਰਹੇ ਹਨ।

## ਹਰਿਆਣਾ ਵਿੱਚ ਸਿੰਚਾਈ ਵਿਵਸਥਾ ਹੋਵੇਗੀ ਮਜਬੂਤ, 315 ਕਰੋੜ ਰੁਪਏ ਨਾਲ ਹੋਵੇਗਾ ਮਾਈਨਰਾਂ ਦਾ ਮੁੜ ਨਿਰਮਾਣ

**ਕੌਮੀ ਪਤ੍ਰਿਕਾ**

ਚੰਡੀਗੜ੍ਹ, 12 ਸਤੰਬਰ: ਹਰਿਆਣਾ ਸਰਕਾਰ ਨੇ ਸੂਬੇ ਵਿੱਚ ਸਿੰਚਾਈ ਵਿਵਸਥਾ ਨੂੰ ਹੋਰ ਵੱਧ ਮਜਬੂਤ ਅਤੇ ਕਾਰਗਰ ਬਨਾਉਣ ਲਈ ਇੱਕ ਵੱਡਾ ਕਦਮ ਚੁੱਕਿਆ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਇੱਥੇ ਹੋਈ ਸਿੰਚਾਈ ਅਤੇ ਜਲ ਸਰੋਤ ਵਿਭਾਗ ਦੀ ਇੱਕ ਅਹਿਮ ਮੀਟਿੰਗ ਵਿੱਚ ਰਾਜ ਵਿੱਚ ਮਾਈਨਰਸ ਦੇ ਵਿਆਪਕ ਰੀਮਾਡਲਿੰਗ (ਪੁਨਰਨਿਰਮਾਣ ਅਤੇ ਸੁਧਾਰ) ਕਾਰਜ ਯੋਜਨਾ ਨੂੰ ਮੰਜੂਰੀ ਪ੍ਰਦਾਨ ਕੀਤੀ ਗਈ ਹੈ। ਇਸ ਦੇ ਤਹਿਤ ਲਗਭਗ 54 ਵੱਖ ਵੱਖ ਪਰਿਯੋਜਨਾਵਾਂ ਨੂੰ ਲਾਗੂਕਰਨ ਕੀਤਾ ਜਾਵੇਗਾ ਅਤੇ ਇਸ ਪੂਰੀ ਪਰਿਯੋਜਨਾ 'ਤੇ ਲਗਭਗ 315 ਕਰੋੜ ਰੁਪਏ ਦੀ ਲਾਗਤ ਆਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਮਹੱਤਵਪੂਰਨ ਯੋਜਨਾ ਤਹਿਤ ਨਹਿਰਾਂ ਨੂੰ ਡੂੰਘਾ, ਚੌੜਾ ਅਤੇ ਢਾਂਚੇ ਨੂੰ ਆਧੁਨਿਕ ਤਕਨੀਕ ਨਾਲ ਮਜਬੂਤ ਕੀਤਾ ਜਾਵੇਗਾ ਤਾਂ ਜੋ ਸਿੰਚਾਈ ਜਲ ਦੀ ਸਪਲਾਈ ਸਮੇ ਸਿਰ ਅਤੇ ਕਿਸਾਨਾਂ ਤੱਕ ਪਹੁੰਚ ਸਕੇ। ਇਸ ਪੂਰੀ ਪਰਿਯੋਜਨਾ ਤਹਿਤ ਵੱਖ ਵੱਖ ਨਹਿਰੀ ਸਰਕਲਾਂ ਤਹਿਤ 30 ਕਨਾਲ ਦਾ ਪੁਨਰਵਾਸ ਅਤੇ 24 ਕਨਾਲ ਦੀ ਰਿਮਾਡਲਿੰਗ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਇਸ ਨਾਲ ਕਿਸਾਨਾਂ ਦੀ ਫਸਲਾਂ ਨੂੰ ਸਿੰਚਾਈ ਲਈ ਪਾਣੀ ਮਿਲੇਗਾ, ਭੂਮੀਗਤ ਜਲ ਪੱਧਰ 'ਤੇ ਦਬਾਅ ਘੱਟ ਹੋਵੇਗਾ ਅਤੇ ਸੂਬੇ ਵਿੱਚ ਖੇਤੀਬਾੜੀ ਉਤਪਾਦਨ ਸਮਰਥਾ ਵਿੱਚ ਵਾਧਾ ਹੋਵੇਗਾ। ਗ੍ਰਾਮੀਣ ਖੇਤਰਾਂ ਵਿੱਚ ਪਾਣੀ ਦੇ ਜਮਾਵ ਦੀ ਸਮੱਸਿਆ 'ਤੇ ਕਾਬੂ ਪਾਇਆ ਜਾ ਸਕੇਗਾ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਾਰੇ ਕੰਮ ਤੈਅ ਸਮੇ ਵਿੱਚ ਉੱਚ ਗੁਣਵੱਤਾ ਨਾਲ ਪੂਰੇ ਕੀਤੇ ਜਾਣ। ਉਨ੍ਹਾਂ ਨੇ ਸਪਸ਼ਟ ਨਿਰਦੇਸ਼ ਦਿੱਤੇ ਕਿ ਨਿਰਮਾਣ ਸਾਮਗਰੀ ਦੀ ਗੁਣਵੱਤਾ ਅਤੇ ਮਾਈਨਰਾਂ ਦੇ ਲੇਵਲ ਵਿੱਚ ਕਿਸੇ ਤਰ੍ਹਾਂ ਦੀ ਗੜਬੜੀ ਨਹੀਂ ਹੋਣੀ ਚਾਹੀਦੀ। ਯਮੁਨਾ ਵਾਟਰ ਸਰਵਿਸ, ਲੋਹਾਰੂ ਵਾਟਰ ਸਰਵਿਸ ਅਤੇ ਜਵਾਹਰ ਲਾਲ ਨੇਹਰੂ ਸਰਕਲ ਤਹਿਤ ਲਗਭਗ 54 ਪਰਿਯੋਜਨਾਵਾਂ ਨੂੰ ਕੀਤਾ ਜਾਵੇਗਾ ਲਾਗੂ ਮੀਟਿੰਗ ਵਿੱਚ ਜਾਣਕਾਰੀ ਦਿੱਤੀ ਗਈ ਕਿ ਯਮੁਨਾ ਵਾਟਰ ਸਰਵਿਸ ਸਰਕਲ, ਭਿਵਾਨੀ ਤਹਿਤ 41 ਪਰਿਯੋਜਨਾਵਾਂ, ਯਮੁਨਾ ਵਾਟਰ ਸਰਵਿਸ ਸਰਕਲ, ਕਰਨਾਲ ਤਹਿਤ 1 ਅਤੇ ਯਮੁਨਾ ਵਾਟਰ ਸਰਵਿਸ ਸਰਕਲ, ਰੋਹਤੱਕ ਤਹਿਤ 2 ਪਰਿਯੋਜਨਾਵਾਂ 'ਤੇ ਕੰਮ ਕੀਤਾ ਜਾਵੇਗਾ। ਇਸੇ ਤਰ੍ਹਾਂ ਲੋਹਾਰੂ ਵਾਟਰ ਸਰਵਿਸ ਸਰਕਲ ਭਿਵਾਨੀ ਤਹਿਤ 7 ਪਰਿਯੋਜਨਾਵਾਂ ਅਤੇ ਜਵਾਹਰ ਲਾਲ ਨੇਹਰੂ ਸਰਕਲ ਰੇਵਾੜੀ ਤਹਿਤ 3 ਪਰਿਯੋਜਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਕੰਮਾਂ ਨੂੰ ਨਾਬਾਰਡ ਦੀ ਮਦਦ ਨਾਲ ਲਾਗੂ ਕੀਤਾ ਜਾਵੇਗਾ। ਇਨ੍ਹਾਂ ਪਰਿਯੋਜਨਾਵਾਂ ਤਹਿਤ ਮਾਈਨਰਾਂ ਦੇ ਕਿਨਾਰਿਆਂ ਨੂੰ ਮਜਬੂਤ ਅਤੇ ਉੱਚਾ ਕਰਨਾ, ਲਾਈਨਿੰਗ ਦੀ ਮਰੱਮਤ ਅਤੇ ਪੁਨਰਵਾਸ, ਪਾਇਪਲਾਇਨ ਬਿਛਾਉਣਾ, ਹੇਡ ਰੇਗੁਲੇਟਰ, ਸਾਇਫਨ, ਪੁਲਿਆ ਅਤੇ ਆਉਟਲੇਟ ਦੀ ਮਰੱਮਤ ਆਦੀ ਕੰਮਾਂ ਨੂੰ ਕੀਤਾ ਜਾਵੇਗਾ ਜਿਸ ਨਾਲ ਲੀਕੇਜ ਖ਼ਤਮ ਹੋਵੇਗੀ ਅਤੇ ਪਾਣੀ ਦੀ ਬਚਤ ਵੀ ਹੋਵੇਗੀ ਅਤੇ ਸੰਭਾਵਿਤ ਖੇਤਰਾਂ ਤੱਕ ਪਾਣੀ ਦੀ ਸਪਲਾਈ ਯਕੀਨੀ ਹੋਵੇਗੀ। ਮੀਟਿੰਗ ਵਿੱਚ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁਲੱਰ, ਜਨਸਿਹਤ ਇੰਜਿਅਰਿੰਗ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀ ਮੁਹੱਮਦ ਸ਼ਾਇਨ, ਵਿਤ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਸ੍ਰੀ ਰਜੀਨੀਕਾਂਥਨ, ਸਿੰਚਾਈ ਅਤੇ ਜਲ ਸਰੋਤ ਵਿਭਾਗ ਦੇ ਇੰਜਿਅਰਿੰਗ-ਇਨ-ਚੀਫ਼ ਸ੍ਰੀ ਸਤਬੀਰ ਕਾਦਿਆਨ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ।

## ਰਾਵੀ ਦਰਿਆ ਦੇ ਤੇਜ਼ ਵਹਾਅ 'ਚ ਰੁੜੀ ਬਜ਼ੁਰਗ ਔਰਤ ਦੀ ਚਾਰ ਦਿਨ ਬਾਅਦ ਮਿਲੀ ਲਾਸ਼

ਅੰਮ੍ਰਿਤਸਰ 12 ਸਤੰਬਰ। ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ ਹਲਕੇ 'ਚ ਰਾਵੀ ਦਰਿਆ ਦਾ ਪਾਣੀ ਵਧਣ ਨਾਲ ਕਈ ਪਿੰਡ ਹੜ੍ਹ ਦੀ ਚਪੇਟ ਵਿੱਚ ਆ ਗਏ ਹਨ। ਇਨ੍ਹਾਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚੋਂ ਪਿੰਡ ਮਾਸੀਵਾਹਲਾ 'ਚੋਂ ਇਕ ਦਰਦਨਾਕ ਘਟਨਾ ਸਾਹਮਣੇ ਆਈ ਹੈ। ਇੱਥੇ 60 ਸਾਲਾ ਬਜ਼ੁਰਗ



ਪਰਮਜੀਤ ਸਿੰਘ ਪਾਣੀ ਦੇ ਤੇਜ਼ ਵਹਾਅ ਵਿਚ ਰੁੜ ਗਈ ਸੀ। ਚਾਰ ਦਿਨ ਦੀ ਲੰਬੀ ਤਲਾਸ਼ ਮਗਰੋਂ ਅੱਜ ਉਸ ਦੀ ਲਾਸ਼ ਮਿਲੀ ਹੈ। ਪਰਿਵਾਰਕ ਮੈਂਬਰਾਂ ਦੇ ਅਨੁਸਾਰ, ਰਾਵੀ ਦਰਿਆ ਦਾ ਪਾਣੀ ਜਦੋਂ ਪਿੰਡਾਂ ਵਿੱਚ ਦਾਖਲ ਹੋਇਆ, ਤਾਂ ਘਰਾਂ ਅਤੇ ਖੇਤਾਂ ਦਾ ਵੀ ਕਾਫੀ ਨੁਕਸਾਨ ਹੋਇਆ। ਇਸ ਦੌਰਾਨ ਬਜ਼ੁਰਗ ਪਰਮਜੀਤ ਸਿੰਘ ਪਾਣੀ ਦੇ ਵਹਾਅ ਵਿਚ ਰੁੜ ਗਏ। ਪਰਿਵਾਰ ਨੇ ਸਰਕਾਰ ਕੋਲੋਂ ਬੇਨਤੀ ਕੀਤੀ ਹੈ ਕਿ ਇਸ ਘਟਨਾ ਕਾਰਨ ਪ੍ਰਭਾਵਿਤ ਪਰਿਵਾਰ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਪਾਣੀ ਦੇ ਵਹਾਅ ਕਾਰਨ ਨਾ ਸਿਰਫ਼ ਜਾਨੀ ਨੁਕਸਾਨ ਹੋਇਆ ਹੈ, ਸਗੋਂ ਘਰ ਦਾ ਵੀ ਵੱਡਾ ਨੁਕਸਾਨ ਹੋਇਆ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਪਰਿਵਾਰ ਦੀ ਹਾਲਤ ਨੂੰ ਦੇਖਦਿਆਂ ਬਣਦਾ ਮੁਆਵਜ਼ਾ ਜ਼ਰੂਰ ਦਿੱਤਾ ਜਾਵੇ। ਇਸ ਮੌਕੇ ਪੁਲਸ ਅਧਿਕਾਰੀ ਨਿਰਮਲਜੀਤ ਸਿੰਘ ਨੇ ਦੱਸਿਆ ਕਿ ਰਮਦਾਸ ਦੇ ਪਿੰਡ ਮਾਸੀਵਾਹਲਾ ਦੇ 60 ਸਾਲਾ ਬਜ਼ੁਰਗ ਰਾਵੀ ਦਰਿਆ ਦੇ ਪਾਣੀ ਦੇ ਤੇਜ਼ ਵਹਾਅ ਵਿਚ ਰੁੜ ਗਏ ਸਨ, ਜਿਨ੍ਹਾਂ ਦੀ ਅੱਜ ਲਾਸ਼ ਬਰਾਮਦ ਕੀਤੀ ਗਈ ਹੈ। ਲਾਸ਼ ਨੂੰ ਪੋਸਟਮਾਰਟਮ ਲਈ ਅੰਮ੍ਰਿਤਸਰ ਦੇ ਸਿਵਲ ਹਸਪਤਾਲ ਭੇਜਿਆ ਜਾ ਰਿਹਾ ਹੈ।

## ਸਰੱਬਤ ਦਾ ਭਲਾ ਟਰੱਸਟ ਨੇ ਅਜਨਾਲਾ ਦੇ ਹੜ੍ਹ ਪੀੜਤਾਂ ਨੂੰ 20 ਟਨ ਪਸ਼ੂ-ਚਾਰਾ ਵੰਡਿਆ

ਅਜਨਾਲਾ/ਅੰਮ੍ਰਿਤਸਰ 12 ਸਤੰਬਰ। ਪਿਛਲੇ ਕਈ ਦਿਨਾਂ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਲਈ ਨਿਰੰਤਰ ਸੇਵਾ ਕਾਰਜ ਨਿਭਾ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐਸ.ਪੀ.ਸਿੰਘ ਓਬਰਾਏ ਵੱਲੋਂ ਭੇਜਿਆ ਗਿਆ 20 ਟਨ ਪਸ਼ੂ-ਚਾਰਾ ਅੱਜ ਅਜਨਾਲਾ ਖੇਤਰ ਦੇ ਹੜ੍ਹ ਪੀੜਤ ਪਸ਼ੂ ਪਾਲਕਾਂ ਨੂੰ ਵੰਡਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ.ਐਸ.ਪੀ. ਓਬਰਾਏ ਨੇ ਕਿਹਾ ਕਿ ਪੰਜਾਬ ਇਸ ਵੇਲੇ ਬਹੁਤ ਹੀ ਮੁਸ਼ਕਿਲ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਇਸ ਲਈ ਸਾਡਾ ਸਾਰਿਆਂ ਦਾ



ਖਾਸ ਕਰਕੇ ਐਨਆਰਆਈ ਭਰਾਵਾਂ ਦਾ ਵੱਡਾ ਫਰਜ਼ ਬਣਦਾ ਹੈ ਕਿ ਅਸੀਂ ਹੜ੍ਹ ਤੋਂ ਪ੍ਰਭਾਵਿਤ ਆਪਣੇ ਲੋਕਾਂ ਦੀ ਮਦਦ ਲਈ ਅੱਗੇ ਆਈਏ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਪੰਜਾਬ ਦੇ ਸਮੁੱਚੇ ਹੜ੍ਹ ਪ੍ਰਭਾਵਿਤ ਇਲਾਕਿਆਂ ਅੰਦਰ ਆਪਣੀਆਂ ਸੇਵਾ ਕਾਰਜ ਨਿਰੰਤਰ ਚਲਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਤਹਿਤ ਹੀ ਅੱਜ ਉਨ੍ਹਾਂ ਦੀ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ,ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਚਮਿਆਰੀ ਦੀ ਮੌਜੂਦਗੀ ਵਿਚ ਰਮਦਾਸ, ਚਮਿਆਰੀ, ਜੱਸੜ, ਗੱਗੋਮਾਹਲ, ਮੰਦਰਾਂਵਾਲੀ, ਧੰਗਈ, ਸਿੰਘੋਕੇ, ਨਵਾਂ ਪਿੰਡ, ਹਰੜ ਕਲਾਂ, ਹਰੜ ਖੁਰਦ ਤੇ ਅਜਨਾਲਾ ਆਦਿ ਸਮੇਤ ਹੋਰਨਾਂ ਪਿੰਡਾਂ ਦੇ ਪ੍ਰਭਾਵਿਤ ਪਸ਼ੂ ਪਾਲਕਾਂ ਨੂੰ 20 ਟਨ ਸੁੱਕਾ ਚਾਰਾ ਵਰ੍ਹਦੇ ਮੀਂਹ ਵਿੱਚ ਵੰਡਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹਾਲਾਤ ਬਿਹਤਰ ਹੋਣ ਤੱਕ ਉਹ ਪ੍ਰਸ਼ਾਸਨ ਤੇ ਲੋਕਾਂ ਨੂੰ ਹਰ ਪੱਖ ਤੋਂ ਸਹਿਯੋਗ ਦੇਣਗੇ। ਇਸ ਦੌਰਾਨ ਵੱਖ-ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਸਰਪੰਚਾਂ ਤੋਂ ਇਲਾਵਾ ਪਸ਼ੂਆਂ ਚਾਰਾ ਪ੍ਰਾਪਤ ਕਰਨ ਵਾਲੇ ਕਿਸਾਨਾਂ ਵੱਲੋਂ ਡਾ. ਉਬਰਾਏ ਦਾ ਇਸ ਔਖੀ ਘੜੀ ਵੇਲੇ ਉਨ੍ਹਾਂ ਦੀ ਮਦਦ ਕਰਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ ਗਿਆ।

## ਬਾਗਪਤ 'ਚ ਇੱਕ ਨੌਜਵਾਨ ਤੇ ਔਰਤ ਨੇ ਰੇਲਗੱਡੀ ਅੱਗੇ ਛਾਲ ਮਾਰ ਕੇ ਕੀਤੀ ਖੁਦਕੁਸ਼ੀ

ਬਾਗਪਤ 12 ਸਤੰਬਰ। ਬਾਗਪਤ ਜ਼ਿਲ੍ਹੇ ਦੇ ਥਾਣਾ ਕੋਤਵਾਲੀ ਖੇਤਰ ਦੇ ਅਧੀਨ ਅਹੇਦਾ ਹਾਲਟ ਵਿਖੇ ਮੰਗਲਵਾਰ ਸਵੇਰੇ ਇੱਕ ਨੌਜਵਾਨ ਅਤੇ ਇੱਕ ਔਰਤ ਨੇ ਚੱਲਦੀ ਰੇਲਗੱਡੀ ਅੱਗੇ ਛਾਲ ਮਾਰ ਕੇ ਕਥਿਤ ਤੌਰ 'ਤੇ ਖੁਦਕੁਸ਼ੀ ਕਰ ਲਈ। ਪੁਲਸ ਸੁਪਰਡੈਂਟ ਸੂਰਜ ਕੁਮਾਰ ਰਾਏ ਨੇ ਦੱਸਿਆ ਕਿ ਜਦੋਂ ਸਹਾਰਨਪੁਰ ਤੋਂ ਦਿੱਲੀ ਜਾ ਰਹੀ ਜਨਤਾ ਐਕਸਪ੍ਰੈੱਸ ਰੇਲਗੱਡੀ ਸਵੇਰੇ ਅਹੇਦਾ ਹਾਲਟ ਪਹੁੰਚ ਰਹੀ ਸੀ ਤਾਂ ਲਗਭਗ 21-22 ਸਾਲ ਦੀ ਉਮਰ ਦੇ ਨੌਜਵਾਨ ਤੇ ਔਰਤ ਅਚਾਨਕ ਟਰੈਕ 'ਤੇ ਰੇਲਗੱਡੀ ਦੇ ਸਾਹਮਣੇ ਆ ਗਏ, ਜਿਸ ਕਾਰਨ ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਸੂਚਨਾ ਮਿਲਣ 'ਤੇ ਪੁਲਸ ਤੁਰੰਤ ਮੌਕੇ 'ਤੇ ਪਹੁੰਚੀ ਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ। ਘਟਨਾ ਦੀ ਜਾਂਚ ਸਰਕਾਰੀ ਰੇਲਵੇ ਪੁਲਸ (ਜੀਆਰਪੀ) ਅਤੇ ਸਥਾਨਕ ਪੁਲਸ ਵੱਲੋਂ ਕੀਤੀ ਜਾ ਰਹੀ ਹੈ। ਚਸ਼ਮਦੀਦਾਂ ਦੇ ਅਨੁਸਾਰ, ਦੋਵੇਂ (ਨੌਜਵਾਨ ਤੇ ਔਰਤ) ਰੇਲਗੱਡੀ ਦੇ ਆਉਣ ਤੋਂ ਪਹਿਲਾਂ ਕਾਫ਼ੀ ਦੇਰ ਤੱਕ ਰੇਲਵੇ ਟਰੈਕ ਦੇ ਨੇੜੇ ਖੜ੍ਹੇ ਸਨ ਤੇ ਜਿਵੇਂ ਹੀ ਰੇਲਗੱਡੀ ਆਈ, ਉਨ੍ਹਾਂ ਨੇ ਇਸ ਦੇ ਅੱਗੇ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਕਿਹਾ ਕਿ ਮ੍ਰਿਤਕ ਦੀ ਪਛਾਣ ਕਰਨ ਦੀ ਪ੍ਰਕਿਰਿਆ ਜਾਰੀ ਹੈ ਤੇ ਖੁਦਕੁਸ਼ੀ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਮੁੱਢਲੀ ਜਾਣਕਾਰੀ ਅਨੁਸਾਰ ਇਹ ਮਾਮਲਾ ਪ੍ਰੇਮ ਸਬੰਧਾਂ ਨਾਲ ਸਬੰਧਤ ਹੋ ਸਕਦਾ ਹੈ।

## ਮੋਟਰਸਾਈਕਲ ਸਵਾਰ ਨੂੰ ਬਚਾਉਂਦੇ ਸਮੇਂ ਪਾਣੀ ਨਾਲ ਭਰੀ ਖੱਡ 'ਚ ਡਿੱਗੀ ਜੀਪ

ਬਲਰਾਮਪੁਰ 12 ਸਤੰਬਰ। ਬਲਰਾਮਪੁਰ ਜ਼ਿਲ੍ਹੇ ਦੇ ਕੋਤਵਾਲੀ ਦੇਹਾਤ ਥਾਣਾ ਖੇਤਰ ਵਿੱਚ ਉਤਰੌਲਾ-ਬਹਿਰਾਈਚ ਬਾਈਪਾਸ ਨੇੜੇ ਇੱਕ ਮੋਟਰਸਾਈਕਲ ਸਵਾਰ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਸਮੇਂ ਇੱਕ ਜੀਪ ਚਾਲਕ ਦੀ ਗੱਡੀ ਡੂੰਘੀ ਖੱਡ ਵਿਚ ਡਿੱਗ ਗਈ। ਇਸ ਹਾਦਸੇ ਸਮੇਂ ਦੋ ਲੋਕਾਂ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਪੁਲਸ ਨੇ ਇਸ ਘਟਨਾ ਦੇ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਹਾਦਸੇ ਵਿੱਚ ਦੋ ਲੋਕ ਜ਼ਖਮੀ ਵੀ ਹੋਏ ਹਨ। ਵਧੀਕ ਪੁਲਸ ਸੁਪਰਡੈਂਟ ਵਿਸ਼ਾਲ ਪਾਂਡੇ ਨੇ ਦੱਸਿਆ ਕਿ ਮੰਗਲਵਾਰ ਨੂੰ ਬਲਰਾਮਪੁਰ ਜ਼ਿਲ੍ਹੇ ਦੇ ਸ਼੍ਰੀਦੱਤਗੰਜ ਇਲਾਕੇ ਦੇ ਬਾਇਆਭਿਤ ਪਿੰਡ ਦੇ ਵਸਨੀਕ ਤੁਲਾਰਾਮ ਨੂੰ ਉਸਦੇ ਪਰਿਵਾਰ ਵਾਲੇ ਇਲਾਜ ਲਈ ਜੀਪ ਵਿੱਚ ਬਹਿਰਾਈਚ ਲੈ ਜਾ ਰਹੇ ਸਨ। ਉਨ੍ਹਾਂ ਦੱਸਿਆ ਕਿ ਨਰਕਟੀਆ ਪਿੰਡ ਨੇੜੇ ਇੱਕ ਮੋਟਰਸਾਈਕਲ ਸਵਾਰ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਸਮੇਂ ਜੀਪ ਚਾਲਕ ਨੇ ਆਪਣਾ ਕੰਟਰੋਲ ਗੁਆ ਦਿੱਤਾ ਅਤੇ ਜੀਪ ਸੜਕ ਦੇ ਕਿਨਾਰੇ ਪਾਣੀ ਨਾਲ ਭਰੀ ਡੂੰਘੀ ਖੱਡ ਵਿੱਚ ਪਲਟ ਗਈ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਅਤੇ ਐੱਸਐੱਸਬੀ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਪਾਂਡੇ ਨੇ ਦੱਸਿਆ ਕਿ ਜ਼ਖਮੀਆਂ ਨੂੰ ਪਾਣੀ ਵਿੱਚੋਂ ਕੱਢ ਕੇ ਹਸਪਤਾਲ ਲਿਜਾਇਆ ਗਿਆ ਹੈ, ਜਿੱਥੇ ਪ੍ਰੇਮਦੇਵੀ (40) ਅਤੇ ਸੀਤਾਰਾਮ (60) ਦੀ ਇਲਾਜ ਦੌਰਾਨ ਮੌਤ ਹੋ ਗਈ, ਜਦੋਂ ਕਿ ਤੁਲਾਰਾਮ ਦਾ ਬਹਿਰਾਈਚ ਵਿੱਚ ਇਲਾਜ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੀ ਪੁਲਸ ਨੇ ਦੱਸਿਆ ਕਿ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

## ਮਾਤਮ 'ਚ ਬਦਲੀਆਂ ਖੁਸ਼ੀਆਂ, ਮੂਰਤੀ ਵਿਸਰਜਨ ਤੋਂ ਪਰਤ ਰਹੇ 2 ਵਿਦਿਆਰਥੀਆਂ ਦੀ ਦਰਦਨਾਕ ਮੌਤ

ਨੈਸਨਲ ਡੈਸਕ 12 ਸਤੰਬਰ। ਬ੍ਰਿਟੇਨ ਦੇ ਐਸੈਕਸ ਸ਼ਹਿਰ ਵਿੱਚ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਹੈਦਰਾਬਾਦ ਦੇ ਦੋ ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ ਪੰਜ ਹੋਰ ਜ਼ਖਮੀ ਹੋ ਗਏ। ਇਹ ਹਾਦਸਾ 1130 ਰੇਲੇ ਸਪੁਰ ਚੌਕ 'ਤੇ ਵਾਪਰਿਆ, ਜਦੋਂ ਦੋ ਕਾਰਾਂ ਆਪਸ ਵਿੱਚ ਟਕਰਾ ਗਈਆਂ। ਇਹ ਸਾਰੇ ਵਿਦਿਆਰਥੀ ਦੋਸਤ ਸਨ ਅਤੇ ਗਣੇਸ਼ ਵਿਸਰਜਨ ਪ੍ਰੋਗਰਾਮ ਤੋਂ ਵਾਪਸ ਆ ਰਹੇ ਸਨ। ਇਸ ਹਾਦਸੇ ਵਿੱਚ 23 ਸਾਲਾ ਚੈਤਨਿਆ ਤਾਰੇ ਦੀ ਮੌਕੇ 'ਤੇ ਹੀ ਮੌਤ ਹੋ ਗਈ। 21 ਸਾਲਾ ਰਿਸ਼ੀਤੇਜਾ ਰਾਪੋਲੂ ਦੀ ਹਸਪਤਾਲ ਵਿੱਚ ਮੌਤ ਹੋ ਗਈ। ਚੈਤਨਿਆ 8 ਮਹੀਨੇ ਪਹਿਲਾਂ ਮਾਸਟਰਜ਼ ਦੀ ਪੜ੍ਹਾਈ ਕਰਨ ਲਈ ਲੰਡਨ ਗਿਆ ਸੀ। ਉਨ੍ਹਾਂ ਦੋਵਾਂ ਦੇ ਪਰਿਵਾਰ ਹੈਦਰਾਬਾਦ ਵਿੱਚ ਰਹਿੰਦੇ ਹਨ। ਹਾਦਸੇ ਵਿੱਚ ਜ਼ਖਮੀ ਹੋਏ ਪੰਜ ਵਿਦਿਆਰਥੀਆਂ ਵਿੱਚੋਂ ਦੋ ਦੀ ਹਾਲਤ ਨਾਜ਼ੁਕ ਹੈ। ਸਾਈ ਗੌਤਮ ਰਾਵਲ ਨੂੰ ਵੈਂਟੀਲੇਸ਼ਨ 'ਤੇ ਰੱਖਿਆ ਗਿਆ ਹੈ, ਜਦੋਂ ਕਿ ਨੂਤਨ ਥੈਟਿਕਾਇਆਲਾ ਨੂੰ ਅੰਸ਼ਕ ਤੌਰ 'ਤੇ ਅਧਰੰਗ ਹੋ ਗਿਆ ਹੈ। ਹੋਰ ਜ਼ਖਮੀ ਵਿਦਿਆਰਥੀ ਯੁਵਾ ਤੇਜਾ ਰੈਡੀ ਗੁਰਰਾਮ, ਵਮਸ਼ੀ ਗੋਲਾ ਅਤੇ ਵੈਂਕਟ ਸੁਮੰਤ ਪੇਂਟਿਆਲਾ ਦਾ ਇਲਾਜ ਚੱਲ ਰਿਹਾ ਹੈ।

# ਪੁਲਸ ਨੇ 4 ਮੁਲਜ਼ਮਾਂ ਨੂੰ ਹੈਰੋਇਨ ਸਣੇ ਕੀਤਾ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਫਿਰੋਜ਼ਪੁਰ 12 ਸਤੰਬਰ। ਇੱਥੇ ਐੱਸ. ਐੱਸ. ਪੀ. ਭੁਪਿੰਦਰ ਸਿੰਘ ਸਿੱਧੂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਫਿਰੋਜ਼ਪੁਰ 'ਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿਮ ਤਹਿਤ ਥਾਣਾ ਸਿਟੀ ਫਿਰੋਜ਼ਪੁਰ, ਥਾਣਾ ਸਦਰ ਫਿਰੋਜ਼ਪੁਰ, ਥਾਣਾ ਘੱਲ ਖੁਰਦ ਅਤੇ ਥਾਣਾ ਤਲਵੰਡੀ ਭਾਈ ਦੀ ਪੁਲਸ ਨੇ 4 ਮੁਲਜ਼ਮਾਂ ਨੂੰ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਦੇ ਏ. ਐੱਸ. ਆਈ. ਭੁਪਿੰਦਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਉਨ੍ਹਾਂ ਦੀ ਪੁਲਸ ਪਾਰਟੀ ਨੇ ਸੰਜੂ ਪੁੱਤਰ ਕਿਸ਼ਨ ਲਾਲ ਵਾਸੀ ਵਾਰਡ ਨੰਬਰ 3 ਬਸਤੀ ਭੱਟੀਆਂ ਵਾਲੀ ਫਿਰੋਜ਼ਪੁਰ ਸ਼ਹਿਰ ਨੂੰ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਅਤੇ ਉਸ ਤੋਂ 3.96 ਗ੍ਰਾਮ ਹੈਰੋਇਨ ਬਰਾਮਦ ਕੀਤੀ। ਦੂਜੇ ਪਾਸੇ ਥਾਣਾ ਸਦਰ ਫਿਰੋਜ਼ਪੁਰ ਦੇ ਏ. ਐੱਸ. ਆਈ. ਸੁਖਬੀਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਗੁਪਤ ਸੂਚਨਾ ਮਿਲਣ 'ਤੇ ਉਨ੍ਹਾਂ ਦੀ ਪੁਲਸ ਪਾਰਟੀ ਨੇ ਨਾਕਾਬੰਦੀ ਕਰ ਕੇ ਮੁਲਜ਼ਮ ਲਵਪ੍ਰੀਤ ਪੁੱਤਰ ਬਿਕਰਮ ਵਾਸੀ ਬਠਿੰਡਾ ਨੂੰ ਕਾਨਵੈਂਟ



ਸਕੂਲ ਫਿਰੋਜ਼ਪੁਰ ਨੇੜੇ 10 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ। ਥਾਣਾ ਘੱਲ ਖੁਰਦ ਦੇ ਏ. ਐੱਸ. ਆਈ. ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਨੇ ਗਸ਼ਤ ਦੌਰਾਨ ਇਕ ਸ਼ੱਕੀ ਵਿਅਕਤੀ ਨੂੰ ਪੈਦਲ ਆਉਂਦਾ ਦੇਖਿਆ, ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਅਤੇ ਪਿੱਛੇ ਵੱਲ ਭੱਜਣ ਲੱਗਾ। ਜਦੋਂ ਉਸ ਨੂੰ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕਰ ਕੇ ਪੁੱਛ-ਗਿੱਛ ਕੀਤੀ ਗਈ ਤਾਂ ਉਸ ਨੇ ਪੁਲਸ ਨੂੰ ਆਪਣਾ ਨਾਂ ਗੁਰਚਰਨ ਸਿੰਘ ਉਰਫ਼ ਰਾਜੂ ਦੱਸਿਆ, ਜਿਸ ਦੀ ਤਲਾਸ਼ੀ ਲੈਣ 'ਤੇ ਉਸ ਕੋਲੋਂ 5.10 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਤਲਵੰਡੀ ਭਾਈ ਦੇ ਏ. ਐੱਸ. ਆਈ. ਸੁਦੇਸ਼ ਕੁਮਾਰ ਨੇ ਦੱਸਿਆ ਕਿ ਗਸ਼ਤ ਦੌਰਾਨ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਗੁਰਪ੍ਰੀਤ ਪੁੱਤਰ ਗੁਰਮੇਲ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ, ਜੋ ਅਜੇ ਵੀ ਕਰਮਿੱਤੀ ਗੇਟ ਕੋਲ ਖੜ੍ਹਾ ਹੈਰੋਇਨ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਿਹਾ ਹੈ, ਜਿਸ 'ਤੇ ਪੁਲਸ ਪਾਰਟੀ ਨੇ ਤੁਰੰਤ ਛਾਪਾਮਾਰੀ ਕਰਦੇ ਨਾਮਜ਼ਦ ਮੁਲਜ਼ਮ ਨੂੰ ਫੜ ਲਿਆ, ਜਿਸ ਦੀ ਤਲਾਸ਼ੀ ਲੈਣ 'ਤੇ ਉਸ ਕੋਲੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ।

# 95 ਨਸ਼ੀਲੀਆਂ ਗੋਲੀਆਂ ਸਣੇ 3 ਨੌਜਵਾਨ ਗ੍ਰਿਫਤਾਰ, ਨਸ਼ੀਲਾ ਪਦਾਰਥ ਤੇ 3380 ਰੁਪਏ ਦੀ ਡਰੱਗ ਮਨੀ ਬਰਾਮਦ

ਦਸੂਹਾ, 12 ਸਤੰਬਰ। ਜ਼ਿਲ੍ਹਾ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਤਹਿਤ ਡੀ.ਐੱਸ.ਪੀ. ਦਸੂਹਾ ਬਲਵਿੰਦਰ ਸਿੰਘ ਜੌੜਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੁਲਸ ਨੇ ਤਿੰਨ ਨਸ਼ੇੜੀਆਂ ਨੂੰ ਨਸ਼ੀਲੀਆਂ ਗੋਲੀਆਂ ਅਤੇ ਡਰੱਗ ਮਨੀ ਸਮੇਤ ਗ੍ਰਿਫਤਾਰ ਕਰ ਲਿਆ। ਪੁਲਸ ਥਾਣਾ ਮੁਖੀ ਦਸੂਹਾ ਬਲਜਿੰਦਰ ਸਿੰਘ ਮੱਲੀ ਨੇ ਦੱਸਿਆ ਕਿ ਗਸ਼ਤ ਦੌਰਾਨ ਜਦੋਂ ਏ.ਐੱਸ.ਆਈ. ਮਹਿੰਦਰ ਸਿੰਘ ਪੁਲਸ ਪਾਰਟੀ ਨਾਲ ਵਧਾਈਆ ਲਿੰਕ ਰੋਡ 'ਤੇ ਜਾ ਰਹੇ ਸਨ ਤਾਂ ਕੁਝ ਸ਼ੱਕੀ ਨੌਜਵਾਨਾਂ ਨੂੰ ਇੱਕ ਸਵਿਫਟ ਕਾਰ ਵਿੱਚ ਆਉਂਦੇ ਦੇਖਿਆ ਗਿਆ। ਇਸ ਸਵਿਫਟ ਕਾਰ ਨੂੰ ਰੋਕ ਕੇ ਜਾਂਚ ਕੀਤੀ ਗਈ ਅਤੇ ਇਸ ਕਾਰ ਵਿੱਚ ਬੈਠੇ ਤਿੰਨ ਨੌਜਵਾਨਾਂ ਦੀ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਉਨ੍ਹਾਂ ਕੋਲੋਂ 95 ਨਸ਼ੀਲੀਆਂ ਗੋਲੀਆਂ, 1.02 ਗ੍ਰਾਮ ਨਸ਼ੀਲਾ ਪਦਾਰਥ ਅਤੇ 3380 ਰੁਪਏ ਦੀ ਡਰੱਗ ਮਨੀ ਬਰਾਮਦ ਹੋਈ। ਥਾਣਾ ਮੁਖੀ ਬਲਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਉਨ੍ਹਾਂ ਤਿੰਨਾਂ ਨੂੰ ਤੁਰੰਤ ਹਿਰਾਸਤ ਵਿੱਚ ਲੈ ਲਿਆ ਅਤੇ ਸਵਿਫਟ ਕਾਰ ਨੂੰ ਵੀ ਕਬਜ਼ੇ ਵਿੱਚ ਲੈ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਤਿੰਨਾਂ ਦੀ ਪਛਾਣ ਅਮਨਦੀਪ ਪੁੱਤਰ ਗੁਰਦਾਸ ਰਾਮ ਵਾਸੀ ਐਮਾਂ ਮਾਂਗਟ, ਨਿਸ਼ਾਨ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਔਲੀਆ ਉਮਰਪੁਰ ਅਤੇ ਰਿਸਵ ਕੁਮਾਰ ਪੁੱਤਰ ਜੋਗਿੰਦਰ ਸਿੰਘ ਵਾਸੀ ਅਲੀਪੁਰ ਵਜੋਂ ਹੋਈ ਹੈ। ਇਨ੍ਹਾਂ ਤਿੰਨਾਂ ਵਿਰੁੱਧ ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਨ੍ਹਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਇਸ ਸਬੰਧੀ ਉਨ੍ਹਾਂ ਤੋਂ ਹੋਰ ਗੰਭੀਰਤਾ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਹੜ੍ਹਾਂ ਦਾ ਬੇਹੱਦ ਖੌਫਨਾਕ ਮੰਜਰ: ਪਾਣੀ ਸੁੱਕਣ ਮਗਰੋਂ ਵੀ ਲੀਹਾਂ 'ਤੇ ਨਹੀਂ ਆਵੇਗੀ ਲੱਖਾਂ ਲੋਕਾਂ ਦੀ ਜ਼ਿੰਦਗੀ

**ਕੌਮੀ ਪਤ੍ਰਿਕਾ**

ਗੁਰਦਾਸਪੁਰ 12 ਸਤੰਬਰ। ਜ਼ਿਲ੍ਹਾ ਗੁਰਦਾਸਪੁਰ 'ਚ ਹੜ੍ਹਾਂ ਦੀ ਮਾਰ ਨੇ ਪੂਰਾ ਇਕ ਹਫਤਾ ਅਜਿਹਾ ਕਹਿਰ ਮਚਾਇਆ ਹੈ ਕਿ ਹੁਣ ਆਉਣ ਵਾਲਾ ਲੰਬਾ ਸਮਾਂ ਹੜ੍ਹ ਪੀੜਤ ਲੋਕਾਂ ਲਈ ਬੇਹੱਦ ਮੁਸ਼ਕਲਾਂ ਅਤੇ ਚੁਣੌਤੀਆਂ ਭਰਿਆ ਹੋਵੇਗਾ। ਬੇਸ਼ੱਕ ਹੁਣ ਵੱਖ-ਵੱਖ ਪਿੰਡਾਂ 'ਚੋਂ ਰਾਵੀ ਦਰਿਆ ਦੇ ਪਾਣੀ ਨੇ ਵਾਪਸੀ ਕਰ ਲਈ ਹੈ ਪਰ ਪਾਣੀ ਦੀ ਮਾਰ ਹਾਏ ਹੇਠ ਆਏ ਪਿੰਡਾਂ ਦਾ ਮੰਜਰ ਹੁਣ ਬੇਹੱਦ ਦੁੱਖਦਾਈ ਅਤੇ ਖੌਫਨਾਕ ਹੈ, ਜਿੱਥੇ ਪਾਣੀ ਸੁੱਕਣ ਦੇ ਬਾਅਦ 1.5 ਪੀੜਤ ਲੋਕਾਂ ਲਈ ਵੱਡੀਆਂ ਗੰਭੀਰ ਸਮੱਸਿਆਵਾਂ ਦਾ ਦੌਰ ਸ਼ੁਰੂ ਹੋ ਗਿਆ ਹੈ। ਅੱਜ ਵੱਖ-ਵੱਖ ਪਿੰਡਾਂ ਦੇ ਲੋਕ ਪਾਣੀ ਸੁੱਕਣ ਦੇ ਬਾਵਜੂਦ ਆਪਣੇ ਘਰਾਂ 'ਚ ਰਹਿਣ ਦੇ ਸਮਰੱਥ ਨਹੀਂ ਹਨ ਕਿਉਂਕਿ ਘਰਾਂ ਦੇ ਵਿਹੜੇ ਅਤੇ ਫਰਸ਼ ਇੰਨੀ ਗੰਦਗੀ ਨਾਲ ਭਰ ਚੁੱਕੇ ਹਨ, ਜਿੱਥੇ ਰਹਿਣਾ ਤਾਂ ਦੂਰ ਸਗੋਂ ਕੁਝ ਮਿੰਟ ਖੜੇ ਹੋਣਾ ਵੀ ਬੇਹੱਦ ਮੁਸ਼ਕਲ ਹੈ। ਘਰਾਂ 'ਚ ਕਈ ਤਰ੍ਹਾਂ ਦੇ ਜ਼ਹਿਰੀਲੇ ਕੀੜੇ ਮਕੌੜੇ ਫਿਰ ਰਹੇ ਹਨ। ਅਜੇ ਵੀ ਬਹੁਤ ਸਾਰੇ ਲੋਕ ਆਪਣੇ ਘਰਾਂ ਦੀਆਂ ਛੱਤਾਂ ਦੇ ਉੱਪਰ ਤੰਬੂ ਲਗਾ ਕੇ ਰਹਿਣ ਲਈ ਮਜਬੂਰ ਹੋਏ ਪਏ ਹਨ। ਜਿਨ੍ਹਾਂ ਲਈ ਅੱਜ ਪੈ ਰਿਹਾ ਮੀਂਹ ਇਕ ਹੋਰ ਸਮੱਸਿਆ ਲੈ ਕੇ ਆਇਆ ਹੈ। ਇਨ੍ਹਾਂ ਪਿੰਡਾਂ 'ਚ ਲੋਕਾਂ ਦੀ ਤਰਸਯੋਗ ਹਾਲਤ ਦੇਖ ਕੇ ਇਕ ਵਾਰ ਹਰ ਵਿਅਕਤੀ ਕੁਦਰਤ ਦੇ ਇਸ ਕਹਿਰ ਨੂੰ ਕੋਸਦਾ ਨਜ਼ਰ ਆ ਰਿਹਾ ਹੈ। ਹੜ੍ਹ ਪੀੜਤ ਪਿੰਡਾਂ 'ਚ ਸਭ ਤੋਂ ਵੱਡਾ ਨੁਕਸਾਨ ਫਸਲਾਂ ਦਾ ਹੋਇਆ ਹੈ ਅਤੇ ਇਹ ਦੱਸਣਯੋਗ ਹੈ ਕਿ ਬਹੁ-ਗਿਣਤੀ ਕਿਸਾਨ ਸਿਰਫ ਫਸਲਾਂ ਤੋਂ ਹੋਣ ਵਾਲੀ ਆਮਦਨ 'ਤੇ ਹੀ ਨਿਰਭਰ ਕਰਦੇ ਹਨ, ਜੋ ਇਸ ਗੱਲ ਨੂੰ ਲੈ ਕੇ ਚਿੰਤਾ 'ਚ ਡੁੱਬੇ ਹੋਏ ਹਨ ਕਿ ਹੁਣ ਉਨ੍ਹਾਂ ਦੀਆਂ ਫਸਲਾਂ ਦੀ ਹੋਈ ਇਸ ਬਰਬਾਦੀ ਦੇ ਬਾਅਦ ਉਹ ਆਉਣ ਵਾਲੇ ਸਮੇਂ 'ਚ ਆਪਣੇ ਆਰਥਿਕ ਲੋੜਾਂ ਨੂੰ ਕਿਸ ਤਰ੍ਹਾਂ ਪੂਰਾ ਕਰਨਗੇ? ਇਸੇ ਤਰ੍ਹਾਂ ਹੁਣ ਦੁਕਾਨਦਾਰ ਵਰਗ ਵੀ ਬੇਹੱਦ ਚਿੰਤਾ 'ਚ ਡੁੱਬਾ ਹੋਇਆ ਹੈ ਕਿਉਂਕਿ ਹੜ੍ਹ ਦੀ ਮਾਰ ਹੇਠ ਆਏ ਪਿੰਡਾਂ ਕਸਬਿਆਂ ਸ਼ਹਿਰਾਂ ਦੇ ਦੁਕਾਨਦਾਰ ਵੀ ਵੱਡੀ ਮੰਦਹਾਲੀ ਦੇ ਦੌਰ ਵਿੱਚ ਹਨ, ਜਿਨ੍ਹਾਂ ਦੀਆਂ ਨਾ ਸਿਰਫ ਦੁਕਾਨਾਂ ਬਰਬਾਦ ਹੋਈਆਂ ਹਨ, ਸਗੋਂ ਦੁਕਾਨਾਂ 'ਚ ਪਿਆ ਕੀਮਤੀ ਸਾਮਾਨ ਵੀ ਹੜ੍ਹ ਦੇ ਪਾਣੀ ਦੀ ਭੇਟ ਚੜ੍ਹ ਗਿਆ ਹੈ। ਦੁਕਾਨਦਾਰਾਂ ਨੂੰ ਵੀ ਇਹ ਡਰ ਸਤਾ ਰਿਹਾ ਹੈ ਕਿ ਉਹ ਆਪਣੇ ਕਾਰੋਬਾਰਾਂ ਨੂੰ ਮੁੜ ਕਿਸ ਤਰ੍ਹਾਂ ਖੜ੍ਹਾ ਕਰਨਗੇ ਅਤੇ ਕਿਸ ਤਰ੍ਹਾਂ ਉਨਾਂ ਦੀ ਜ਼ਿੰਦਗੀ ਮੁੜ ਲੀਹਾਂ 'ਤੇ ਆਵੇਗੀ। ਹੋਰ ਤੇ ਹੋਰ ਘਰਾਂ 'ਚ ਲੋਕਾਂ ਵੱਲੋਂ ਪੂਰੀ ਉਮਰ ਦੀ ਮਿਹਨਤ ਕਰਕੇ ਬਣਾਇਆ ਗਿਆ ਸਾਜੋ ਸਮਾਨ ਵੀ ਪਾਣੀ ਨੇ ਆਪਣੀ ਲਪੇਟ ਵਿੱਚ ਲੈ ਕੇ ਖਤਮ ਕਰ ਦਿੱਤਾ ਹੈ। ਹਾਲਾਤ ਇਹ ਬਣੇ ਹੋਏ ਹਨ ਕਿ ਲੋਕਾਂ ਕੋਲ ਘਰਾਂ ਵਿਚ ਸੌਣ ਲਈ ਬੈਡ ਵੀ ਸੁਰੱਖਿਆਤ ਨਹੀਂ ਬਚੇ। ਬੈੱਡ ਵੀ ਪਾਣੀ ਦੀ ਮਾਰ ਹੇਠ ਆ ਕੇ ਖਰਾਬ ਹੋ ਗਏ ਹਨ, ਜਿਸ ਤੋਂ ਇਲਾਵਾ ਸੋਫੇ ਫਰਨੀਚਰ ਅਤੇ ਹੋਰ ਕੀਮਤੀ ਸਾਮਾਨ ਵੀ ਪਾਣੀ ਦੀ ਮਾਰ ਤੋਂ ਬਚ ਨਹੀਂ ਸਕਿਆ। ਹੜ੍ਹ ਪੀੜਤ ਲੋਕਾਂ ਲਈ ਇਸ ਮੌਕੇ ਜਿੱਥੇ ਪਾਣੀ ਅਤੇ ਭੋਜਨ ਦੀ ਵੱਡੀ ਜ਼ਰੂਰਤ ਹੈ, ਉਸ ਦੇ ਨਾਲ ਹੀ ਪਸ਼ੂਆਂ ਦੇ ਚਾਰੇ ਵਾਸਤੇ ਵੀ ਮੰਗ ਕਰਦੇ ਆ ਰਹੇ ਹਨ। ਇਸ ਮੌਕੇ ਵੱਖ-ਵੱਖ ਸਮਾਜਸੇਵੀ ਜਥੇਬੰਦੀਆਂ ਅਤੇ ਪ੍ਰਸ਼ਾਸਨ ਨੇ ਲੋਕਾਂ ਦੀ ਮਦਦ ਲਈ ਬਹੁਤ ਸਾਰਾ ਰਾਸ਼ਨ ਅਤੇ ਅਜਿਹਾ ਹੋਰ ਸਾਮਾਨ ਲੋਕਾਂ ਤੱਕ ਪਹੁੰਚਾ ਦਿੱਤਾ ਹੈ। ਪਰ ਲੋਕ ਆਪਣੇ ਪੁਨਰਵਾਸ ਲਈ ਹੁਣ ਹੋਰ ਕਈ ਤਰ੍ਹਾਂ ਦੀਆਂ ਸਹੂਲਤਾਂ ਅਤੇ ਵਸਤੂਆਂ ਤੋਂ ਵਾਂਝੇ ਹਨ। ਪਸ਼ੂਆਂ ਦੇ ਚਾਰੇ ਅਤੇ ਪੀਣ ਵਾਲੇ ਪਾਣੀ ਲਈ ਟੈਂਕਰ ਉਪਲਬਧ ਕਰਵਾਏ ਜਾਣ ਦੀ ਸਖਤ ਲੋੜ ਹੈ। ਇਸੇ ਤਰ੍ਹਾਂ ਪੂਰੇ ਇਲਾਕੇ ਵਿੱਚ ਬਿਜਲੀ ਸਪਲਾਈ ਬੰਦ ਹੋਣ ਕਾਰਨ ਲੋਕਾਂ ਵੱਲੋਂ ਜਨਰੇਟਰਾਂ ਦੀ ਵੀ ਜਰੂਰਤ ਹੈ ਤਾਂ ਜੋ ਲੋਕ ਜਨਰੇਟਰ ਚਲਾ ਕੇ ਘੱਟੋ ਘੱਟ ਆਪਣੇ ਘਰਾਂ ਵਿੱਚ ਇਨਵਰਟਰ ਦੀਆਂ ਬੈਟਰੀਆਂ ਨੂੰ ਚਾਰਜ ਕਰ ਸਕਣ ਅਤੇ ਆਪਣੇ ਮੋਬਾਈਲ ਫੋਨਾਂ ਸਮੇਤ ਹੋਰ ਜਰੂਰੀ ਬਿਜਲੀ ਉਪਕਰਨ ਚਾਲੂ ਹਾਲਤ ਵਿੱਚ ਲਿਆ ਸਕਣ। ਲੋਕਾਂ ਨੂੰ ਰਾਸ਼ਨ ਬਣਾਉਣ ਲਈ ਸਿਲੰਡਰ ਅਤੇ ਛੋਟੇ ਚੁਲਿਆਂ ਦੀ ਵੀ ਭਾਰੀ ਜਰੂਰਤ ਮਹਿਸੂਸ ਹੋ ਰਹੀ ਹੈ ਕਿਉਂਕਿ ਬਹੁਤ ਸਾਰੇ ਲੋਕਾਂ ਦੀਆਂ ਘਰਾਂ ਵਿੱਚ ਪਏ ਚੁੱਲੇ ਪਹਿਲਾਂ ਹੀ ਖਰਾਬ ਹੋ ਚੁੱਕੇ ਹਨ। ਬੱਚਿਆਂ ਲਈ ਡਾਈਪਰ, ਸੈਨੀਟਰੀ ਨੈਪਕਿਨ, ਤਰਪਾਲਾਂ, ਪਾਉਣ ਲਈ ਕੱਪੜੇ, ਬਿਜਲੀ ਠੀਕ ਕਰਨ ਲਈ ਇਲੈਕਟਰੀਸ਼ਨ ਸਮੇਤ ਬਹੁਤ ਸਾਰੀਆਂ ਵਸਤੂਆਂ ਦੀ ਲੋਕਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ। ਹੋਰ ਤੇ ਹੋਰ ਤਬਾਹ ਹੋਈਆਂ ਇਨਾਂ ਇਮਾਰਤਾਂ ਅਤੇ ਘਰਾਂ ਦੇ ਵਿੱਚ ਪਏ ਵੱਖ ਵੱਖ ਟੋਇਆਂ ਨੂੰ ਭਰਨ ਲਈ ਲੋਕਾਂ ਵੱਲੋਂ ਮਿੱਟੀ, ਰੇਤਾ, ਸੀਮਿੰਟ, ਬੱਜਰੀ, ਇੱਟਾਂ, ਸਰੀਆ ਮਿਸਤਰੀਆਂ ਪਲੰਬਰਾ ਦੀ ਵੀ ਲੋੜ ਹੈ। ਗੰਦਗੀ ਦੀ ਸਫਾਈ ਕਰਨ ਲਈ ਇਸ ਮੌਕੇ ਝਾੜੂ, ਪ੍ਰੈਸ਼ਰ ਪੰਪ, ਪਾਣੀ ਵਾਲੇ ਟੈਂਕਰ, ਕਹੀਆਂ, ਖੁਰਪੇ ਅਤੇ ਬਾਲਟੀਆਂ ਆਦਿ ਵੀ ਜ਼ਰੂਰਤ ਦੱਸੀ ਜਾ ਰਹੀ ਹੈ। ਇਨ੍ਹਾਂ ਸਭ ਤੋਂ ਜ਼ਿਆਦਾ ਅਹਿਮ ਚੀਜ਼ ਇਹ ਮੰਨੀ ਜਾ ਰਹੀ ਹੈ ਕਿ ਲੋਕ ਸਿਰਫ ਸਾਮਾਨ ਭੇਜਣ ਦੀ ਬਜਾਏ ਖੁਦ ਇਹਨਾਂ ਇਲਾਕਿਆਂ ਵਿਚ ਜਾ ਕੇ ਪੀੜਤ ਲੋਕਾਂ ਨਾਲ ਹੱਥੀ ਸੇਵਾ ਕਰਨ ਤਾਂ ਜੋ ਉਨ੍ਹਾਂ ਦੇ ਘਰ ਅਤੇ ਹੋਰ ਇਮਾਰਤਾਂ ਮੁੜ ਜਲਦੀ ਤੋਂ ਜਲਦੀ ਸਾਫ ਹੋ ਸਕਣ ਅਤੇ ਲੋਕ ਮੁੜ ਆਪਣੀ ਆਮ ਜ਼ਿੰਦਗੀ ਸ਼ੁਰੂ ਕਰ ਸਕਣ।

# ਬਰਸਾਤ ਕਾਰਨ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ ਦਾ ਹੱਲ ਕੀਤਾ ਜਾਵੇਗਾ: ਕਰਮਜੀਤ ਸਿੰਘ ਰਿੰਟੂ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 12 ਸਤੰਬਰ: ਇੰਪਰੂਵਮੈਂਟ ਟਰੱਸਟ ਅੰਮ੍ਰਿਤਸਰ ਦੇ ਚੇਅਰਮੈਨ ਅਤੇ ਵਿਧਾਨ ਸਭਾ ਉੱਤਰੀ ਖੇਤਰ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਕਰਮਜੀਤ ਸਿੰਘ ਰਿੰਟੂ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਭਾਰੀ ਮੀਂਹ ਕਾਰਨ ਵਿਕਾਸ ਕਾਰਜ ਰੁਕ ਗਏ ਸਨ, ਜੋ ਹੁਣ ਸ਼ੁਰੂ ਕਰ ਦਿੱਤੇ ਗਏ ਹਨ। ਰਿੰਟੂ ਨੇ ਕਿਹਾ ਕਿ ਉੱਤਰੀ ਵਿਧਾਨ ਸਭਾ ਹਲਕੇ ਦੇ ਲੋਕਾਂ ਨੂੰ ਮੀਂਹ ਕਾਰਨ ਜੋ ਵੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ, ਉਨ੍ਹਾਂ ਦਾ ਹੱਲ ਕੀਤਾ ਜਾਵੇਗਾ। ਰਿੰਟੂ ਨੇ ਅੱਜ ਵਾਰਡ ਨੰਬਰ 9 ਖੇਤਰ ਵਿੱਚ ਸ਼ਾਸਤਰੀ ਨਗਰ ਗੋਪਾਲ ਮੰਦਰ ਨੇੜੇ ਗਲੀਆਂ ਬਣਾਉਣ ਦੇ ਵਿਕਾਸ ਕਾਰਜ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕ ਲੰਬੇ ਸਮੇਂ ਤੋਂ ਟੁੱਟੀਆਂ ਗਲੀਆਂ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਸਨ। ਹੁਣ ਉਨ੍ਹਾਂ ਦੀ ਇਹ ਸਮੱਸਿਆ ਹੱਲ ਹੋ ਜਾਵੇਗੀ। ਜਲਦੀ ਹੀ ਗਲੀਆਂ ਦੀ ਉਸਾਰੀ ਪੂਰੀ ਹੋਣ ਨਾਲ ਸਥਾਨਕ ਲੋਕਾਂ ਨੂੰ ਰਾਹਤ ਮਿਲੇਗੀ। ਰਿੰਟੂ ਨੇ ਇਸ ਇਲਾਕੇ ਦੇ ਲੋਕਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਸਾਹਿਲ ਸਾਗਰ, ਬੌਬੀ ਸਰੀਨ, ਗੁਰਿੰਦਰ ਗੋਰਾ, ਜਸਵਿੰਦਰ ਸਿੰਘ ਅਤੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ। ਕਰਮਜੀਤ ਸਿੰਘ ਰਿੰਟੂ ਨੇ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਵਧਾਉਂਦੇ ਹੋਏ ਅੱਜ ਗ੍ਰਾਮ ਪੰਚਾਇਤ ਚਾਂਦ ਐਵੇਨਿਊ ਸੈਕਟਰ 2 ਦੀ ਮੁੱਖ ਸੜਕ ਦੇ ਨਿਰਮਾਣ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਇਸ ਸੜਕ ਦਾ ਨਿਰਮਾਣ ਜਲਦੀ ਹੀ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੀਂਹ ਕਾਰਨ ਸੜਕਾਂ ਦਾ ਨਿਰਮਾਣ ਕੰਮ ਰੁਕ ਗਿਆ ਸੀ। ਇਸ ਮੌਕੇ ਰਿੰਟੂ ਨੇ ਪੰਚਾਇਤ ਨਾਲ ਵੀ ਮੁਲਾਕਾਤ ਕੀਤੀ ਅਤੇ ਮੀਂਹ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਬਾਰੇ ਜਾਣਿਆ। ਉਨ੍ਹਾਂ ਪੰਚਾਇਤ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕੀਤਾ ਜਾਵੇਗਾ। ਇਸ ਮੌਕੇ ਸਰਪੰਚ ਵੀਨਾ ਮਹਿਰਾ, ਪ੍ਰਧਾਨ ਅਜੇ ਨੰਦਾ, ਪੰਚ ਰਾਕੇਸ਼ ਖੰਨਾ, ਚੰਦਨ ਪਾਲ ਸਿੰਘ, ਰਾਕੇਸ਼ ਪਾਠਕ, ਸੰਦੀਪ ਲਾਹੌਰੀਆ, ਸਾਰਥੀ ਮਹਿਰਾ, ਮਹੇਸ਼ ਮੁਖੀਜਾ, ਡਾਕਟਰ ਪੁੰਜ, ਪ੍ਰਣਵ ਧਵਨ ਅਤੇ ਇਲਾਕੇ ਦੇ ਲੋਕ ਮੌਜੂਦ ਸਨ। ਕਰਨਜੀਤ ਸਿੰਘ ਰਿੰਟੂ ਨੇ ਉੱਤਰੀ ਵਿਧਾਨ ਸਭਾ ਹਲਕੇ ਦੇ ਗ੍ਰਾਮ ਪੰਚਾਇਤ ਨੌਸ਼ਹਿਰਾ ਖੁਰਦ ਐਨਕਲੇਵ ਵਿੱਚ ਪੰਚਾਇਤ ਮੈਂਬਰਾਂ ਅਤੇ ਸਥਾਨਕ ਲੋਕਾਂ ਨਾਲ ਮੁਲਾਕਾਤ ਕਰਕੇ ਪੂਰੇ ਖੇਤਰ ਦਾ ਨਿਰੀਖਣ ਵੀ ਕੀਤਾ। ਰਿੰਟੂ ਨੇ ਇਸ ਇਲਾਕੇ ਵਿੱਚ ਘਰ-ਘਰ ਜਾ ਕੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਸਮਝਿਆ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਸਮੱਸਿਆਵਾਂ ਨੂੰ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਸ ਇਲਾਕੇ ਦੀਆਂ ਸੀਵਰੇਜ, ਸਾਰੀਆਂ ਸੜਕਾਂ ਅਤੇ ਗਲੀਆਂ ਬਣਾਉਣ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਮੀਂਹ ਕਾਰਨ ਨੁਕਸਾਨੀਆਂ ਗਈਆਂ ਕੁਝ ਇਮਾਰਤਾਂ ਨੂੰ ਦੁਬਾਰਾ ਬਣਾਉਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਭਾਰੀ ਮੀਂਹ ਕਾਰਨ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬੀ ਲੋਕਾਂ ਦੇ ਨਾਲ ਖੜ੍ਹੇ ਹਨ। ਇਸ ਮੌਕੇ ਸੇਠ ਐਨਕਲੇਵ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਆਦਿਤਿਆ, ਉਪ ਪ੍ਰਧਾਨ ਜਸਮੀਤ ਸਿੰਘ, ਜਨਰਲ ਸਕੱਤਰ ਅਮਿਤ ਗੋਸਵਾਮੀ, ਸਕੱਤਰ ਸਾਕਸ਼ੀ ਖੰਨਾ, ਚੰਦਰ ਪ੍ਰਕਾਸ਼ ਅਤੇ ਸਮੁੱਚੇ ਇਲਾਕੇ ਦੇ ਵਸਨੀਕ ਮੌਜੂਦ ਸਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸਫਾਈ ਅਤੇ ਸਵੱਛਤਾ 'ਤੇ ਧਿਆਨ ਦੇਣ, ਸਾਨੂੰ ਸਾਰਾ ਦੇਸ਼ ਸਵੱਛ ਬਣਾਉਣਾ ਹੈ - ਕੇਂਦਰੀ ਮੰਤਰੀ ਮਨੋਹਰ ਲਾਲ

ਕੌਮੀ ਪੱਤ੍ਰਿਕਾ

ਚੰਡੀਗੜ੍ਹ, 12 ਸਤੰਬਰ: ਕੇਂਦਰੀ ਊਰਜਾ, ਆਵਾਸਨ ਅਤੇ ਸ਼ਹਿਰੀ ਕਾਰਜ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਅਸੀਂ ਸਾਰੇ ਸਫਾਈ ਅਤੇ ਸਵੱਛਤਾ 'ਤੇ ਧਿਆਨ ਦੇਣ, ਅਸੀਂ ਸਾਰਾ ਦੇਸ਼ ਸਵੱਛ ਕਰਨਾ ਹੈ। ਦੇਸ਼ ਸਵੱਛ ਹੋਵੇਗਾ ਤਾਂਹੀ ਅਸੀਂ ਕਹਿ ਪਾਵਾਂਗੇ ਕਿ ਭਾਰਤ ਨੇ ਸਵੱਛਤਾ ਵਿੱਚ ਕਮਾਲ ਕਰ ਦਿੱਤਾ। ਉਨ੍ਹਾਂ ਨੇ ਸਾਰੇ ਮੇਅਰ ਨੂੰ ਅਪੀਲ ਕੀਤੀ ਕਿ ਪਾਰਸ਼ਦਾਂ ਦੇ ਨਾਲ ਮਿਲ ਕੇ ਇੱਕ ਟੀਮ ਬਣਾ ਕੇ ਚੱਲਣ। ਬਿਨ੍ਹਾਂ ਭੇਦਭਾਵ ਦੇ ਜਿੰਮੇਵਾਰੀ ਦੇ ਨਾਲ ਸ਼ਹਿਰਾਂ ਨੂੰ ਸਾਫ ਅਤੇ ਸਵੱਛ ਬਣਾਉਣ ਅਤੇ ਅੱਗੇ ਵਧਾਉਣ। ਕੇਂਦਰੀ ਮੰਤਰੀ ਸ੍ਰੀ ਮਨੋਹਰ ਲਾਲ ਨੇ ਇਹ ਗੱਲ ਮੰਗਲਵਾਰ ਨੂੰ ਕਰਨਾਲ ਵਿੱਚ ਆਯੋਜਿਤ ਅਖਿਲ ਭਾਰਤੀ ਮੇਅਰ ਪਰਿਸ਼ਦ ਦੀ 53ਵੀਂ ਸਾਧਾਰਣ ਸਭਾ ਦੀ ਮੀਟਿੰਗ ਦੌਰਾਨ ਸੰਬੋਧਿਤ ਕਰਦੇ ਹੋਏ ਕਹੀ। ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦੇ ਬਾਅਦ ਤੀਜੀ ਸ਼ਹਿਰ ਦੀ ਸਰਕਾਰ ਨਗਰ ਨਿਗਮ ਹੁੰਦੀ ਹੈ। ਪੂਰੇ ਦੇਸ਼ ਵਿੱਚ 5 ਹਜਾਰ 20 ਸ਼ਹਿਰ ਹਨ, ਇਨ੍ਹਾਂ ਵਿੱਚ ਤੇਜੀ ਨਾਲ ਸ਼ਹਿਰੀਕਰਣ ਵੱਧ ਰਿਹਾ ਹੈ। 1970 ਵਿੱਚ ਸ਼ਹਿਰੀ ਆਜਾਦੀ ਮਹਿਜ 20 ਫੀਸਦੀ ਸੀ, 50 ਸਾਲ ਬਾਅਦ ਇਹ ਆਂਕੜਾ 35 ਫੀਸਦੀ ਸੀ ਅਤੇ ਇੱਕ ਅੰਦਾਜਾ ਲਗਾਇਆ ਜਾ ਰਿਹਾ ਹੈ ਕਿ ਆਉਣ ਵਾਲੇ 15 ਸਾਲ ਵਿੱਚ 50 ਫੀਸਦੀ ਆਬਾਦੀ ਸ਼ਹਿਰੀ ਹੋਵੇਗੀ। ਲੋਕ ਰੁਜਗਾਰ ਦੇ ਨਾਤੇ ਸ਼ਹਿਰਾਂ ਵੱਲ ਵੱਧ ਰਹੇ ਹਨ। ਇਹ ਸਿਰਫ ਇੱਕ ਗਿਣਤੀ ਨਹੀਂ, ਸਗੋ ਨਵੇਂ ਮੌਕਿਆਂ, ਆਧੁਨਿਕ ਇੰਫ੍ਰਾਸਟ੍ਰਕਚਰ ਅਤੇ ਬਿਹਤਰ ਜੀਵਨ ਸ਼ੈਲੀ ਦੀ ਅਪਾਰ ਸੰਭਾਵਨਾਵਾਂ ਦਾ ਪ੍ਰਤੀਕ ਹਨ ਅਤੇ ਸਾਨੂੰ ਸਾਰਿਆਂ ਨੂੰ ਇਸ ਦਿਸ਼ਾ ਵਿੱਚ ਬਿਹਤਰ ਤਾਲਮੇਲ ਦੇ ਨਾਲ ਇੱਕ ਵਿਕਸਿਤ ਭਾਰਤ ਦੀ ਕਲਪਨਾ ਦਾ ਨਿਰਮਾਣ ਕਰਨਾ ਹੈ। ਅਜਿਹੇ ਵਿੱਚ ਨਗਰ ਨਿਗਮ ਸ਼ਹਿਰਾਂ ਵਿੱਚ ਬਿਹਤਰ ਸਹੂਲਤਾ ਦੇਣ। ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਜਿਨ੍ਹਾਂ ਸੂਬਿਆਂ ਵਿੱਚ ਬਿਹਤਰ ਵਿਵਥਾਵਾਂ ਹਨ, ਉਨ੍ਹਾਂ ਵਿਵਥਾਵਾਂ ਨੂੰ ਮੇਅਰ ਆਪਣੇ ਸੂਬਿਆਂ ਵਿੱਚ ਵੀ ਲਾਗੂ ਕਰਨ। ਉਨ੍ਹਾਂ ਨੇ ਮੇਅਰ ਅਹੁਦੇ ਲਈ ਚੋਣ ਦਾ ਉਦਾਹਰਣ ਦਿੰਦੇ ਹੋਏ ਕਿਹਾ ਕਿ ਯੂਪੀ ਵਿੱਚ ਮੇਅਰ ਅਹੁਦੇ ਲਈ ਚੋਣ ਹੁੰਦਾ ਸੀ ਜਦੋਂ ਕਿ ਹਰਿਆਣਾ ਵਿੱਚ ਅਜਿਹੀ ਵਿਵਸਥਾ ਨਹੀਂ ਸੀ। ਉਨ੍ਹਾਂ ਨੇ ਇਸ ਵਿਵਸਥਾ ਨੂੰ ਬਦਲਿਆ ਅਤੇ ਮੇਅਰ ਦੇ ਸਿੱਧੇ ਚੋਣ ਕਰਵਾਏ। ਇਸ ਤਰ੍ਹਾ ਦੀ ਵਿਵਸਥਾਵਾਂ ਲਈ ਕਾਨੂੰਨ ਰਾਜ ਸਰਕਾਰ ਵੱਲੋਂ ਬਣਾਏ ਜਾਣੇ ਹਨ। ਕੇਂਦਰੀ ਮੰਤਰੀ ਨੇ ਕਿਹਾ ਕਿ ਹਰ ਸ਼ਹਿਰ ਦੀ ਆਪਣੀ ਵਿਸ਼ੇਸ਼ਤਾਵਾਂ ਹਨ। ਕੋਈ ਸ਼ਹਿਰ ਧਾਰਮਿਕ ਹੈ ਤਾਂ ਕੋਈ ਉਦਯੋਗਿਕ ਹੈ। ਅਜਿਹੇ ਵਿੱਚ ਉੱਥੇ ਦੀ ਜਰੂਰਤਾਂ ਅਤੇ ਸਮਸਿਆਵਾਂ ਵੱਖ-ਵੱਖ ਹਨ। ਅਜਿਹੇ ਵਿੱਚ ਵਿਵਸਥਾਵਾਂ ਵੀ ਅਜਿਹੀ ਕਰਨੀ ਚਾਹੀਦੀ ਹੈ। ਅਜਿਹੇ ਵਿੱਚ ਸਾਰੇ ਜਨਪ੍ਰਤੀਨਿਧੀਆਂ ਨੂੰ ਲਗਾਤਾਰ ਸ਼ਹਿਰਾਂ ਦੀ ਬਿਹਤਰੀ ਲਈ ਕੰਮ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਜਨਪ੍ਰਤੀਨਿਧੀਆਂ ਨੂੰ ਆਪਣੀ ਜੰਗੀ ਫੌਜ ਬਣਾਉਣ ਲਈ ਵੀ ਜੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਨਗਰ ਨਿਗਮਾਂ ਵਿੱਚ ਕੇਂਦਰ ਅਤੇ ਸੂਬਾ ਸਰਕਾਰ ਫੰਡ ਦਿੰਦੀ ਹੈ ਜੇਕਰ ਇਸ ਸਬੰਧ ਵਿੱਚ ਲਗਰ ਨਿਗਮ ਸਹੀ ਨਾਲ ਪਲਾਨਿੰਗ ਕਰੇ ਅਤੇ ਆਪਣੀ ਆਮਦਨੀ ਠੀਕ ਕਰੇ ਤਾਂ ਖਰਚ ਵੀ ਠੀਕ ਹੋਣਗੇ। ਕਰਮਚਾਰੀਆਂ ਨੂੰ ਤਕਨੀਕ ਦੇ ਨਾਲ ਟ?ਰੇਨਿੰਗ ਦੇਣ। ਵਾਤਾਵਰਣ ਸੰਰਖਣ ਕਰਨ ਲਈ ਵੀ ਕਦਮ ਚੁੱਕਣ। ਇਸ ਦੇ ਨਾਲ-ਨਾਲ ਭਵਿੱਖ ਦੀ ਪਲਾਨਿੰਗ ਕਰਨ। ਉਨ੍ਹਾਂ ਨੇ ਕਿਹਾ ਕਿ ਹੁਣ ਪੂਰੇ ਸੂਬੇ ਦੇ ਲਈ ਆਯੋਜਿਤ ਹੋਣ ਵਾਲੀ ਸਵੱਛਤਾ ਮੁਕਾਬਲੇ ਦੇ ਪੈਟਰਨ ਵਿੱਚ ਵੀ ਬਦਲਾਅ ਕੀਤਾ ਗਿਆ ਹੈ। ਜੋ ਸੂਬਾ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣਗੇ, ਉਨ੍ਹਾਂ ਨੂੰ ਆਪਣੇ ਸੂਬੇ ਦੇ ਸੱਭ ਤੋਂ ਹੇਠਲੇ ਪਾਇਦਾਨ 'ਤੇ ਆਉਣ ਵਾਲੇ ਨਗਰ ਨਿਗਮ ਦੇ ਨਾਲ ਜੋੜੀ ਬਣਾ ਕੇ ਅਗਲੀ ਦਫਾ ਮੁਕਾਬਲੇ ਵਿੱਚ ਹਿੱਸਾ ਲੈਣਾ ਹੋਵੇਗਾ। ਦੋਨੋਂ ਦੀ ਰੈਂਕਿੰਗ ਸੁਧਰੇਗੀ ਤਾਂ ਹੀ ਸਵੱਛਤਾ ਰੈਂਕਿੰਗ ਵਿੱਚ ਕੋਈ ਸਥਾਨ ਮਿਲ ਪਾਵੇਗਾ।

## ਮੁੱਖ ਮੰਤਰੀ ਪੰਜਾਬ ਹੜ੍ਹ ਪੀੜਤ ਇਲਾਕੇ ਨੂੰ ਰਾਹਤ ਦੇਣ ਲਈ ਜਿਸ ਦਾ ਖੇਤ ਉਸਦੀ ਰੇਤ ਨੀਤੀ ਲੈ ਕੇ ਆਉਣ -ਧਾਲੀਵਾਲ

ਅਜਨਾਲਾ 12 ਸਤੰਬਰ: ਸਾਬਕਾ ਕੈਬਨਿਟ ਮੰਤਰੀ ਅਤੇ ਹਲਕਾ ਵਿਧਾਇਕ ਅਜਨਾਲਾ ਸ ਕੁਲਦੀਪ ਸਿੰਘ ਧਾਲੀਵਾਲ, ਜੋ ਕਿ ਹੜ ਵਾਲੇ ਦਿਨ ਤੋਂ ਲੈ ਕੇ ਹੁਣ ਤੱਕ ਲੋਕ ਸੇਵਾ ਵਿੱਚ ਲੱਗੇ ਹੋਏ ਹਨ, ਨੇ ਅੱਜ ਰਾਵੀ ਦਰਿਆ ਦੇ ਨਾਲ ਲੱਗਦੇ ਪਿੰਡ ਮਾਛੀਵਾਲ ਵਿਖੇ ਖੇਤਾਂ ਦਾ ਜਾਇਜ਼ਾ ਲੈਣ ਉਪਰੰਤ ਦੱਸਿਆ ਕਿ ਇਸ ਇਲਾਕੇ ਵਿੱਚ ਰਾਵੀ ਦਰਿਆ ਨੇ ਖੇਤਾਂ ਵਿੱਚ ਚਾਰ-ਚਾਰ ਫੁੱਟ ਰੇਤ ਸੁੱਟ ਦਿੱਤੀ ਹੈ। ਉਹਨਾਂ ਦੱਸਿਆ ਕਿ ਇਹ ਹਾਲ ਰਾਵੀ ਦਰਿਆ ਦੇ ਦੋਵੇਂ ਪਾਸੇ ਹੋਇਆ ਹੈ। ਇਨਾ ਖੇਤਾਂ ਵਿੱਚ ਝੋਨਾ ਲੱਗਾ ਸੀ ਅਤੇ ਉਹ ਪੱਕਣ ਕਿਨਾਰੇ ਸੀ ਕਿ ਹੜ ਆ ਗਏ। ਰਾਵੀ ਦਰਿਆ ਵਿੱਚੋਂ ਰੇਤ ਨਿਕਲ ਕੇ ਇਹਨਾਂ ਖੇਤਾਂ ਦੇ ਵਿੱਚ ਪਹੁੰਚ ਗਈ, ਜੋ ਕਿ ਅੰਦਾਜ਼ਨ ਚਾਰ-ਚਾਰ ਫੁੱਟ ਹੈ। ਉਹਨਾਂ ਕਿਹਾ ਕਿ ਇਹਨਾਂ ਖੇਤਾਂ ਵਿੱਚੋਂ ਪਾਣੀ ਸੁੱਕਣਾ ਹੈ ਅਤੇ ਫਿਰ ਰੇਤਾ ਚੁੱਕ ਕੇ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ, ਜੋ ਕਿ ਬਹੁਤ ਮੁਸ਼ਕਿਲ ਹੈ। ਅਕਤੂਬਰ ਮਹੀਨੇ ਤੱਕ ਕਣਕ ਦੀ ਬਜਾਈ ਹੋ ਜਾਂਦੀ ਹੈ ਅਤੇ ਇਹਨਾਂ ਦੋ ਮਹੀਨਿਆਂ ਵਿੱਚ ਇਹ ਰੇਤ ਚੁੱਕਣੀ ਅਸੰਭਵ ਹੈ। ਦੂਸਰਾ ਇਸਨੂੰ ਚੁੱਕਣ ਉੱਤੇ ਵੀ ਮਸ਼ੀਨਾਂ ਅਤੇ ਡੀਜ਼ਲ ਦਾ ਵੱਡਾ ਖਰਚਾ ਕਿਸਾਨਾਂ ਦੇ ਸਿਰ ਤੇ ਪੈਣਾ ਹੈ, ਜਿਸ ਨੂੰ ਸੋਚ ਕੇ ਕਿਸਾਨ ਪਰੇਸ਼ਾਨ ਹੋ ਰਿਹਾ ਹੈ। ਉਨ੍ਹਾਂ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਨੂੰ ਅਪੀਲ ਕਰਦੇ ਕਿਹਾ ਕਿ ਉਹ ਆਪਣੀ ਮਾਈਨਿੰਗ ਨੀਤੀ ਵਿੱਚ ਸੋਧ ਕਰਕੇ ਇਹ ਯਕੀਨੀ ਬਣਾਉਣ ਕਿ ਜਿਸ ਦਾ ਖੇਤ ਹੈ ਉਸ ਦੀ ਰੇਤ ਹੋਵੇ। ਉਹਨਾਂ ਕਿਹਾ ਕਿ ਇਸ ਨੀਤੀ ਨਾਲ ਕਿਸਾਨ ਇਹ ਰੇਤ ਜਾਂ ਤਾਂ ਆਪ ਵੇਚ ਲਵੇਗਾ ਜਾਂ ਕਿਸੇ ਨੂੰ ਵੇਚ ਕੇ ਇਸ ਦੇ ਪੈਸੇ ਵੱਟ ਲਵੇਗਾ, ਜਿਸ ਨਾਲ ਉਸਦੇ ਪਰਿਵਾਰ ਦਾ ਗੁਜ਼ਾਰਾ ਚੱਲਦਾ ਰਹੇਗਾ। ਉਹਨਾਂ ਕਿਹਾ ਕਿ ਜੇਕਰ ਰਾਵੀ ਦਰਿਆ ਨੇ ਇਹਨਾਂ ਦੀਆਂ ਫਸਲਾਂ ਖਰਾਬ ਕੀਤੀਆਂ ਹਨ ਅਤੇ ਹੁਣ ਰੇਤ ਸੁੱਟੀ ਹੈ ਤਾਂ ਉਸ ਉੱਤੇ ਹੱਕ ਉਸ ਕਿਸਾਨ ਦਾ ਹੀ ਹੋਣਾ ਚਾਹੀਦਾ ਹੈ।

## ਖਾਲਸਾ ਕਾਲਜ ਅੰਮ੍ਰਿਤਸਰ ਅਤੇ ਪਬਲਿਕ ਸਕੂਲ ਨੇ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਅਤੇ ਪੈਸੇ ਭੇਜੇ

ਅੰਮ੍ਰਿਤਸਰ, 12 ਸਤੰਬਰ: ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਇਤਿਹਾਸਕ ਖ਼ਾਲਸਾ ਕਾਲਜ ਅਤੇ ਖ਼ਾਲਸਾ ਕਾਲਜ ਪਬਲਿਕ ਸਕੂਲ ਜੀ. ਟੀ. ਰੋਡ ਵੱਲੋਂ ਸੂਬੇ 'ਚ ਕੁਦਰਤੀ ਕਰੋਪੀ ਕਾਰਨ ਹੜ੍ਹ ਦੀ ਮਾਰ ਹੇਠ ਆਏ ਪਿੰਡਾਂ ਦੇ ਵਸਨੀਕਾਂ ਦੀ ਸਹਾਇਤਾ ਲਈ ਕ੍ਰਮਵਾਰ ਚੈੱਕ ਅਤੇ ਰਾਹਤ ਸਮੱਗਰੀ ਰਾਹੀਂ ਯੋਗਦਾਨ ਪਾਇਆ ਗਿਆ। ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਅਜਨਾਲਾ ਵਿਖੇ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਨੂੰ 2 ਲੱਖ 35 ਹਜ਼ਾਰ ਦੇ ਕਰੀਬ ਦਾ ਚੈੱਕ ਅਤੇ ਸਕੂਲ ਪ੍ਰਿੰਸੀਪਲ ਸ: ਅਮਰਜੀਤ ਸਿੰਘ ਗਿੱਲ ਵੱਲੋਂ ਰਾਸ਼ਨ ਤੇ ਹੋਰ ਖਾਧ ਵਸਤੂਆਂ ਸਬੰਧੀ ਬੱਸਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਦੌਰਾਨ ਪਿ?ਰੰ: ਡਾ. ਰੰਧਾਵਾ ਅਤੇ ਪ੍ਰਿੰ: ਸ: ਗਿੱਲ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੌਂਸਲ ਨੇ ਹਮੇਸ਼ਾਂ ਹੀ ਪੰਜਾਬ 'ਤੇ ਜਦ ਕਦੇ ਵੀ ਕਿਸੇ ਵੀ ਤਰ੍ਹਾਂ ਕੋਈ ਕੁਦਰਤੀ ਆਫ਼ਤ, ਬਿਪਤਾ ਆਦਿ ਔਖੀ ਘੜੀ ਆਈ ਤਾਂ ਸਮੂਹ ਮੈਨੇਜ਼ਮੈਂਟ ਨੇ ਹਮੇਸ਼ਾਂ ਹੀ ਅਗਾਂਹ ਕਦਮ ਪੁੱਟਦੇ ਹੋਏ ਮੁਸੀਬਤ 'ਚ ਆਏ ਲੋਕਾਂ ਹੀ ਹਮੇਸ਼ਾਂ ਬਾਂਹ ਫੜ੍ਹੀ। ਉਨ੍ਹਾਂ ਕਿਹਾ ਕਿ ਉਕਤ ਸੁਵਿਧਾ ਅਧਿਆਪਕ ਦਿਵਸ ਵਜੋਂ ਹੜ੍ਹ ਦੀ ਮਾਰ ਹੇਠ ਆਏ ਲੋੜਵੰਦ ਲੋਕਾਂ ਨੂੰ ਪ੍ਰਦਾਨ ਕੀਤੀ ਗਈ ਹੈ ਅਤੇ ਅਗਾਂਹ ਭਵਿੱਖ 'ਚ ਵੀ ਅਜਿਹੇ ਯੋਗਦਾਨ ਜਾਰੀ ਰਹੇਗਾ। ਇਸ ਦੌਰਾਨ ਡੀ. ਸੀ. ਸ੍ਰੀਮਤੀ ਸਾਹਨੀ ਨੇ ਹੜ੍ਹ ਪੀੜਤਾਂ ਲਈ ਦਿੱਤੇ ਗਏ ਸਹਿਯੋਗ ਸਬੰਧੀ ਸ: ਮਜੀਠੀਆ, ਸ: ਛੀਨਾ ਅਤੇ ਪ੍ਰਿੰ: ਡਾ. ਰੰਧਾਵਾ ਤੇ ਹੋਰਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਕਤ ਸੰਸਥਾ ਵੱਲੋਂ ਸਮਾਜ ਦੀ ਉਨਤੀ-ਤਰੱਕੀ ਅਤੇ ਦੇਸ਼ ਦੀ ਖੁਸ਼ਹਾਲੀ ਲਈ ਕੀਤੇ ਜਾਂਦੇ ਯਤਨਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਦੌਰਾਨ ਰਜਿਸਟਰਾਰ ਡਾ. ਦਵਿੰਦਰ ਸਿੰਘ, ਪ੍ਰੋ: ਹੀਰਾ ਸਿੰਘ, ਸਟਾਫ਼ ਸਕੱਤਰ ਡਾ. ਸੁਖਜੀਤ ਸਿੰਘ , ਟੀਚਰ ਯੂਨੀਅਨ ਦੇ ਮੈਂਬਰ ਅਤੇ ਹੋਰ ਸਟਾਫ਼ ਮੌਜੂਦ ਸੀ।


### ਭਾਰਤੀ ਰੇਲ

ਭਾਰਤ ਸਰਕਾਰ GOVERNMENT OF INDIA
ਰੇਲ ਮੰਤਰਾਲਾ MINISTRY OF RAILWAYS
(ਰੇਲਵੇ ਬੋਰਡ) RAILWAY BOARD

ਨੰ: ਆਰਐਸ(ਪੋਲ)/58/0506/1/2026 ਨਵੀਂ ਦਿੱਲੀ, ਮਿਤੀ : 11.09.2025

ਭਾਰਤ ਦੇ ਰਾਸ਼ਟਰਪਤੀ ਦੇ ਲਈ ਅਤੇ ਉਨ੍ਹਾਂ ਦੀ ਤਰਫ ਤੋਂ ਨਿਦੇਸ਼ਕ, ਰੇਲ ਭੰਡਾਰ (ਐਮ), ਰੇਲ ਮੰਤਰਾਲਾ, (ਰੇਲਵੇ ਬੋਰਡ), ਭਾਰਤ ਸਰਕਾਰ ਹੇਠਾ ਦਿਤੇ ਗਏ ਬਿਉਰੇ ਦੇ ਅਨੁਸਾਰ ਈ-ਟੈਂਡਰਾ ਮੰਗ ਕਰਦੇ ਹਨ

| | | |
|---|---|---|
| 1 | ਈ-ਟੈਂਡਰ ਨੰ: | 2026 ਏਏਆਰ ਏਜੀ ਟੀਸੀ |
| 2 | ਕੰਮ ਦਾ ਨਾਮ | [illegible] के कार्टिज टेपर रोलर बियरिंग के लिए एआर अनुमोदित/अअमासं अनुमोदित ग्रीस की खरीद की खरीद. |

ਏਏਆਰ ਅਨੁਮੋਦਿਤ ਬ੍ਰਾਂਡਸ

| ਲ.ਨੰ: | ਗ੍ਰੀਸ ਦਾ ਬ੍ਰਾਂਡ | ਨਿਰਮਾਤਾ |
|---|---|---|
| 1 | ਐਕਸਾਨ ਅਰਪੇਨ ਆਰਬੀ-320 | ਮੈਸਰਸ ਐਕਸਾਨ ਮੋਬਿਲ |
| 2 | ਟਿਮਕੇਨ ਪ੍ਰੀਮਿਯਮ ਰੇਲ ਗ੍ਰੀਸ | ਮੈਸਰਸ ਐਕਸਾਨ ਮੋਬਿਲ |
| 3 | ਸ਼ੈਲ ਅਲਗਵੇਨਿਯਾ ਈਪੀ-ਡੀ | ਮੈਸਰਸ ਸ਼ੈਲ ਕਨਾਡਾ ਲਿ. |
| 4 | ਮੋਬਿਲੀਥ ਐਸਐਚਸੀ - 100 | ਮੈਸਰਸ ਐਕਸਾਨ ਮੋਬਿਲ |
| 5 | ਮੋਬਿਲੀਥ ਐਸਐਚਸੀ - 221 | ਮੈਸਰਸ ਐਕਸਾਨ ਮੋਬਿਲ |
| 6 | ਸ਼ੇਲ ਗਡੁਸ ਰੇਲ ਐਸ3 ਏਏਆਰ ਏਐਲ | ਸ਼ੈਲ ਆਯਲ ਪ੍ਰੋਡਕਟ |
| 7 | ਸਰਵੋਗ੍ਰੀਸ 'ਆਰਈਪੀ 1' | ਮੈਸਰਸ ਆਈਓਸੀ ਲਿ. |

| | | |
|---|---|---|
| 2 | ਅਨੁਮਾਨਿਤ ਮਾਤਰਾ ਕਿਲੋਗ੍ਰਾਮ ਵਿਚ | 2,06,972 ਕਿਲੋਗ੍ਰਾਮ |
| 4 | ਬਯਾਨਾ | ਰੁ: 17,34,000/- |
| 5 | ਈ-ਟੈਂਡਰ ਨੂੰ ਜਮਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ | 08.10.2025 ਨੂੰ 14:30 ਵਜੇ |
| 6 | ਪੂਰਾ ਬਿਉਰੇ ਅਤੇ ਅੱਗੇ ਦੇ ਸ਼ੁੱਧੀਪੱਤਰ ਦੇ ਲਈ ਅਤੇ ਈ-ਟੈਂਡਰ ਦੇ ਲਈ ਵੇਬਸਾਈਟ | http://www.ireps.gov.in |

ਐਸ.ਕੇ.ਵਰਮਾ
ਨਿਦੇਸ਼ਕ ਰੇਲ ਭੰਡਾਰ (ਐਮ)

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2792/25



**NAME CHANGE**
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

**NAME CHANGE**
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

**NAME CHANGE**
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

**NAME CHANGE**
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
ਤੁਹਾਡੀ ਜ਼ਿੰਦਗੀ ਵਿਚ ਵੀ ਕੋਈ ਆਇਆ ਹੋਵੇਗਾ! ਮੇਰੇ ਜੀਵਨ ਵਿਚ ਵੀ ਇਕ ਆਈ ਸੀ। ਜਿਸ ਤੋਂ ਪਤਾ ਲੱਗਿਆ ਸੀ ਕਿ ਸੁੰਦਰਤਾ ਉਹ ਹੈ, ਜਿਸ ਨੂੰ ਅਸੀਂ ਵੇਖਦੇ ਹਾਂ, ਸੋਹਣਾ ਉਹ ਹੈ ਜਿਹੜਾ ਸਾਨੂੰ ਵੇਖਦਾ ਹੈ। ਉਹ ਮੇਰੀ ਜਮਾਤਣ ਸੀ। ਹੋਰਾਂ ਲਈ ਉਹ ਚਾਨਣ-ਮੁਨਾਰਾ ਸੀ। ਮੇਰੇ ਲਈ ਉਹ ਬੰਦਰਗਾਹ ਸੀ। ਉਸ ਦੇ ਦਰਸ਼ਨ ਕਰਨਾ ਮੇਰੀਆਂ ਅੱਖਾਂ ਦਾ ਨਿੱਤਨੇਮ ਸੀ। ਮੈਨੂੰ ਉਸ ਦਾ ਪਰਛਾਵਾਂ ਵੀ ਮੁਸਕਰਾਉਂਦਾ ਵਿਖਾਈ ਦਿੰਦਾ ਸੀ। ਉਸ ਦੀ ਆਵਾਜ਼ ਵਿਚ ਜਲਤਰੰਗ ਸੀ। ਉਸ ਦੀ ਤੱਕਣੀ ਆਲੇ-ਦੁਆਲੇ ਨੂੰ ਚਿੱਤਰ ਬਣਾ ਦਿੰਦੀ ਸੀ । ਉਹ ਇਕੱਲੀ ਹੀ ਬਹੁ-ਸੰਮਤੀ ਸੀ । ਉਸ ਦੇ ਕਲਾਸ ਵਿਚ ਆਉਣ ਨਾਲ ਵਿਆਹ ਵਾਲੀ ਰੌਣਕ ਹੋ ਜਾਂਦੀ ਸੀ। ਉਹ ਆਪਣੀ ਰੋ ਰਹੀ ਸਹੇਲੀ ਨੂੰ ਚੁੱਪ ਕਰਾਉਂਦੀ-ਕਰਾਉਂਦੀ ਆਪ ਰੋਣ ਲੱਗ ਪੈਂਦੀ ਸੀ। ਉਸ ਦੀ ਹਰ ਚੀਜ਼ ਚੋਰੀ ਕਰ ਕੇ ਸਾਂਭਣਯੋਗ ਸੀ। ਉਸ ਦੀ ਅਮੀਰੀ ਇਹ ਸੀ ਕਿ ਉਹ ਹਰ ਵੇਲੇ ਮੁਸਕਰਾਉਂਦੀ ਰਹਿੰਦੀ ਸੀ । ਉਸ ਨੂੰ ਮੁਸਕਰਾਉਣ ਵਾਸਤੇ ਕੋਈ ਕਾਰਨ ਨਹੀਂ ਸੀ ਲੱਭਣਾ ਪੈਂਦਾ । ਉਹ ਸਾਡੇ ਸਾਰਿਆਂ ਦੀ ਸੋਚ ਉੱਤੇ ਰਾਜ ਕਰਦੀ ਸੀ। ਉਸ ਦੀ ਸੂਰਤ ਵੇਖ ਕੇ ਸਾਨੂੰ ਸਾਰਿਆਂਨੂੰ ਆਪਣੀ ਸ਼ਕਲ ਭੁੱਲ ਜਾਂਦੀ ਸੀ। ਜਿੰਨੀ ਸੁੰਦਰਤਾ ਕਿਸੇ ਵਿਚ ਵੇਖਣ ਦੀ ਹਿੰਮਤ ਹੁੰਦੀ ਸੀ। ਉਹ ਉਨੀ ਹੀ ਸੁੰਦਰ ਲੱਗਦੀ ਸੀ। ਕਿਸੇ ਵੀ ਤਸਵੀਰ ਵਿਚ ਉਸ ਦੀ ਸੁੰਦਰਤਾ ਦੇ ਸਾਰੇ ਪੱਖ ਨਹੀਂ ਸਨ ਆ ਸਕਦੇ। ਉਸ ਦਾ ਦਿਸੀ ਜਾਣਾ ਹੀ ਸਾਡੀ ਪੂਰਨਤਾ ਸੀ।

• ਨਰਿੰਦਰ ਸਿੰਘ ਕਪੂਰ
98158-80435

**ਸਾਨੂੰ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਉਸ ਨੇ ਸਾਨੂੰ ਇਨੀਂ ਸੋਹਣੀ ਸ੍ਰਿਸ਼ਟੀ 'ਚ ਜਨਮ ਦਿੱਤਾ ਹੈ। ਮੈਂ ਜਦੋਂ ਵੀ ਕੁਦਰਤ ਨੂੰ ਤੱਕਦੀ ਹਾਂ ਤਾਂ ਮੇਰਾ ਰੋਮ-ਰੋਮ ਖਿੜ ਉੱਠਦਾ ਹੈ...**



# ਜਿਸ ਟਾਹਣੀ 'ਤੇ ਬੈਠਾ ਓਸੇ ਨੂੰ ਵੱਢ ਰਿਹੈ ਮਨੁੱਖ

ਕੁਦਰਤ ਇਕ ਵਿਸ਼ਾਲ ਪਸਾਰਾ ਹੈ। ਇਹ ਮਨੁੱਖੀ ਜੀਵਨ 'ਚ ਇਕ ਅਹਿਮ ਸਥਾਨ ਰੱਖਦੀ ਹੈ। ਕੁਦਰਤ ਦੇ ਇਸ ਵਿਸ਼ਾਲ ਪਸਾਰੇ 'ਚ ਅਨੇਕਾਂ ਜੀਵ-ਜੰਤੂਆਂ ਦੇ ਅੰਸ਼ ਸਮਾਏ ਹੋਏ ਹਨ। ਪਰਮਾਤਮਾ ਨੇ ਜੀਵਾਂ ਨੂੰ ਜਿਉਂਦੇ ਰਹਿਣ ਲਈ ਵਾਯੂਮੰਡਲ, ਪੀਣ ਲਈ ਪਾਣੀ ਦੇ ਅਨੇਕ ਸੋਮੇ, ਖਾਣ-ਪੀਣ ਲਈ ਦਾਲ-ਰੋਟੀ ਅਤੇ ਰਹਿਣ ਬਸੇਰਾ ਕਰਨ ਲਈ ਥਾਂ ਦਿੱਤੀ। ਕੁਦਰਤ ਦੇ ਇਸ ਵਿਸ਼ਾਲ ਪਸਾਰੇ 'ਚ ਅਨੇਕਾਂ ਜੀਵਾਂ ਨੇ ਜਨਮ ਲਿਆ ਤੇ ਲੈ ਰਹੇ ਹਨ। ਪਰਮਾਤਮਾ ਨੇ ਮਨੁੱਖ ਨੂੰ ਪਾਣੀ ਦੇ ਵੱਖ-ਵੱਖ ਸੋਮਿਆਂ ਨਾਲ ਨਿਵਾਜਿਆ ਹੈ ਜਿਵੇਂ : ਖੂਹ, ਛੱਪੜ, ਤਲਾਅ, ਨਦੀਆਂ ਆਦਿ। ਜੰਗਲੀ ਜਾਨਵਰ ਤੇ ਪੰਛੀ ਪਾਣੀ ਦੇ ਇਨ੍ਹਾਂ ਸੋਮਿਆਂ ਤੋਂ ਪਾਣੀ ਪੀਂਦੇ ਹਨ। ਉਨ੍ਹਾਂ ਦਾ ਜੀਵਨ ਇਨ੍ਹਾਂ ਸੋਮਿਆਂ ਦੇ ਸਿਰ 'ਤੇ ਹੀ ਬਤੀਤ ਹੁੰਦਾ ਹੈ।

## ਪਰਮਾਤਮਾ ਦਾ ਸ਼ੁਕਰਾਨਾ

ਸਾਨੂੰ ਪਰਮਾਤਮਾ ਦਾ ਹਰ ਵੇਲੇ ਤਹਿ ਦਿਲੋਂ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਉਸ ਨੇ ਸਾਨੂੰ ਇਨ੍ਹੀਂ ਸੋਹਣੀ ਸ੍ਰਿਸ਼ਟੀ 'ਚ ਜਨਮ ਦਿੱਤਾ ਹੈ। ਮੈਂ ਜਦੋਂ ਵੀ ਕੁਦਰਤ ਨੂੰ ਤੱਕ ਦੀ ਹਾਂ ਤਾਂ ਮੇਰਾ ਰੋਮ-ਰੋਮ ਖਿੜ ਉੱਠਦਾ ਹੈ। ਕੁਦਰਤ ਦੇ ਨਜ਼ਾਰੇ ਬਹੁਤ ਦਿਲ ਖਿੱਚਵੇਂ ਹਨ। ਕਈ ਵਾਰ ਮੇਰਾ ਮਨ ਕਰਦਾ ਹੈ ਕਿ ਮੈਂ ਪੰਛੀਆਂ ਵਾਂਗ ਆਸਮਾਨ 'ਚ ਉਡਾਰੀਆਂ ਲਾਵਾਂ। ਰੁੱਖਾਂ ਨਾਲ ਬਾਤਾਂ ਪਾਵਾਂ, ਟਾਹਣੀਆਂ 'ਤੇ ਬੈਠ ਕੇ ਪੰਛੀਆਂ ਨਾਲ ਹੱਸਾਂ-ਖੇਡਾਂ।

ਦਰਿਆਵਾਂ ਦਾ ਵਗਦਾ ਪਾਣੀ ਬਹੁਤ ਹੀ ਸੋਹਣਾ ਲੱਗਦਾ ਹੈ ਅਤੇ ਮਨੁੱਖ ਨੂੰ ਜ਼ਿੰਦਗੀ 'ਚ ਹਮੇਸ਼ਾ ਸਹਿਜ-ਸਬਰ ਨਾਲ ਚਲਦੇ ਰਹਿਣ ਲਈ ਵੀ ਪ੍ਰੇਰਿਤ ਕਰਦਾ ਹੈ। ਪਹਾੜਾਂ ਦੀਆਂ ਉੱਚੀਆਂ-ਉੱਚੀਆਂ ਟੀਸੀਆਂ ਵੀ ਸਾਨੂੰ ਜੀਵਨ 'ਚ ਅਗਾਂਹ ਵਧਣ ਦੀ ਸਿੱਖਿਆ ਦਿੰਦੀਆਂ ਹਨ। ਪਰਮਾਤਮਾ ਨੇ ਇਸ ਕੁਦਰਤ 'ਚ ਬਹੁਤ ਜੀਵਾਂ ਦੀ ਸਿਰਜਣਾ ਕੀਤੀ ਹੈ। ਮਿੱਟੀ, ਪਾਣੀ, ਵਾਯੂਮੰਡਲ, ਧਰਤੀ ਦੇ ਜਿਸਮਾਨੀ ਅੰਗ ਹਨ ਜੋ ਜੀਵ-ਜੰਤੂਆਂ ਨੂੰ ਜੀਵਤ ਰੱਖਣ ਲਈ ਇਕ ਦੂਜੇ ਦੇ ਸਬੰਧ 'ਚ ਰਹਿੰਦੇ ਹਨ। ਧਰਤੀ 'ਤੇ ਅਨੇਕਾਂ ਜੀਵ-ਜੰਤੂ ਪਲ ਰਹੇ ਹਨ ਤੇ ਦਿਨ ਪ੍ਰਤੀ ਦਿਨ ਆਪਣੀਆਂ ਪ੍ਰਜਾਤੀਆਂ 'ਚ ਵਾਧਾ ਕਰ ਰਹੇ ਹਨ।

## ਕੁਦਰਤ ਦੀ ਸਿਰਜਣਾ

ਕੁਦਰਤ ਨੂੰ ਸਿਰਜਣ ਵਾਲਾ ਪਰਮਾਤਮਾ ਹੈ, ਜਿਸ ਦੀ ਮਰਜ਼ੀ ਤੋਂ ਬਿਨਾਂ ਇਕ ਪੱਤਾ ਵੀ ਨਹੀਂ ਹਿੱਲਦਾ। ਪਰਮਾਤਮਾ ਦੁਆਰਾ ਰਚਿਤ ਪੌਣ, ਪਾਣੀ, ਮਿੱਟੀ, ਸੂਰਜ, ਚੰਦ, ਸਿਤਾਰੇ, ਮਨੁੱਖ, ਪੰਛੀ, ਜਾਨਵਰ ਆਦਿ ਸਭ ਉਸ ਦੇ ਗ਼ੁਲਾਮ ਹਨ।

ਨਹੀਂ ਕੀਤਾ ਜਾ ਸਕਦਾ ਕੇਵਲ ਕੁਦਰਤ ਨੂੰ ਸਿਰਜਣ ਜਾਂ ਉਸਾਰਨ ਵਾਲਾ ਹੀ ਇਸ 'ਚ ਤਬਦੀਲੀ ਕਰ ਸਕਦਾ ਹੈ। ਪਰਮਾਤਮਾ ਨੇ ਬਹੁਤ ਸਾਲ ਪਹਿਲਾਂ ਕੁਦਰਤ ਦੀ ਸਿਰਜਣਾ ਕੀਤੀ ਤਾਂ ਉਸ ਨੇ ਲੱਖਾਂ, ਕਰੋੜਾਂ ਜੀਵ-ਜੰਤੂ ਅਤੇ ਇਨਸਾਨ ਬਣਾਏ। ਪਰਮਾਤਮਾ ਨੇ ਸਭ ਤੋਂ ਵਧੇਰੇ ਸਮਝਦਾਰ ਅਤੇ ਸੂਝਵਾਨ ਇਨਸਾਨ ਨੂੰ ਬਣਾਇਆ ਸੀ। ਇਸ ਨੂੰ ਸਮਝਦਾਰ ਬਣਾਉਣ ਦਾ ਕਾਰਨ ਸੀ ਕਿ ਇਨਸਾਨ ਸਹੀ ਗ਼ਲਤ ਵਿਚਲੇ ਅੰਤਰ ਨੂੰ ਸਮਝ ਸਕੇ। ਜੇਕਰ ਕੋਈ ਵੀ ਕੁਦਰਤ ਨਾਲ ਛੇੜ-ਛਾੜ ਕਰਦਾ ਹੈ ਤਾਂ ਉਸ ਨੂੰ ਰੋਕਿਆ ਜਾ ਸਕੇ। ਅਜੋਕਾ ਇਨਸਾਨ ਕੁਦਰਤ ਦਾ ਵੱਡਾ ਦੁਸ਼ਮਣ ਬਣ ਬੈਠਾ ਹੈ।

## ਮਨੁੱਖੀ ਮਨਮਰਜ਼ੀਆਂ

ਤਰੱਕੀ ਅਤੇ ਵਿਕਾਸ 'ਚ ਵਾਧਾ ਹੋਣ ਕਾਰਨ ਸਭ ਤੋਂ ਸਮਝਦਾਰ ਮਨੁੱਖ ਕੁਦਰਤ ਨਾਲ ਖਿਲਵਾੜ ਕਰ ਰਿਹਾ ਹੈ। ਜਿਸ ਕਾਰਨ ਕੁਦਰਤ ਦੇ ਸੰਤੁਲਨ 'ਚ ਅਸਮਾਨਤਾ ਪੈਦਾ ਹੁੰਦੀ ਜਾ ਰਹੀ ਹੈ। ਕੁਦਰਤ 'ਚ ਅਸੰਤੁਲਨ ਪੈਦਾ ਹੋਣ ਕਾਰਨ ਜਨਜੀਵਨ ਸਿੱਧੇ-ਅਸਿੱਧੇ ਢੰਗ ਨਾਲ ਪ੍ਰਭਾਵਿਤ ਹੋ ਰਿਹਾ ਹੈ। ਮਨੁੱਖ

ਮਨਮਰਜ਼ੀਆਂ ਕਰਦਾ ਹੈ। ਕੁਦਰਤ ਵੱਲੋਂ ਇਸ ਦਾ ਵਿਰੋਧ ਕਰਨਾ ਜਾਇਜ਼ ਅਤੇ ਸੁਭਾਵਿਕ ਹੈ। ਮਨੁੱਖ ਦੀਆਂ ਮਨਮਰਜ਼ੀਆਂ ਕਾਰਨ ਧਰਤੀ ਦੇ ਅੰਗ ਮਿੱਟੀ, ਪਾਣੀ, ਹਵਾ ਸਭ ਪ੍ਰਭਾਵਿਤ ਹੋ ਰਹੇ ਹਨ। ਮਨੁੱਖ ਅਜਿਹਾ ਵਰਤਾਰਾ ਕਈ ਸਦੀਆਂ ਤੋਂ ਕਰਦਾ ਆ ਰਿਹਾ ਹੈ। ਜਦੋਂ ਕੁਦਰਤ ਇਨ੍ਹਾਂ ਵਰਤਾਰਿਆਂ ਦਾ ਪਲਟ ਜਵਾਬ ਦਿੰਦੀ ਹੈ ਤਾਂ ਉਸ ਨੂੰ ਕੁਦਰਤੀ ਕਰੋਪੀ ਕਹਿੰਦੇ ਹਨ। ਜਿਸ ਕਰੋਪੀ ਕਾਰਨ ਕੁਦਰਤ ਦਾ ਹਰ ਇਕ ਨਿੱਕੇ ਤੋਂ ਨਿੱਕਾ ਅੰਸ਼ ਵੀ ਪ੍ਰਭਾਵਿਤ ਹੁੰਦਾ ਹੈ। ਕੁਦਰਤੀ ਕਰੋਪੀ ਤੋਂ ਪ੍ਰਭਾਵਿਤ ਜੀਵਾਂ ਨੂੰ ਲੱਖਾਂ-ਕਰੋੜਾਂ ਸਾਲ ਲੱਗ ਜਾਂਦੇ ਹਨ ਫਿਰ ਤੋਂ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਲਈ। ਇਨ੍ਹਾਂ ਕਰੋਪੀਆਂ ਦਾ ਅਸਰ ਕਈ-ਕਈ ਪੀੜ੍ਹੀਆਂ 'ਤੇ ਵੀ ਪੈਂਦਾ ਰਹਿੰਦਾ ਹੈ।

## ਵਿਕਾਸ ਦੀ ਰਾਹ

ਮਨੁੱਖ ਪੈਸਾ ਕਮਾਉਣ ਅਤੇ ਵਿਕਾਸ ਦੀ ਰਫ਼ਤਾਰ 'ਚ ਆਪਣੇ ਆਪ ਦਾ ਹੀ ਜਾਣੇ ਅਣਜਾਣੇ 'ਚ ਨੁਕਸਾਨ ਕਰਦਾ ਜਾ ਰਿਹਾ ਹੈ। ਉਹ ਆਪਣਾ ਦੁਸ਼ਮਣ ਆਪ ਹੀ ਬਣਦਾ ਜਾ ਰਿਹਾ ਹੈ। ਮਨੁੱਖ ਆਪਣੇ ਜੀਵਨ ਨੂੰ

ਛੇੜਖਾਨੀਆਂ ਕਰ ਰਿਹਾ ਹੈ। ਉ ਅਜਿਹਾ ਕਰ ਕੇ ਅਸੰਭਵ ਕੰਮ ਨੂੰ ਸੰਭਵ ਤਾਂ ਕਰ ਰਿਹਾ ਹੈ ਪਰ ਨਾਲ ਹੀ ਨਾਲ ਕੁਦਰਤ ਨਾਲ ਖੇਡ ਵੀ ਰਿਹਾ ਹੈ। ਉਹ ਭੁੱਲਦਾ ਜਾ ਰਿਹਾ ਹੈ ਕਿ ਉਹ ਤਰੱਕੀ ਦੇ ਨਾਲ-ਨਾਲ ਆਪਣੇ ਆਪ ਨਾਲ ਵੀ ਖਿਲਵਾੜ ਕਰ ਰਿਹਾ ਹੈ। ਉਹ ਆਪਣੇ ਜੀਵਨ ਨੂੰ ਤਾਂ ਸੌਖਾਲਾ ਕਰ ਰਿਹਾ ਹੈ ਪਰ ਅੰਨ੍ਹੇਵਾਹ ਬਾਕੀ ਜੀਵ-ਜੰਤੂ ਨੂੰ ਮੁਸੀਬਤ ਵਿਚ ਪਾ ਰਿਹਾ ਹੈ।

ਕੁਦਰਤ ਨਾਲ ਛੇੜ-ਛਾੜ ਕਰਕੇ ਬਹੁਤ ਸਾਰੀਆਂ ਪ੍ਰਜਾਤੀਆਂ ਲੁਪਤ ਹੁੰਦੀਆਂ ਜਾ ਰਹੀਆਂ ਹਨ ਤੇ ਕੁਝ ਖ਼ਤਮ ਹੋਣ ਦੀ ਕਗਾਰ 'ਤੇ ਹਨ। ਮਨੁੱਖ ਆਪਣੇ ਐਸ਼ੋ ਅਰਾਮ ਲਈ ਕੁਦਰਤੀ ਸੋਮਿਆਂ ਨੂੰ ਬਹੁਤ ਬੇਰਹਿਮੀ ਨਾਲ ਬਰਬਾਦ ਕਰੀ ਜਾ ਰਿਹਾ ਹੈ। ਪਾਣੀ ਦੇ ਸੋਮੇ ਇਸ ਦੀ ਨਾ ਸਮਝੀ ਕਾਰਨ ਲੋਪ ਹੁੰਦੇ ਜਾ ਰਹੇ ਹਨ।

## ਗੰਧਲਾ ਵਾਤਾਵਰਨ

ਮਨੁੱਖ ਅਨੇਕਾਂ ਫੈਕਟਰੀਆਂ ਦੀ ਉਸਾਰੀ ਕਰ ਰਿਹਾ ਹੈ ਜਿਸ ਕਾਰਨ ਹਵਾ, ਪਾਣੀ, ਸ਼ੋਰ ਅਤੇ ਮਿੱਟੀ ਪ੍ਰਦੂਸ਼ਣ ਆਦਿ 'ਚ ਵਾਧਾ ਹੋ ਰਿਹਾ ਹੈ। ਵਾਤਾਵਰਨ ਪੂਰੀ ਤਰ੍ਹਾਂ ਗੰਧਲਾ ਹੋ ਰਿਆ ਹੈ ਇਹੀ ਕਾਰਨ ਹੈ ਮਨੁੱਖ ਅਨੇਕਾਂ ਬਿਮਾਰੀਆਂ ਦਾ ਸਾਹਮਣਾ ਕਰ ਰਿਹਾ ਹੈ। ਵਾਤਾਵਰਨ ਗੰਧਲਾ ਹੋਣ ਕਾਰਨ ਸਾਹ ਲੈਣਾ ਵੀ ਮੁਸ਼ਕਲ ਹੋ ਰਿਹਾ ਹੈ। ਮਨੁੱਖ ਨੇ ਸਿਰਫ਼ ਆਪਣੀ ਤਰੱਕੀ ਬਾਰੇ ਹੀ ਸੋਚਿਆ ਹੈ। ਤਰੱਕੀ ਦੀ ਆੜ 'ਚ ਉਸ ਨੇ ਕੁਦਰਤ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਇਨ੍ਹਾਂ ਗਤੀਵਿਧੀਆਂ ਕਾਰਨ ਵਾਤਾਵਰਨ ਬਹੁਤ ਬੁਰੀ ਤਰ੍ਹਾਂ ਦੂਸ਼ਿਤ ਹੋ ਚੁੱਕਾ ਹੈ। ਵਾਤਾਵਰਨ 'ਚ ਅਨੇਕਾਂ ਪ੍ਰਕਾਰ ਦੀਆਂ ਗੈਸਾਂ ਪੈਦਾ ਹੋ ਰਹੀਆਂ ਹਨ ਜਿਸ ਕਾਰਨ ਬੱਦਲ ਫਟਣੇ, ਗਲੇਸ਼ੀਅਰ, ਲਾਵਾ ਵਰਗੀਆਂ ਭਿਆਨਕ ਆਫ਼ਤਾਂ ਦਾ ਸਾਹਮਣਾ ਇਸ ਨੂੰ ਕਰਨਾ ਪੈ ਰਿਹਾ ਹੈ।

ਵਧਦੀ ਵੱਸੋ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਪਹਾੜਾਂ ਨੂੰ ਪੱਧਰਾ ਕਰ ਕੇ ਸੜਕਾਂ, ਹੋਟਲ, ਪਿਕਨਿਕ ਸਪਾਟ ਅਤੇ ਰੇਲ ਗੱਡੀਆਂ ਦੀਆਂ ਪੱਟੜੀਆਂ ਬਹੁਤ ਤੇਜ਼ੀ ਨਾਲ ਵਿਛਾਈਆਂ ਜਾ ਰਹੀਆਂ ਹਨ। ਦੂਰ- ਦੂਰ ਤੱਕ ਫੈਲੇ ਜੰਗਲ ਅੱਜ ਖ਼ਤਮ ਹੁੰਦੇ ਜਾ ਰਹੇ ਹਨ। ਦਰਿਆਵਾਂ ਨੇ ਨਿੱਕੀਆਂ-ਨਿੱਕੀਆਂ ਨਦੀਆਂ ਦਾ ਰੂਪ ਧਾਰਨ ਕਰ ਲਿਆ ਹੈ ਜਿਸ ਕਾਰਨ ਜੰਗਲੀ ਜੀਵ-ਜੰਤੂਆਂ ਦੇ ਰਹਿਣ ਦਾ ਆਸਰਾ ਖ਼ਤਮ ਹੋ ਗਿਆ ਹੈ ਅਤੇ ਉਹ ਲੋਪ ਹੁੰਦੇ ਜਾ ਰਹੇ ਹਨ। ਕੁਦਰਤ ਦੀ ਸਮਝ ਰੱਖਣ ਵਾਲੇ ਵਿਗਿਆਨੀ ਵਾਰ-ਵਾਰ ਸੁਚੇਤ ਕਰਦੇ ਰਹਿੰਦੇ ਹਨ ਕਿ ਅਜੋਕਾ ਮਨੁੱਖ ਜਿਸ ਟਾਹਣੀ 'ਤੇ ਬੈਠਾ ਹੈ ਉਸ ਨੂੰ ਹੀ ਉਹ ਵੱਢ ਰਿਹਾ ਹੈ। ਕਿੰਨਾ ਬੇਸਮਝ ਹੈ ਇਹ ਮਨੁੱਖ।

ਨਾਰੀਵਾਦੀ ਔਰਤਾਂ

# ਜੈਕੋਬਿਨ ਕਾਮੀਲਾ ਕੋਲੈੱਟ

*ਕਾਮੀਲਾ ਕੋਲੇਟ ਵੱਲ ਵੇਖ ਕੇ ਹੋਰ ਵੀ ਕਈ ਔਰਤਾਂ ਨੇ ਨਾਰੀਆਂ ਬਾਰੇ ਲਿਖਣ ਦੀ ਹਿੰਮਤ ਕੀਤੀ ਅਤੇ ਇਹ ਨਾਰਵੇ ਵਿਚ ਪਹਿਲੀ ਨਾਰੀਵਾਦੀ ਲਹਿਰ ਬਣੀ ਕਿਉਂਕਿ ਨਾਰੀਆਂ ਦੀ ਸਮਾਜਿਕ ਸਥਿਤੀ ਨੂੰ ਸੁਧਾਰਨ ਲਈ ਸਾਹਿਤ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ।*



ਡਾ. ਜੋਗਿੰਦਰ ਸਿੰਘ ਕੈਰੋਂ
82643-06671

ਕਾਮੀਲਾ ਦਾ ਪੂਰਾ ਨਾਂ ਜੈਕੋਬਿਨ ਕਾਮੀਲਾ ਕੋਲੈੱਟ ਸੀ, ਜਿਸ ਦਾ ਜਨਮ ਕ੍ਰਿਸਟੀਅਨਸੈਂਡ ਨਾਰਵੇ ਵਿਚ 23 ਜਨਵਰੀ, 1813 ਨੂੰ ਹੋਇਆ। ਉਹ ਕਵੀ ਹੈਰਿਕ ਵਰਗੀਲੈਂਡ ਦੀ ਛੋਟੀ ਭੈਣ ਸੀ। ਕਾਮੀਲਾ ਨਾਰਵੇ ਦੀ ਨਾਰੀਵਾਦੀ ਲੇਖਿਕਾ ਸੀ। ਉਸ ਦੇ ਪਿਤਾ ਦਾ ਨਾਂ ਨਿਕੋਲਾਈ ਵਰਗੀਲੈਂਡ ਸੀ ਜਿਹੜਾ ਧਾਰਮਿਕ ਆਗੂ ਅਤੇ ਰਾਜਨੀਤੀਵਾਨ ਸੀ।

ਕਾਮੀਲਾ ਉਸ ਪਰਿਵਾਰ ਵਿਚ ਪਲੀ ਧੀ ਸੀ ਜਿਹੜਾ ਸਾਹਿਤਕ ਰੁਚੀਆਂ ਵਾਲਾ ਸੀ। ਉਨ੍ਹਾਂ ਦੇ ਘਰ ਵਿਚ ਜਾਂ ਜੇਕੁ ਰੂਸੋ ਦੀਆਂ ਰਚਨਾਵਾਂ ਸਨ, ਜਿਨ੍ਹਾਂ ਨੇ ਕੋਲੈੱਟ ਅਤੇ ਉਸ ਦੇ ਭਰਾ ਨਿਕੋਲਾਈ ਉੱਪਰ ਬਹੁਤ ਪ੍ਰਭਾਵ ਪਾਇਆ। ਉਹ ਲਿਖਣ ਸਮੇਂ ਜਾਰਜ ਸੈਂਡ ਦੇ ਕਾਰਜ ਤੋਂ ਵੀ ਉਤਸਾਹਿਤ ਹੋਈ ਸੀ। ਉਸ ਦਾ ਛੋਟਾ ਭਰਾ ਮੇਜਰ ਜਰਨਲ ਜੋਸਫ਼ ਫ੍ਰੈਂਟਜ਼ ਓਸਕਾਰ ਵਰਗੀਲੈਂਡ ਸੀ। ਜਦੋਂ ਉਹ ਚਾਰ ਸਾਲਾਂ ਦੀ ਸੀ, ਉਨ੍ਹਾਂ ਦਾ ਪਰਿਵਾਰ ਈਡਸਵੋਲ ਚਲਾ ਗਿਆ, ਜਿੱਥੇ ਉਸ ਦੇ ਪਿਤਾ ਨੂੰ ਪਾਦਰੀ ਬਣਾ ਦਿੱਤਾ ਗਿਆ। ਕਾਮੀਲਾ ਨੂੰ ਈਡਸਵੋਲ ਦਾ ਜੀਵਨ ਬੜਾ ਅਕਾਊ ਲੱਗਾ ਤਾਂ ਉਸ ਨੇ ਡਾਇਰੀ ਲਿਖਣੀ ਸ਼ੁਰੂ ਕਰ ਦਿੱਤੀ।

ਡੈਨਮਾਰਕ ਵਿਖੇ ਆਪਣੇ ਸਕੂਲ ਦੀ ਪੜ੍ਹਾਈ ਖ਼ਤਮ ਕਰਕੇ ਜਦੋਂ ਉਹ ਦੁਬਾਰਾ ਕ੍ਰਿਸਟੀਨੀਆ ਆਈ ਤਾਂ ਉਸ ਦਾ ਮਿਲਾਪ ਸ਼ਾਇਰ ਜੋਹਨ ਸੇਬਾਸਤੀਅਨ ਵੇਲਹੇਵਨ ਨਾਲ ਹੋਇਆ, ਜਿਹੜਾ ਕਿ ਉਸ ਦੇ ਭਰਾ ਹੈਰਿਕ ਦਾ ਪੱਕਾ ਵਿਰੋਧੀ ਸੀ। ਜੋਹਨ ਅਤੇ ਕਾਮੀਲਾ ਦਾ ਆਪਸ ਵਿਚ ਪਿਆਰ ਹੋ ਗਿਆ। ਇਸੇ ਕਰਕੇ ਉਸ ਸਮੇਂ ਨਾਰਵੇ ਵਿਚ ਇਹ ਸਬੰਧ ਇਕ ਤਰਾਂ ਨਾਲ ਬੜੀ ਚਰਚਾ ਦਾ ਵਿਸ਼ਾ ਬਣ ਗਏ। ਜੋਹਨ ਨਾਲ ਮਿਲਾਪ ਕਰਕੇ ਕਾਮੀਲਾ ਅਤੇ ਉਸ ਦੇ ਭਰਾ ਦੇ ਸਬੰਧਾਂ ਵਿਚ ਵੀ ਕੁੜੱਤਣ ਆ ਗਈ।

1838 ਵਿਚ ਕਾਮੀਲਾ ਨੂੰ ਸਿਹਤ ਦੀ ਖ਼ਰਾਬੀ ਦੀ ਮੁਸੀਬਤ ਆਣ ਪਈ। ਉਸ ਦੀ ਸਿਹਤਯਾਬੀ ਲਈ ਉਸ ਦਾ ਪਿਤਾ ਉਸ ਨੂੰ ਪੈਰਿਸ ਲੈ ਗਿਆ। ਇਸ ਸਮੇਂ ਉਸ ਦੇ ਸਬੰਧ ਜੋਹਨ ਨਾਲ ਵਿਗੜ ਗਏ ਅਤੇ ਉਨਾਂ ਦਾ ਪਿਆਰ ਵੀ ਖ਼ਤਮ ਹੋ ਗਿਆ। ਉਸ ਨੇ 1842 ਵਿਚ ਪੀਟਰ ਜੋਹਨ ਕੋਲੇਟ ਨਾਲ ਸ਼ਾਦੀ ਕਰ ਲਈ, ਜਿਹੜਾ ਕਿ ਪ੍ਰਸਿੱਧ ਰਾਜਨੀਤਕ ਲੀਡਰ ਅਤੇ ਸਾਹਿਤ ਆਲੋਚਕ ਸੀ। ਉਹ ਬੁੱਧੀਜੀਵੀ ਪਾਰਟੀ ਦਾ ਮੈਂਬਰ ਵੀ ਸੀ। ਉਹ ਇਕ ਸਹਾਇਕ ਅਤੇ ਸਾਊ ਪਤੀ ਸੀ। ਜਿਸ ਨਾਲ



ਕਾਮੀਲਾ ਹਰ ਵਿਸ਼ੇ ਉੱਪਰ ਗੱਲਬਾਤ ਕਰ ਸਕਦੀ ਸੀ।

ਸ਼ਾਦੀ ਤੋਂ ਬਾਅਦ ਉਸ ਨੇ ਲਿਖਣਾ ਅਤੇ ਛਪਵਾਉਣਾ ਵੀ ਸ਼ੁਰੂ ਕਰ ਦਿੱਤਾ। ਉਸ ਦਾ ਨਾਵਲ ਦ ਡਿਸਟ੍ਰਿਕ ਗਵਰਨਰਜ਼ ਡਾਟਰਜ਼ ਬਹੁਤ ਪ੍ਰਸਿੱਧ ਹੋਇਆ, ਜਿਹੜਾ ਦੋ ਭਾਗਾਂ ਵਿਚ ਛਪਿਆ। ਇਹ ਨਾਵਲ ਇੱਕੋ ਵੇਲੇ ਰਾਜਨੀਤਕ ਅਤੇ ਸਮਾਜਕ ਯਥਾਰਥ ਨੂੰ ਪੇਸ਼ ਕਰਦਾ ਹੈ। ਇਸ ਨਾਵਲ ਵਿਚ ਇਕ ਔਰਤ ਹੋਣ ਦੇ ਦੁਖਾਂਤ ਨੂੰ ਵੀ ਪੇਸ਼ ਕੀਤਾ ਗਿਆ ਹੈ ਅਤੇ ਨਾਰਵੇ ਵਿਚ ਔਰਤਾਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਬਾਰੇ ਵੀ ਦੱਸਿਆ ਗਿਆ ਹੈ। ਇਸ ਦੇ ਵਿਚ ਖ਼ਾਸ ਕਰ ਕੇ ਔਰਤਾਂ ਨੂੰ ਵਿਆਹ ਸ਼ਾਦੀ ਸਮੇਂ ਆਉਂਦੀਆਂ ਮੁਸ਼ਕਲਾਂ ਨੂੰ ਪੇਸ਼ ਕੀਤਾ ਗਿਆ।

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨਾਵਲ ਨੂੰ ਉਸ ਦੀ ਆਪਣੀ ਜ਼ਿੰਦਗੀ ਵਿਚ ਆਏ ਦੁਖਾਂਤ ਅਤੇ ਖ਼ਾਸ ਕਰ ਕੇ ਵੇਲਹੇਵਨ ਨਾਲ ਬਿਤਾਏ ਵਕਤ ਨੇ ਪ੍ਰਭਾਵਿਤ ਕੀਤਾ। ਇਸ ਨਾਵਲ ਤੋਂ ਬਾਅਦ ਉਸ ਨੇ ਬੜੀ ਘੱਟ ਗਲਪ ਲਿਖੀ ਪਰ ਉਹ ਨਿਬੰਧ, ਆਪਣੀਆਂ ਯਾਦਾਂ ਅਤੇ ਵਾਦ-ਵਿਵਾਦ ਜ਼ਰੂਰ ਲਿਖਦੀ ਰਹੀ। ਉਸ ਦੀ ਸ਼ਾਦੀ ਦੇ ਠੀਕ ਦਸ ਸਾਲ ਬਾਅਦ 1851 ਵਿਚ ਉਸ ਦੇ ਪਤੀ ਦੀ ਅਚਾਨਕ ਮੌਤ ਹੋ ਗਈ ਅਤੇ ਉਸ ਨੂੰ ਇਕੱਲੀ ਨੂੰ ਹੀ ਚਾਰ ਪੁੱਤਰਾਂ ਦੀ ਸਾਂਭ-ਸੰਭਾਲ ਕਰਨੀ ਪਈ। ਇਸ ਲਈ ਉਸ ਨੂੰ ਆਪਣਾ ਘਰ ਵੀ ਵੇਚਣਾ ਪਿਆ, ਜਿਸ ਨੂੰ ਉਹ ਮੁੜ ਕਦੀ ਵੀ ਖ਼ਰੀਦ ਨਾ ਸਕੀ। ਉਸ ਨੂੰ ਆਪਣੇ ਤਿੰਨ ਵੱਡੇ ਪੁੱਤਰਾਂ ਨੂੰ ਪਾਲਣ-ਪੋਸਣ ਲਈ ਰਿਸ਼ਤੇਦਾਰਾਂ ਕੋਲ ਘੱਲਣਾ ਪਿਆ। ਉਸ ਨੂੰ ਬਾਕੀ ਉਮਰ ਦੀ ਉਪਜੀਵਕਾ ਲਈ ਆਪ ਹੀ ਸੰਘਰਸ਼ ਕਰਨਾ ਪਿਆ। ਉਸ ਦੀ ਮੌਤ ਕ੍ਰਿਸਟੀਨੀਆ ਵਿਚ 1895 ਨੂੰ ਹੋਈ।

ਕਾਮੀਲਾ ਕੋਲੇਟ ਵੱਲ ਵੇਖ ਕੇ ਹੋਰ ਵੀ ਕਈ ਔਰਤਾਂ ਨੇ ਨਾਰੀਆਂ ਬਾਰੇ ਲਿਖਣ ਦੀ ਹਿੰਮਤ ਕੀਤੀ ਅਤੇ ਇਹ ਨਾਰਵੇ ਵਿਚ ਪਹਿਲੀ ਨਾਰੀਵਾਦੀ ਲਹਿਰ ਬਣੀ, ਕਿਉਂਕਿ ਨਾਰੀਆਂ ਦੀ ਸਮਾਜਿਕ ਸਥਿਤੀ ਨੂੰ ਸੁਧਾਰਨ ਲਈ ਸਾਹਿਤ ਨੇ ਬਹੁਤ ਵੱਡਾ ਯੋਗਦਾਨ ਪਾਇਆ ਸੀ। ਨਾਰਵੇ ਵਿਚ ਚਾਰ ਵੱਡੇ ਕਰ ਕੇ ਜਾਣੇ ਜਾਂਦੇ ਲੇਖਕ : ਹੈਰਿਕ ਇਬਸਨ, ਬਜੋਰੰਸਟਜਰਨੇ ਬਜੋਰੰਸਨ, ਅਲੈਗਜੰਡਰ ਕੀਲੈਂਡ ਅਤੇ ਜੋਨਸ ਲੀ ਸਨ ਜਿਨ੍ਹਾਂ ਨੇ ਔਰਤਾਂ ਦੇ ਹੱਕ ਵਿਚ ਸਾਹਿਤ ਰਚਿਆ। ਕਾਮੀਲਾ ਕੋਲੈੱਟ ਅਤੇ ਆਸਟਾ ਹਾਂਸਟੀਨ ਨੇ ਵੀ ਨਾਰੀਵਾਦੀ ਸਿਧਾਂਤਾਂ ਵਿਚ ਚੰਗਾ ਯੋਗਦਾਨ ਪਾਇਆ।

## ਸੰਪਾਦਕੀ

# ਗ਼ੈਰ-ਕਾਨੂੰਨੀ ਤੌਰ ’ਤੇ ਰੁੱਖਾਂ ਦੀ ਕਟਾਈ ਕਾਰਨ ਤਬਾਹੀ

ਸੁਪਰੀਮ ਕੋਰਟ ਦੀ ਇਹ ਟਿੱਪਣੀ ਕਿ ਹਿਮਾਚਲ ਪ੍ਰਦੇਸ਼ ਅਤੇ ਹੋਰ ਰਾਜਾਂ ਵਿੱਚ ਗ਼ੈਰ-ਕਾਨੂੰਨੀ ਤੌਰ ’ਤੇ ਰੁੱਖਾਂ ਦੀ ਕਟਾਈ ਕਾਰਨ ਤਬਾਹੀ ਹੋਈ ਹੈ, ਜ਼ਮੀਨੀ ਹਕੀਕਤ ’ਤੇ ਆਧਾਰਿਤ ਹੈ। ਹੜ੍ਹਾਂ ਦੇ ਪਾਣੀ ਨਾਲ ਰੁੜ੍ਹ ਕੇ ਆਏ ਲੱਕੜ ਦੇ ਤਣਿਆਂ ਦੇ ਹੈਰਾਨ ਕਰਨ ਵਾਲੇ ਦ੍ਰਿਸ਼ ਇਸ ਗੱਲ ’ਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਛੱਡਦੇ ਕਿ ਸੰਭਵ ਤੌਰ ’ਤੇ ਅਧਿਕਾਰੀਆਂ ਤੇ ਸਥਾਨਕ ਲੋਕਾਂ ਦੀ ਮਿਲੀਭੁਗਤ ਨਾਲ ਲੱਕੜ ਮਾਫੀਆ ਪੂਰੀ ਤਰ੍ਹਾਂ ਸਰਗਰਮ ਹੈ। ਅਦਾਲਤ ਨੇ ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ, ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਿਟੀ ਦੇ ਨਾਲ-ਨਾਲ ਹਿਮਾਚਲ ਪ੍ਰਦੇਸ਼, ਉੱਤਰਾਖੰਡ, ਜੰਮੂ ਕਸ਼ਮੀਰ ਅਤੇ ਪੰਜਾਬ ਦੀਆਂ ਸਰਕਾਰਾਂ ਨੂੰ ਬਿਲਕੁਲ ਸਹੀ ਤਰੀਕੇ ਨਾਲ ਨੋਟਿਸ ਜਾਰੀ ਕੀਤੇ ਹਨ। ਇਨ੍ਹਾਂ ਹਿੱਤ ਧਾਰਕਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੱਸਣ ਕਿ ਉਨ੍ਹਾਂ ਨੇ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਵਾਤਾਵਰਨ ਦੀ ਸੁਰੱਖਿਆ ਵਿਚਕਾਰ ਸੰਤੁਲਨ ਬਣਾਉਣ ਲਈ ਕੀ ਕਦਮ ਚੁੱਕੇ ਹਨ, ਤੇ ਸਿੱਟੇ ਐਨੇ ਮਾੜੇ ਕਿਉਂ ਨਿਕਲ ਰਹੇ ਹਨ।

ਜੰਗਲਾਂ ਦੀ ਕਟਾਈ ਅਤੇ ਹੜ੍ਹਾਂ ਦੇ ਵਧੇ ਹੋਏ ਖ਼ਤਰੇ ਦਾ ਡੂੰਘਾ ਸਬੰਧ ਭਾਰਤ ਦੇ ਨਾਲ-ਨਾਲ ਵਿਦੇਸ਼ਾਂ ’ਚ ਹੋਈਆਂ ਖੋਜਾਂ ’ਚ ਵੀ ਚੰਗੀ ਤਰ੍ਹਾਂ ਸਥਾਪਿਤ ਕੀਤਾ ਗਿਆ ਹੈ। ਰੁੱਖਾਂ ਦੀ ਅਣਹੋਂਦ ਜਾਂ ਕਮੀ ਕਾਰਨ ਮਿੱਟੀ ਮੀਂਹ ਦੇ ਪਾਣੀ ਨੂੰ ਸੋਖਣ ਦੇ ਓਨਾ ਕਾਬਿਲ ਨਹੀਂ ਰਹਿੰਦੀ; ਇਸ ਨਾਲ ਨਦੀਆਂ ਅਤੇ ਨਾਲਿਆਂ ਵਿੱਚ ਪਾਣੀ ਦਾ ਵਹਾਅ ਵਧ ਜਾਂਦਾ ਹੈ। ਇਸ ਦਾ ਲਾਜ਼ਮੀ ਨਤੀਜਾ ਹੜ੍ਹਾਂ ਦਾ ਵਾਰ-ਵਾਰ ਆਉਣਾ ਤੇ ਤੀਬਰਤਾ ’ਚ ਤੇਜ਼ੀ ਨਾਲ ਵਾਧਾ ਹੋਣਾ ਹੈ। ਇਸ ਦੀ ਸਪੱਸ਼ਟ ਉਦਾਹਰਨ ਬ੍ਰਾਜ਼ੀਲ ਦਾ ਐਮਾਜ਼ੋਨ ਵਰਖਾ ਵਣ ਹੈ, ਜਿਸ ਨੂੰ ਆਮ ਤੌਰ ’ਤੇ ‘ਧਰਤੀ ਦੇ ਫੇਫੜਿਆਂ’ ਵਜੋਂ ਜਾਣਿਆ ਜਾਂਦਾ ਹੈ। ਖ਼ਤਰਨਾਕ ਪੱਧਰ ਉੱਤੇ ਰੁੱਖਾਂ ਦੇ ਨੁਕਸਾਨ ਨੇ ਜਲਵਾਯੂ ਪ੍ਰਬੰਧ ’ਚ ਇਸ ਦੀ ਮੁੱਖ ਭੂਮਿਕਾ ਨੂੰ ਕਮਜ਼ੋਰ ਕੀਤਾ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਦੱਖਣੀ ਅਮਰੀਕੀ ਦੇਸ਼ ਵਿੱਚ ਖ਼ਾਸ ਕਰ ਕੇ ਬਰਸਾਤ ਦੇ ਮੌਸਮ ਵਿੱਚ, ਤੀਬਰ ਮੌਸਮੀ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਭਾਰਤ ਵਿੱਚ ਹਿਮਾਚਲ ਅਤੇ ਉੱਤਰਾਖੰਡ ਦੇ ਪਹਾੜੀ ਰਾਜ ਆਪਣੇ ਜੰਗਲਾਂ ਤੇ ਰੁੱਖਾਂ ਦੀ ਸੰਪਤੀ ਦੀ ਬੇਸ਼ਰਮੀ ਨਾਲ ਕੀਤੀ ਲੁੱਟ ਦੀ ਕੀਮਤ ਚੁਕਾ ਰਹੇ ਹਨ।

ਮੌਨਸੂਨ ਦੀ ਇਸ ਤਬਾਹੀ ਦੇ ਵਿਚਕਾਰ ਕੇਂਦਰ ਸਰਕਾਰ ਨੇ ਵਣ ਸੋਧ ਨਿਯਮਾਂ ਨੂੰ ਨੋਟੀਫਾਈ ਕੀਤਾ ਹੈ, ਜੋ ਜੰਗਲਾਤ ਦੀ ਜ਼ਮੀਨ ਨੂੰ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਲਈ ਵਰਤਣ ਦੇ ਦਾਇਰੇ ਦਾ ਵਿਸਤਾਰ ਕਰਦੇ ਹਨ ਅਤੇ ਮੁਆਵਜ਼ੇ ਵਜੋਂ ਰੁੱਖ ਲਗਾਉਣ ਦੀ ਬਚਾਅ ਪ੍ਰਣਾਲੀ ਨੂੰ ਕਥਿਤ ਤੌਰ ’ਤੇ ਕਮਜ਼ੋਰ ਕਰਦੇ ਹਨ। ਰਾਜ ਇਨ੍ਹਾਂ ਨਿਯਮਾਂ ਤਹਿਤ ਜੰਗਲਾਤ ਦੀ ਜ਼ਮੀਨ ਨੂੰ ਉਸਾਰੀ ਲਈ ਵਰਤ ਸਕਦੇ ਹਨ। ਅਜਿਹੇ ਕਦਮ ‘ਗ੍ਰੀਨ ਇੰਡੀਆ’ ਮਿਸ਼ਨ ਦੇ ਮੁੱਖ ਉਦੇਸ਼, ਮਤਲਬ ਹਰਿਆਲੀ ਵਧਾਉਣ ਅਤੇ ਬਹਾਲ ਕਰਨ ਦੇ ਉਲਟ ਹਨ। ਹਾਲ ਹੀ ਦੇ ਹਫ਼ਤਿਆਂ ਵਿੱਚ ਹੋਏ ਵਿਆਪਕ ਮਾਨਵੀ ਤੇ ਆਰਥਿਕ ਨੁਕਸਾਨ ਦੇ ਮੱਦੇਨਜ਼ਰ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਜੰਗਲਾਂ ਦੀ ਕਟਾਈ ਅਤੇ ਗ਼ੈਰ-ਕਾਨੂੰਨੀ ਲਾਗਿੰਗ ਪ੍ਰਤੀ ਸਖ਼ਤ ਤੋਂ ਸਖ਼ਤ ਪਹੁੰਚ ਅਪਣਾਉਣ।

## ਜੱਜਾਂ ਦੇ ਵਾਰ-ਵਾਰ ਖ਼ੁਦ ਨੂੰ ਕੇਸਾਂ ਤੋਂ ਲਾਂਭੇ ਕਰਨ ਦੇ ਮਾਮਲ

ਹਾਲ ਹੀ ਵਿੱਚ ਸਾਡੀਆਂ ਅਦਾਲਤਾਂ ’ਚ ਜੱਜਾਂ ਦੇ ਵਾਰ-ਵਾਰ ਖ਼ੁਦ ਨੂੰ ਕੇਸਾਂ ਤੋਂ ਲਾਂਭੇ ਕਰਨ ਦੇ ਮਾਮਲੇ ਦੇਖੇ ਗਏ ਹਨ। ਕਿਸੇ ਜੱਜ ਦਾ ਖ਼ੁਦ ਨੂੰ ਕਿਸੇ ਮੁਕੱਦਮੇ ਤੋਂ ਪਾਸੇ ਕਰਨਾ ਭਾਵੇਂ ਨਿਰਪੱਖਤਾ ਯਕੀਨੀ ਬਣਾਉਣ ਲਈ ਕੀਤਾ ਗਿਆ ਰਸਮੀ ਉਪਾਅ ਹੈ, ਪਰ ਜਿਸ ਤਰੀਕੇ ਨਾਲ ਇਸ ਦੀ ਵਰਤੋਂ ਹੁੰਦੀ ਹੈ ਤੇ ਇਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ, ਉਸ ਨੇ ਕੁਝ ਮੁਸ਼ਕਿਲ ਸਵਾਲ ਖੜ੍ਹੇ ਕੀਤੇ ਹਨ। ਰਾਸ਼ਟਰੀ ਕੰਪਨੀ ਕਾਨੂੰਨ ਅਪੀਲੀ ਟ੍ਰਿਬਿਊਨਲ (ਐੱਨਸੀਐੱਲਏਟੀ) ਦੀ ਘਟਨਾ, ਜਿਸ ਵਿੱਚ ਇੱਕ ਮੈਂਬਰ ਨੇ ਇਹ ਖੁਲਾਸਾ ਕੀਤਾ ਹੈ ਕਿ ਉਸ ਨੇ ਖ਼ੁਦ ਨੂੰ ਉਸ ਕੇਸ ਤੋਂ ਲਾਂਭੇ ਕਰ ਲਿਆ ਸੀ, ਜਿਸ ਬਾਰੇ ਉਸ ਨਾਲ ਉੱਚ ਜੁਡੀਸ਼ੀਅਲ ਅਧਿਕਾਰੀ ਨੇ ‘ਸੰਪਰਕ’ ਕਰ ਕੇ ਇਕ ਧਿਰ ਵਿਸ਼ੇਸ਼ ਦਾ ਪੱਖ ਪੂਰਨ ਲਈ ਕਿਹਾ ਸੀ, ਨੇ ਨਿਆਂਇਕ ਪ੍ਰਕਿਰਿਆ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਗਹਿਰੀ ਸੱਟ ਮਾਰੀ ਹੈ। ਹਾਲ ਹੀ ਵਿੱਚ ਸੁਪਰੀਮ ਕੋਰਟ ਦੇ ਜਸਟਿਸ ਐੱਮਐੱਮ ਸੁੰਦਰੇਸ਼ ਦਲਿਤ ਹੱਕਾਂ ਦੇ ਵਕੀਲ ਸੁਰੇਂਦਰ ਗਾਡਲਿੰਗ ਦੀ ਜ਼ਮਾਨਤ ਪਟੀਸ਼ਨ ’ਤੇ ਸੁਣਵਾਈ ਤੋਂ ਬਿਨਾਂ ਕੋਈ ਕਾਰਨ ਦੱਸੇ ਲਾਂਭੇ ਹੋ ਗਏ ਸਨ। ਇਸ ਤੋਂ ਪਹਿਲਾਂ ਕਰਨਾਟਕ ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਵੀ ਕਾਮੇਸ਼ਵਰ ਰਾਓ ਨੇ ਐੱਨਐੱਲਐੱਸਆਈਯੂ ਟਰਾਂਸਜੈਂਡਰ ਰਾਖਵਾਂਕਰਨ ਅਪੀਲ ਤੋਂ ਖ਼ੁਦ ਨੂੰ ਵੱਖ ਕਰ ਲਿਆ, ਜਿਸ ਦਾ ਕਾਰਨ ਉਨ੍ਹਾਂ ਨੇ ਸੰਸਥਾ ਨਾਲ ਆਪਣੇ ਸਬੰਧਾਂ ਨੂੰ ਦੱਸਿਆ। ਇੱਥੋਂ ਤੱਕ ਕਿ ਚੀਫ ਜਸਟਿਸ ਵੀ, ਜਿਵੇਂ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਦੇ ਮਾਮਲੇ ਵਿੱਚ ਸੰਜੀਵ ਖੰਨਾ ਅਤੇ ਇੱਕ ਅੰਦਰੂਨੀ ਨਿਆਂਇਕ ਜਾਂਚ ਵਿੱਚ ਬੀਆਰ ਗਵੱਈ ਵੀ ਹਾਲ ਹੀ ਵਿੱਚ ਸੁਣਵਾਈ ਤੋਂ ਪਿੱਛੇ ਹਟੇ ਹਨ। ਅਜਿਹਾ ਫ਼ਰਕ ਪਾਰਦਰਸ਼ਤਾ ਬਾਰੇ ਸਹੀ ਸੁਨੇਹਾ ਨਹੀਂ ਦਿੰਦਾ।

ਕਾਨੂੰਨ ’ਚ ਇਸ ਬਾਰੇ ਜ਼ਿਆਦਾ ਸਪੱਸ਼ਟਤਾ ਨਹੀਂ ਹੈ। ਕੇਸ ਤੋਂ ਲਾਂਭੇ ਹੋਣ ਲਈ ਕੋਈ ਨਿਰਧਾਰਿਤ ਢਾਂਚਾ ਨਹੀਂ ਹੈ। ਮਈ 2025 ਵਿੱਚ ਸੁਪਰੀਮ ਕੋਰਟ ਨੇ ਇੱਕਸਾਰ ਨਿਯਮ ਬਣਾਉਣ ਦੀ ਅਪੀਲ ਨੂੰ ਖਾਰਜ ਕਰ ਦਿੱਤਾ, ਇਹ ਕਹਿੰਦੇ ਹੋਏ ਕਿ ਕਿਸੇ ਜੱਜ ਦਾ ਕੇਸ ਤੋਂ ਵੱਖ ਹੋਣਾ ਵਿਅਕਤੀਗਤ ਜ਼ਮੀਰ ਦਾ ਮਾਮਲਾ ਹੈ ਜਦੋਂਕਿ ਨਿਆਂਇਕ ਆਜ਼ਾਦੀ ਅਜਿਹੀ ਖ਼ੁਦਮੁਖ਼ਤਾਰੀ ਦੀ ਮੰਗ ਕਰਦੀ ਹੈ, ਅਸੱਪਸ਼ਟਤਾ ਜਨਤਕ ਵਿਸ਼ਵਾਸ ਨੂੰ ਕਮਜ਼ੋਰ ਕਰਦੀ ਹੈ। ਨਿਆਂ ਸਿਰਫ਼ ਹੋਣਾ ਹੀ ਨਹੀਂ ਚਾਹੀਦਾ, ਸਗੋਂ ਹੁੰਦਾ ਦਿਸਣਾ ਵੀ ਚਾਹੀਦਾ ਹੈ। ਵਰਤਮਾਨ ਵਿੱਚ ਜੱਜਾਂ ਦੇ ਕੇਸਾਂ ਤੋਂ ਲਾਂਭੇ ਹੋਣ ਨੂੰ ਸਿਰਫ਼ ‘ਰੀਸਟੇਟਮੈਂਟ ਆਫ ਜੁਡੀਸ਼ੀਅਲ ਵੈਲਿਊ’ ਅਤੇ ‘ਬੰਗਲੌਰ ਪ੍ਰਿੰਸੀਪਲ ਆਫ ਜੁਡੀਸ਼ੀਅਲ ਕੰਡਕਟ’ ਵਰਗੇ ਨਰਮ ਕਾਨੂੰਨੀ ਜ਼ਾਬਤਿਆਂ ਰਾਹੀਂ ਹੀ ਦੇਖਿਆ ਜਾ ਰਿਹਾ ਹੈ। ਇਨ੍ਹਾਂ ’ਚ ਕਾਰਨਾਂ ਦਾ ਖੁਲਾਸਾ ਕਰਨ ਦਾ ਕੋਈ ਬੰਧਨ ਨਹੀਂ ਹੈ। ਇਸ ਦਾ ਨਤੀਜਾ ਵਿਵਾਦਤ ਅਭਿਆਸ ਹੈ: ਕੁਝ ਜੱਜ ਸਪੱਸ਼ਟੀਕਰਨ ਦਿੰਦੇ ਹਨ, ਜਦੋਂਕਿ ਦੂਸਰੇ ਚੁੱਪ-ਚਾਪ ਪਾਸੇ ਹੋ ਜਾਂਦੇ ਹਨ, ਜੋ ਕਿਆਸਰਾਈਆਂ ਤੇ ਦੇਰੀ ਨੂੰ ਜਨਮ ਦਿੰਦਾ ਹੈ।

ਵਿਚਕਾਰਲਾ ਰਾਹ ਕੱਢਿਆ ਜਾ ਸਕਦਾ ਹੈ। ਅਦਾਲਤਾਂ ਘੱਟੋ-ਘੱਟ ਖੁਲਾਸੇ ਦੇ ਮਾਪਦੰਡ ਅਪਣਾ ਸਕਦੀਆਂ ਹਨ, ਜਿਵੇਂ ਆਰਡਰ ਸ਼ੀਟ ’ਤੇ ਇੱਕ ਲਾਈਨ ਦੀ ‘ਕਾਰਨ ਕੈਟਾਗਿਰੀ’ ਪਾਈ ਜਾ ਸਕਦੀ ਹੈ ਤੇ ਲਾਂਭੇ ਹੋਣ ਦਾ ਕੇਂਦਰੀ ਰਜਿਸਟਰ ਰੱਖਿਆ ਜਾ ਸਕਦਾ ਹੈ। ਅਜਿਹੇ ਸੁਧਾਰ ਆਜ਼ਾਦੀ ਨੂੰ ਸੁਰੱਖਿਅਤ ਰੱਖਣਗੇ। ਚੁੱਪ, ਖ਼ਾਸ ਕਰ ਕੇ ਸੰਵੇਦਨਸ਼ੀਲ ਮਾਮਲਿਆਂ ਵਿੱਚ, ਹੁਣ ਬੇਲਾਗ ਨਹੀਂ ਰਹੀ।

# ਸੀ-ਪਾਈਟ ਕੈਂਪ ’ਚ ਆਰਮੀ (ਅਗਨੀਵੀਰ) ਦੀ ਫਿਜੀਕਲ ਸਿਖਲਾਈ ਦੀ ਮੁੜ ਸੁਰੂਆਤ

**ਲੁਧਿਆਣਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ-ਪਾਈਟ ਕੈਂਪ ਲੁਧਿਆਣਾ ਦੇ ਟ੍ਰੇਨਿੰਗ ਅਫਸਰ ਇੰਦਰਜੀਤ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ 08 ਸਤੰਬਰ 2025 ਤੋਂ ਕੈਂਪ ਵਿੱਚ ਮੁੜ ਆਰਮੀ (ਅਗਨੀਵੀਰ) ਦੀ ਫਿਜੀਕਲ ਸਿਖਲਾਈ ਸੁਰੂ ਕਰ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਲੁਧਿਆਣਾ ਅਤੇ ਮਲੇਰਕਟਲਾ ਦੇ ਜਿਹੜੇ ਯੁਵਕਾਂ ਨੇ ਆਰਮੀ (ਅਗਨੀਵੀਰ) ਦੀ ਭਰਤੀ ਲਈ ਲਿਖਤੀ ਪੇਪਰ ਪਾਸ ਕੀਤਾ ਹੋਇਆ ਹੈ, ਉਹ ਨੌਜਵਾਨ ਸੀ-ਪਾਈਟ ਕੈਂਪ, ਆਈ.ਟੀ.ਆਈ. ਗਿੱਲ ਰੋਡ, ਲੁਧਿਆਣਾ ਵਿਖੇ ਭਲਕੇ 09, 10, 11 ਅਤੇ 12 ਸਤੰਬਰ ਨੂੰ ਫਿਜੀਕਲ ਟ੍ਰੇਨਿੰਗ ਲਈ ਕੈਂਪ ਵਿੱਚ ਆ ਸਕੱਦੇ ਹਨ।

ਕਾਬਿਲੇਗੌਰ ਹੈ ਕਿ ਮੌਸਮ ਖਰਾਬ ਹੋਣ ਕਾਰਨ 03 ਤੋਂ 07 ਸਤੰਬਰ ਤੱਕ ਕੈਂਪ ਵਿਖੇ ਆਰਮੀ (ਅਗਨੀਵੀਰ) ਦੀ ਫਿਜੀਕਲ ਸਿਖਲਾਈ ਬੰਦ ਕਰ ਦਿੱਤੀ ਗਈ ਸੀ। ਟ੍ਰੇਨਿੰਗ ਅਫਸਰ ਇੰਦਰਜੀਤ ਕੁਮਾਰ ਵੱਲੋਂ ਯੋਗ ਲਾਭਪਾਤਰੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋ ਸੁਰੂ ਕੀਤੇ ਸਿਖਲਾਈ ਕੈਂਪ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ।

ਉਨ੍ਹਾਂ ਦੱਸਿਆ ਕਿ ਫਿਜੀਕਲ ਸਿਖਲਾਈ ਪ੍ਰਾਪਤ ਕਰਨ ਲਈ ਜ਼ਰੂਰੀ ਦਸਤਾਵੇਜ਼ ਦੀਆਂ ਫੋਟੋ ਕਾਪੀਆਂ ਜਿਸ ਵਿੱਚ ਵਿਦਿਅਕ ਯੋਗਤਾਂ 10ਵੀਂ, 12ਵੀਂ, ਉੱਚ ਵਿਦਿਅਕ ਸਾਰੇ ਸਰਟੀਫਿਕੇਟ ਅਤੇ ਅਗਨੀਵੀਰ ਦੇ ਲਿਖਤੀ ਪੇਪਰ ਵਿੱਚ ਪਾਸ ਹੋਏ ਰੋਲ ਨੰਬਰ ਦੀ ਲਿਸਟ ਦੀ ਫੋਟੋ ਕਾਪੀ, ਆਧਾਰ ਕਾਰਡ, ਪਾਸਪੋਰਟ ਸਾਈਜ ਫੋਟੋ ਸ਼ਾਮਲ ਹਨ, ਨਾਲ ਲੈ ਕੇ ਕੈਂਪ ਵਿੱਚ ਰਿਪੋਰਟ ਕਰ ਸਕਦੇ ਹਨ।

ਸਿਖਲਾਈ ਦੌਰਾਨ ਯੁਵਕਾਂ ਨੂੰ ਰਿਹਾਇਸ ਅਤੇ ਖਾਣਾ ਪੰਜਾਬ ਸਰਕਾਰ ਵੱਲੋ ਮੁਫਤ ਦਿੱਤਾ ਜਾਵੇਗਾ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 84928-21213, 78885-86296 ਅਤੇ 98766-17258 ’ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਜ਼ਿਲ੍ਹਾ ਮੈਜਿਸਟਰੇਟ ਵੱਲੋਂ ਨੋ-ਡਰੋਨ ਜ਼ੋਨ ਘੋਸ਼ਿਤ ਕਰਨ ਸਬੰਧੀ ਹੁਕਮ ਜਾਰੀ

**ਮਲੇਰਕੋਟਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟਰੇਟ-ਕਮ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 (ਬੀ.ਐਨ.ਐਸ.ਐਸ) ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਸਬ -ਜੇਲ੍ਹ ਮਾਲੇਰਕੋਟਲਾ ਦੇ ਆਲ਼ੇ- ਦੁਆਲੇ ਪੈਂਦੇ 500 ਮੀਟਰ ਦੇ ਏਰੀਏ ਅੰਦਰ ਕਿਸੇ ਵੀ ਜਨਤਕ ਜਾਂ ਪ੍ਰਾਈਵੇਟ ਸਥਾਨ ਨੂੰ ਨੋ-ਡਰੋਨ ਜ਼ੋਨ ਘੋਸ਼ਿਤ ਕੀਤਾ ਗਿਆ ਹੈ।

ਇਹ ਹੁਕਮ ਮੌਜੂਦਾ ਹਾਲਤਾਂ ਦੇ ਮੱਦੇਨਜ਼ਰ ਜ਼ਿਲ੍ਹਾ ਮਾਲੇਰਕੋਟਲਾ ਅੰਦਰ ਪੈਂਦੀ ਸਬ-ਜੇਲ੍ਹ ਮਾਲੇਰਕੋਟਲਾ ਦੀ ਸੁਰੱਖਿਆ ਨੂੰ ਹਰ ਪੱਖ ਤੋਂ ਯਕੀਨੀ ਬਣਾਉਣ ਲਈ ਸਬ-ਜੇਲ੍ਹ ਮਾਲੇਰਕੋਟਲਾ ਦੇ ਆਲ਼ੇ-ਦੁਆਲੇ ਪੈਂਦੇ 500 ਮੀਟਰ ਦੇ ਏਰੀਆ ਨੇੜੇ ਡਰੋਨ ਮੂਵਮੈਂਟ ਨੂੰ ਰੋਕਣ ਲਈ ਨੋ-ਡਰੋਨ ਜ਼ੋਨ ਘੋਸ਼ਿਤ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।

ਇਹ ਹੁਕਮ 01 ਨਵੰਬਰ 2025 ਤੱਕ ਲਾਗੂ ਰਹਿਣਗੇ।

## ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਹਲਕੇ ਦੇ ਪਿੰਡਾਂ ਵਿੱਚ ਜਾ ਕੇ ਹੜ੍ਹ ਪੀੜ੍ਹਤਾਂ ਨੂੰ ਮਦਦ ਦਾ ਭਰੋਸਾ ਦਿੱਤਾ



**ਗੁਰਦਾਸਪੁਰ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਵੱਲੋਂ ਅੱਜ ਹਲਕੇ ਦੇ ਪਿੰਡ ਸਿੰਘਪੁਰਾ, ਸ਼ਾਮਪੁਰਾ, ਗੁਰਚੱਕ ਤੇ ਤਲਵੰਡੀ ਹਿੰਦੂਆਂ ਵਿਖੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਮੁਲਾਕਾਤ ਕਰਕੇ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲਿਆ, ਉਨ੍ਹਾਂ ਨੂੰ ਹੌਸਲਾ ਦਿੰਦੇ ਹੋਏ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਇਸ ਮੌਕੇ ਉਨ੍ਹਾਂ ਜਿਨ੍ਹਾਂ ਪਰਿਵਾਰਾਂ ਦੇ ਮਕਾਨ ਡਿੱਗ ਗਏ ਹਨ, ਉਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ। ਇਸ ਦੌਰਾਨ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਵੱਲੋਂ ਹੜ੍ਹ ਪੀੜ੍ਹਤ ਪਰਿਵਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਰਾਹਤ ਸਮਗਰੀ ਵੀ ਵੰਡੀ ਗਈ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਯੋਜਨਾ ਕਮੇਟੀ ਦੇ ਨਵ-ਨਿਯੁਕਤ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ, ਚੇਅਰਮੈਨ ਬਲਵਿੰਦਰ ਸਿੰਘ ਹੂਵਾਲ, ਰਜਤ ਮਰਵਾਹਾ ਤੇ ਹੋਰ ਆਗੂ ਵੀ ਹਾਜ਼ਰ ਸਨ।

ਇਸ ਮੌਕੇ ਹੜ੍ਹ ਪੀੜ੍ਹਤਾਂ ਨੂੰ ਹੌਂਸਲਾ ਦਿੰਦਿਆਂ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਹੜ੍ਹਾਂ ਪੀੜ੍ਹਤਾਂ ਦੇ ਨਾਲ ਖੜੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਅਤੇ ਜਿਨ੍ਹਾਂ ਪਰਿਵਾਰਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਫ਼ਸਲਾਂ ਦੇ ਹੋਏ ਨੁਕਸਾਨ ਦਾ ਵੀ ਮੁਆਵਜ਼ਾ ਦਿੱਤਾ ਜਾਵੇਗਾ।

ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਕੱਲ੍ਹ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਗੁਰਦਾਸਪੁਰ ਤੇ ਪਠਾਨਕੋਟ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਆ ਰਹੇ ਹਨ ਅਤੇ ਪ੍ਰਧਾਨ ਮੰਤਰੀ ਵੱਲੋਂ ਹੜ੍ਹਾਂ ਨਾਲ ਜੂਝ ਰਹੇ ਪੰਜਾਬ ਨੂੰ ਜ਼ਰੂਰ ਕੋਈ ਰਾਹਤ ਪੈਕੇਜ ਦੇ ਕੇ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਕੇਂਦਰ ਸਰਕਾਰ ਪੰਜਾਬ ਦੀ 50,000 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਵੀ ਤੁਰੰਤ ਜਾਰੀ ਕਰੇ।

## ਵਿਧਾਇਕ ਗਿਆਸਪੁਰਾ ਹਲਕੇ ’ਚ ਮੀਂਹ ਦੀ ਮਾਰ ਝੱਲ ਰਹੇ ਲੋਕਾਂ ਦੀ ਮਦਦ ’ਚ ਰੁੱਝੇ




**ਲੁਧਿਆਣਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਇੰਜੀ: ਮਨਵਿੰਦਰ ਸਿੰਘ ਗਿਆਸਪੁਰਾ ਆਪਣੇ ਵਿਧਾਨ ਸਭਾ ਹਲਕਾ ਪਾਇਲ ਵਿਖੇ ਲੋਕਾਂ ਦੀ ਸੇਵਾ ਕਰਨ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਵੱਲੋਂ ਪਿਛਲੇ 5 ਦਿਨਾਂ ਤੋਂ ਆਪਣੇ ਦਫ਼ਤਰ ਵਿਖੇ ਲੋੜਵੰਦ ਪਰਿਵਾਰਾਂ ਨੂੰ ਤ੍ਰਿਪਾਲਾਂ ਵੰਡੀਆਂ ਜਾ ਰਹੀਆਂ ਹਨ।

ਵਿਧਾਇਕ ਗਿਆਸਪੁਰਾ ਨੇ ਕਿਹਾ ਕਿ ਸੂਬੇ ਵਿੱਚ ਹੜ੍ਹਾਂ ਦੀ ਨਾਜ਼ੁਕ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਸੁਹਿਰਦ ਯਤਨ ਕਰ ਰਹੀ ਜਿਸਦੇ ਤਹਿਤ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਕਈ ਅਹਿਮ ਫ਼ੈਸਲੇ ਕੀਤੇ ਹਨ ਜਿਨ੍ਹਾਂ ਵਿੱਚ ਫਸਲਾਂ ਦੇ ਖਰਾਬੇ ਦਾ ਮੁਆਵਜ਼ਾ, ਘਰਾਂ ਦਾ ਮੁਆਵਜਾ, ਪਸ਼ੂਆਂ ਦਾ ਮੁਆਵਜਾ, ਹੜ੍ਹਾਂ ਵਿੱਚ ਜਾਨ ਗੁਆਉਣ ਵਾਲੇ ਪਰਿਵਾਰਾਂ ਨੂੰ ਵਿੱਤੀ ਸਹਾਹਿਤਾ ਆਦਿ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਹ ਐਲਾਨ ਹੜ੍ਹ ਕਾਰਨ ਨੁਕਸਾਨ ਦਾ ਸ਼ਿਕਾਰ ਹੋਏ ਪਰਿਵਾਰਾਂ, ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਆਰਥਿਕ ਸਹਾਇਤਾ ਪਹੁੰਚਾਉਣ ਲਈ ਕੀਤੇ ਗਏ ਹਨ।

ਉਨ੍ਹਾਂ ਦੁਹਾਰਾਇਆ ਕਿ ਭਾਰੀ ਮੀਂਹ ਪੈਣ ਨਾਲ ਲੋਕਾਂ ਦੇ ਕੋਠੇ ਚੋਣ ਲੱਗ ਪਏ ਹਨ ਅਤੇ ਉਨ੍ਹਾਂ ਦਾ ਰਾਸ਼ਨ-ਪਾਣੀ ਅਤੇ ਘਰ ਦੀਆਂ ਜ਼ਰੂਰੀ ਵਸਤਾਂ ਭਿੱਜ ਰਹੀਆਂ ਸਨ, ਜਿਸ ਕਰਕੇ ਉਨ੍ਹਾਂ ਨੂੰ ਤ੍ਰਿਪਾਲਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

## ਫਾਜ਼ਿਲਕਾ ਦੇ ਵਿਧਾਇਕ ਨੇ ਪਿੰਡ ਮਹਾਤਮ ਨਗਰ ਪਹੁੰਚ ਕਰਕੇ ਹੜ੍ਹ ਪੀੜਤਾਂ ਦਾ ਜਾਣਿਆ ਹਾਲ, ਰਾਹਤ ਸਮੱਗਰੀ ਦੀ ਕੀਤੀ ਵੰਡ

**ਫਾਜ਼ਿਲਕਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡ ਮਹਾਤਮ ਨਗਰ ਪਹੁੰਚ ਕੇ ਲੋਕਾ ਦਾ ਹਾਲ ਜਾਣਿਆ ਤੇ ਉਨ੍ਹਾਂ ਨੂੰ ਰਾਹਤ ਸਮੱਗਰੀ ਦੀ ਵੰਡ ਕੀਤੀ।



ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਇਸ ਕੁਦਰਤੀ ਆਫਤ ਦਾ ਮੁਕਾਬਲਾ ਕਰਨ ਲਈ ਉਹ ਲੋਕਾਂ ਦੇ ਨਾਲ ਖੜ੍ਹੇ ਹਨ ਤੇ ਉਹ ਰਾਹਤ ਸਮੱਗਰੀ ਜਿਵੇਂ ਕਿ ਰਾਸ਼ਨ ਤੇ ਪਸ਼ੂਆਂ ਲਈ ਵੰਡ ਦੀ ਰੋਜ਼ਾਨਾ ਵੰਡ ਕਰ ਰਹੇ ਹਨ ਤੇ ਡਾਕਟਰੀ ਟੀਮਾਂ ਦੀ ਮਦਦ ਨਾਲ ਹੜ੍ਹ ਪ੍ਰਭਾਵਿਤ ਪਿੰਡਾਂ ਨੂੰ ਦਵਾਈਆਂ ਵੀ ਦਿੱਤੀਆਂ ਜਾ ਰਹੀਆਂ ਹਨ।

## ਗਰੀਬ ਅਤੇ ਮਜ਼ਦੂਰ ਵਰਗ ਦੀ ਆਵਾਜ਼ ਸਰਕਾਰ ਤਕ ਪਹੁੰਚਾਵਾਂਗਾ- ਚੇਅਰਮੈਨ ਜਸਵੀਰ ਸਿੰਘ ਗੜ੍ਹੀ

**ਬਟਾਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਰੀ ਜਸਵੀਰ ਸਿੰਘ ਗੜ੍ਹੀ, ਚੇਅਰਮੈਨ ਪੰਜਾਬ ਰਾਜ ਅਨੁਸੂਚਿਤ ਜਾਤੀ, ਕਮਿਸ਼ਨ ਅੱਜ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਹੁੰਚੇ ਅਤੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਦਾ ਦੁੱਖ ਦਰਦ ਸੁਣਿਆ।

ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਰਾਵੀ ਦਰਿਆ ਨੇੜਲੇ ਪਿੰਡ ਮਨਸੂਰਕੇ ਵਿਖੇ ਪਿੰਡ ਵਾਸੀਆਂ ਨਾਲ ਗੱਲ ਬਾਤ ਕੀਤੀ ਅਤੇ ਹੜ੍ਹ ਕਾਰਨ ਘਰਾਂ ਨੂੰ ਪੁੱਜੇ ਨੁਕਸਾਨ ਬਾਰੇ ਜਾਣਕਾਰੀ ਲਈ ਅਤੇ ਖੁਦ ਨੁਕਸਾਨੇ ਗਏ ਘਰਾਂ ਵਿੱਚ ਜਾ ਕੇ ਪੀੜਤਾਂ ਦੇ ਦਰਦ ਨੂੰ ਮਹਿਸੂਸ ਕੀਤਾ।

ਇਸ ਮੌਕੇ ਉਨ੍ਹਾਂ ਪੀੜਤ ਪਰਿਵਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਸ ਸੰਕਟ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਹਨ ਅਤੇ ਉਨ੍ਹਾਂ ਦੇ ਘਰਾਂ ਦਾ ਜੋ ਨੁਕਸਾਨ ਹੋਇਆ ਹੈ, ਉਸ ਬਾਰੇ ਸਰਕਾਰ ਨੂੰ ਜਾਣਕਾਰੀ ਦੇਣਗੇ ਅਤੇ ਪੀੜਤ ਪਰਿਵਾਰ ਦੀ ਹਰ-ਸੰਭਵ ਸਹਾਇਤਾ ਕੀਤੀ ਜਾਵੇਗੀ।

ਇਸ ਮੌਕੇ ਪਿੰਡ ਦੇ ਸਰਪੰਚ ਵਿਕਟਰ ਸਿੰਘ ਅਤੇ ਪਿੰਡ ਵਾਸੀਆਂ ਨੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਦਾ ਧੰਨਵਾਦ ਕਰਦਿਆ ਕਿਹਾ ਕਿ ਉਨ੍ਹਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਬਹੁਤ ਧਰਵਾਸ ਮਿਲਿਆ ਹੈ।

ਸਰਪੰਚ ਨੇ ਦੱਸਿਆ ਕਿ ਸਾਡੇ ਪਿੰਡ ਵਿੱਚ ਦਿਹਾੜੀਦਾਰ ਅਤੇ ਮਜਦੂਰ ਪਰਿਵਾਰਾਂ ਦੀ ਗਿਣਤੀ ਜਿਆਦਾ ਹੈ ਅਤੇ ਕਰੀਬ 30 ਘਰ ਨੁਕਸਾਨੇ ਗਏ ਹਨ। ਜਿਆਦਾਤਰ ਘਰਾਂ ਦੀਆਂ ਛੱਤਾਂ ਅਤੇ ਬਾਲੇ ਡਿੱਗੇ ਹਨ ਅਤੇ ਮਕਾਨਾਂ ਦੀਆ ਦੀਵਾਰਾਂ ਵਿੱਚ ਤਰੇੜਾ ਆ ਗਈਆ ਹਨ।

ਇਸ ਮੌਕੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਪੀੜਤ ਪਰਿਵਾਰਾ ਨੂੰ ਭਰੋਸਾ ਦਿੱਤਾ ਕਿ ਉਹ ਸਰਕਾਰ ਦੇ ਧਿਆਨ ਵਿੱਚ ਇਨ੍ਹਾਂ ਪਰਿਵਾਰਾਂ ਦੀਆਂ ਮੁਸ਼ਕਿਲਾਂ ਲਿਆ ਕੇ ਹੱਲ ਕਰਵਾਉਣਗੇ। ਉਨ੍ਹਾਂ ਅੱਗੇ ਕਿਹਾ ਕਿ ਜਿਸ ਤਰ੍ਹਾਂ ਕਿਸਾਨ ਭਰਾਵਾ ਨੂੰ ਫਸਲ ਦਾ ਨੁਕਸਾਨ ਹੋਣ ਤੇ ਮੁਆਵਜਾ ਮਿਲਦਾ ਹੈ ਉਸੇ ਤਰ੍ਹਾਂ ਮਜ਼ਦੂਰ ਤੇ ਗਰੀਬ ਪਰਿਵਾਰ ਨੂੰ ਵੀ ਰਾਹਤ ਦੇਣ ਲਈ ਸਰਕਾਰ ਨੂੰ ਬੇਨਤੀ ਕਰਨਗੇ ਤਾਂ ਜੋ ਇਨ੍ਹਾਂ ਲੋਕਾਂ ਦਾ ਦਰਦ ਵੰਡਾਇਆ ਜਾ ਸਕੇ।

ਇਸ ਉਪਰੰਤ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਪਿੰਡ ਡਾਲਾ ਦੇ ਨੇੜੇ ਧੁੱਸੀ ਬੰਨ ਦਾ ਨਿਰੀਖਣ ਵੀ ਕੀਤਾ ਗਿਆ ਅਤੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਕੇ ਮੌਜੂਦਾ ਸਥਿਤੀ ਦੀ ਜਾਣਕਾਰੀ ਲਈ। ਪਿੰਡ ਵਾਸੀਆਂ ਨੇ ਚੇਅਰਮੈਨ ਗੜ੍ਹੀ ਦੇ ਧਿਆਨ ਵਿੱਚ ਲਿਆਦਾਂ ਕਿ ਧੁੱਸੀ ਨੇੜੇ ਲਿੰਕ ਸੜਕ ਟੁੱਟਣ ਕਾਰਨ ਆਵਾਜਾਈ ਦੀ ਬਹੁਤ ਮੁਸ਼ਕਿਲ ਆ ਰਹੀ ਹੈ ਤਾਂ ਚੇਅਰਮੈਨ ਗੜ੍ਹੀ ਵੱਲੋ ਤੁਰੰਤ ਤਹਿਸੀਲਦਾਰ ਫਤਿਹਗੜ੍ਹ ਚੂੜੀਆਂ ਨੂੰ ਸੜਕ ਵਿਚਲੇ ਟੋਟੇ ਨੂੰ ਠੀਕ ਕਰਨ ਦੀ ਹਦਾਇਤ ਕੀਤੀ।

ਇਸ ਮੌਕੇ ਰਾਸ਼ਨ ਦੀਆ ਕਿੱਟਾਂ ਵੱਖ-ਵੱਖ ਸਥਾਨਾਂ ਤੇ ਵੰਡੀਆਂ ਗਈਆਂ ਅਤੇ ਆਮ ਲੋਕਾਂ ਦੇ ਇਲਾਜ ਲਈ ਸੰਤ ਸਿਪਾਹੀ ਸੁਸਾਇਟੀ ਨੂੰ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਮੁੱਖ ਸੇਵਾਦਾਰ ਬਾਬਾ ਕੇਵਲ ਸਿੰਘ ਚਾਕਰ (ਡਾ.) ਵੱਲੋਂ 40 ਹਜ਼ਾਰ ਦੀਆ ਦੀਵਾਈਆਂ ਵੀ ਭੇਂਟ ਕੀਤੀਆਂ।

ਚੇਅਰਮੈਨ ਗੜ੍ਹੀ ਨੇ ਕਿਹਾ ਕਿ ਹੜ੍ਹਾਂ ਕਾਰਨ ਦਰਿਆ ਦੇ ਨੇੜਲੇ ਪਿੰਡਾਂ ਵਿੱਚ ਸਰਕਾਰ ਵੱਲੋ ਰਾਹਤ ਕਾਰਜ ਅਤੇ ਰਾਹਤ ਸਮੱਗਰੀ ਪੁੱਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ ਅਤੇ ਸਰਕਾਰ ਹੜ੍ਹ ਪੀੜਤਾਂ ਦੇ ਨਾਲ ਮੋਢੇ ਨਾ ਮੋਢਾ ਲਾ ਕੇ ਖੜ੍ਹੀ ਹੈ।

ਇਸ ਮੌਕੇ ਤਪ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਮੁੱਖ ਸੇਵਾਦਾਰ ਬਾਬਾ ਕੇਵਲ ਸਿੰਘ ਚਾਕਰ (ਡਾ.), ਭਾਈ ਦਵਿੰਦਰ ਸਿੰਘ ਖਾਲਸਾ, ਸੰਤ ਸਿਪਾਹੀ ਸੁਸਾਇਟੀ ਲੁਧਿਆਣਾ, ਤਹਿਸੀਲਦਾਰ ਲਛਮਣ ਸਿੰਘ, ਸੁਖਵਿੰਦਰ ਸਿੰਘ ਜ਼ਿਲ੍ਹਾ ਭਲਾਈ ਅਫ਼ਸਰ ਅਤੇ ਸਰਪੰਚ ਵਿਕਟਰ ਸਿੰਘ ਮੌਜੂਦ ਸਨ।

## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਗੰਡੀਵਿੰਡ ਵੱਲੋ ਪਿੰਡ ਜਗਤਪੁਰਾ ਵਿਖੇ ਪਰਾਲੀ ਨੂੰ ਅੱਗ ਨਾ ਲਗਾਉਣ ਸੰਬੰਧੀ ਲਗਾਇਆ ਕਿਸਾਨ ਸਿਖਲਾਈ ਕੈਂਪ




**ਤਰਨ ਤਾਰਨ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਆਈ. ਏ. ਐਸ ਦੀ ਰਹਿਨੁਮਾਈ ਹੇਠ ਡਾ. ਜਸਵਿੰਦਰ ਸਿੰਘ ਜਿਲਾ ਸਿਖਲਾਈ ਅਫਸਰ ਤਰਨ ਤਾਰਨ ਦੇ ਦਿਸ਼ਾ ਨਿਰਦੇਸ਼ ਅਤੇ ਬਲਾਕ ਖੇਤੀਬਾੜੀ ਅਫਸਰ ਡਾ. ਗੁਰਿੰਦਰਜੀਤ ਸਿੰਘ ਦੀ ਯੋਗ ਅਗਵਾਈ ਹੇਠ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਪਿੰਡ ਜਗਤਪੁਰਾ ਬਲਾਕ ਗੰਡੀਵਿੰਡ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ, ਇਸ ਮੌਕੇ ਗੁਰਮੀਤ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ, ਤੇ ਇਸ ਦੇ ਨਾਲ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ।ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਮਿੱਤਰ ਕੀੜੇ ਮਰ ਜਾਂਦੇ ਹਨ, ਇਸ ਦੇ ਜਹਿਰੀਲੇ ਧੂੰਏ ਨਾਲ ਬੱਚਿਆਂ ਤੇ ਬਜ਼ੁਰਗਾਂ ਦੀ ਸਿਹਤ ਤੇ ਮਾੜਾ ਅਸਰ ਪੈਂਦਾ ਹੈ, ਤੇ ਵਾਤਾਵਰਨ ਪਲੀਤ ਹੁੰਦਾ ਹੈ। ਇਸ ਮੌਕੇ ਡਾ. ਗੁਰਿੰਦਰਜੀਤ ਸਿੰਘ ਨੇ ਝੋਨੇ ਅਤੇ ਬਾਸਮਤੀ ਦੀਆਂ ਬਿਮਾਰੀਆਂ ਅਤੇ ਕੀੜੇ ਮਕੌੜਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।

ਇਸ ਦੇ ਨਾਲ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਪ੍ਰੇਰਿਤ ਕੀਤਾ ਅਤੇ ਫਸਲਾਂ ਦੀ ਰਹਿੰਦ-ਖੂਹੰਦ ਨੂੰ ਜਮੀਨ ਵਿੱਚ ਵਾਹੁਣ ਲਈ ਕਿਹਾ।

ਉਨ੍ਹਾਂ ਕਿਹਾ ਕਿ ਇਸ ਕੈਂਪ ਵਿੱਚ ਕਿਸਾਨਾਂ ਨੂੰ ਖਾਦਾਂ ਦੀ ਵਰਤੋਂ ਸੰਜਮ ਨਾਲ ਕਰਨ ਅਤੇ ਵਿਭਾਗ ਵਿੱਚ ਚੱਲ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਕੈਂਪ ਵਿੱਚ ਅਵਤਾਰ ਸਿੰਘ ਫ਼ੀਲਡ ਵਰਕਰ ਨੇ ਕਿਸਾਨਾਂ ਦੀ ਸ਼ਮੂਲੀਅਤ ਕਰਵਾਈ। ਇਸ ਕੈਂਪ ਵਿੱਚ ਮੇਵਾ ਸਿੰਘ, ਮਲਕੀਤ ਸਿੰਘ, ਲਾਲ ਸਿੰਘ, ਰੇਸ਼ਮ ਸਿੰਘ, ਜਗੀਰ ਸਿੰਘ, ਕਿੰਦਹਬੀਰ ਸਿੰਘ, ਸਰਬਜੀਤ ਸਿੰਘ, ਹਰਜਿੰਦਰ ਸਿੰਘ, ਕੁਲਦੀਪ ਸਿੰਘ, ਰਵੇਲ ਸਿੰਘ, ਅਮਰਤਬੀਰ ਸਿੰਘ, ਸੀਤਲ ਸਿੰਘ, ਸਵਰਨ ਸਿੰਘ , ਲਖਵਿੰਦਰ ਸਿੰਘ, ਹਰਪ੍ਰੀਤ ਸਿੰਘ, ਗੁਰਸੇਵਕ ਸਿੰਘ, ਆਦਿ ਅਗਾਂਹਵਧੂ ਕਿਸਾਨ ਹਾਜ਼ਰ ਸਨ।

## ਨਗਰ ਸੁਧਾਰ ਟਰੱਸਟ ਦੀਆਂ ਜਾਇਦਾਦਾਂ ’ਤੇ ਨਾਜਾਇਜ਼ ਕਬਜ਼ਾ ਨਹੀਂ ਹੋਵੇਗਾ ਬਰਦਾਸ਼ਤ: ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ

**ਹੁਸ਼ਿਆਰਪੁਰ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਾਲਾ ਨੇ ਸਪੱਸ਼ਟ ਕੀਤਾ ਹੈ ਕਿ ਟਰੱਸਟ ਦੀਆਂ ਜਾਇਦਾਦਾਂ ’ਤੇ ਕਿਸੇ ਵੀ ਤਰ੍ਹਾਂ ਦਾ ਗੈਰ-ਕਾਨੂੰਨੀ ਕਬਜ਼ਾ ਜਾਂ ਗੈਰ-ਕਾਨੂੰਨੀ ਉਸਾਰੀ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ।



ਉਨ੍ਹਾਂ ਕਿਹਾ ਕਿ ਅਜਿਹੇ ਸਾਰੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਕਬਜ਼ੇ ਹਟਾਏ ਜਾਣਗੇ।

ਚੇਅਰਮੈਨ ਪਾਬਾਲਾ ਨੇ ਕਿਹਾ ਕਿ ਉਨ੍ਹਾਂ ਜਾਇਦਾਦਾਂ ’ਤੇ ਕੀਤੀਆਂ ਗਈਆਂ ਸਾਰੀਆਂ ਉਸਾਰੀਆਂ ਜਿਨ੍ਹਾਂ ਨੂੰ ਅਜੇ ਤੱਕ ਟਰੱਸਟ ਦਫ਼ਤਰ ਤੋਂ ਮਨਜ਼ੂਰੀ ਨਹੀਂ ਮਿਲੀ ਹੈ ਜਾਂ ਜੋ ਝਗੜੇ ਵਾਲੀ ਸਥਿਤੀ ਵਿੱਚ ਹਨ, ਨੂੰ ਗੈਰ-ਕਾਨੂੰਨੀ ਮੰਨਿਆ ਜਾਵੇਗਾ। ਟਰੱਸਟ ਦੇ ਅਧਿਕਾਰੀਆਂ ਨੂੰ ਹਦਾਇਤਾਂ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਨਗਰ ਸੁਧਾਰ ਟਰੱਸਟ ਦੀਆਂ ਸਕੀਮਾਂ ਵਿੱਚ ਮੌਜੂਦ ਸਾਰੇ ਗੈਰ-ਕਾਨੂੰਨੀ ਕਬਜ਼ਿਆਂ ਦੀ ਸੂਚੀ ਤੁਰੰਤ ਉਪਲਬੱਧ ਕਰਵਾਈ ਜਾਵੇ, ਤਾਂ ਜੋ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕੇ।

ਉਨ੍ਹਾਂ ਸਪੱਸ਼ਟ ਤੌਰ ’ਤੇ ਕਿਹਾ ਕਿ ਇਸ ਪੂਰੀ ਪ੍ਰਕਿਰਿਆ ਦੌਰਾਨ ਕਿਸੇ ਵੀ ਤਰ੍ਹਾਂ ਦਾ ਰਾਜਨੀਤਿਕ ਜਾਂ ਬਾਹਰੀ ਦਬਾਅ ਸਵੀਕਾਰ ਨਹੀਂ ਕੀਤਾ ਜਾਵੇਗਾ। ਪਾਬਲਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਵੈ-ਇੱਛਾ ਨਾਲ ਕਬਜ਼ੇ ਖਾਲੀ ਕਰਨ ਤਾਂ ਜੋ ਉਨ੍ਹਾਂ ਨੂੰ ਕੋਈ ਵਿੱਤੀ ਨੁਕਸਾਨ ਨਾ ਹੋਵੇ।

ਚੇਅਰਮੈਨ ਪਾਬਲਾ ਨੇ ਦੱਸਿਆ ਕਿ ਅੱਜ ਟਰੱਸਟ ਦਫ਼ਤਰ ਵੱਲੋਂ ਸਕੀਮ ਨੰਬਰ-2, ਰਾਜੀਵ ਗਾਂਧੀ ਐਵੇਨਿਊ, ਹੁਸ਼ਿਆਰਪੁਰ ਵਿੱਚ ਨਾਜਾਇਜ਼ ਕਬਜ਼ੇ ਹਟਾਉਣ ਲਈ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਜਾਰੀ ਜਿਨ੍ਹਾਂ ਨੂੰ ਅਜੇ ਤੱਕ ਟਰੱਸਟ ਦਫ਼ਤਰ ਤੋਂ ਮਨਜ਼ੂਰੀ ਨਹੀਂ ਮਿਲੀ ਹੈ ਜਾਂ ਜੋ ਝਗੜੇ ਵਾਲੀ ਸਥਿਤੀ ਵਿੱਚ ਹਨ, ਨੂੰ ਗੈਰ-ਕਾਨੂੰਨੀ ਮੰਨਿਆ ਜਾਵੇਗਾ। ਟਰੱਸਟ ਦੇ ਅਧਿਕਾਰੀਆਂ ਨੂੰ ਹਦਾਇਤਾਂ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਨਗਰ ਸੁਧਾਰ ਟਰੱਸਟ ਦੀਆਂ ਸਕੀਮਾਂ ਵਿੱਚ ਮੌਜੂਦ ਸਾਰੇ ਗੈਰ-ਰਹੇਗੀ ਅਤੇ ਪ੍ਰਸ਼ਾਸਨ ਨਗਰ ਸੁਧਾਰ ਟਰੱਸਟ ਦੀਆਂ ਜ਼ਮੀਨਾਂ ਨੂੰ ਪੂਰੀ ਤਰ੍ਹਾਂ ਮੁਕਤ ਕਰਵਾਉਣ ਲਈ ਹਰ ਸੰਭਵ ਕਦਮ ਚੁੱਕੇਗਾ।

## ਧਰਾਂਗਵਾਲਾ ਦੇ ਨੌਜਵਾਨਾਂ ਵੱਲੋਂ ਹੜ੍ਹ ਪੀੜਤਾਂ ਲਈ ਹਰੇ ਚਾਰੇ ਦੀ ਸੇਵਾ




**ਫਾਜ਼ਿਲਕਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਆਏ ਹੜ੍ਹ ਨੇ ਲੋਕਾਂ ਦੇ ਨਾਲ-ਨਾਲ ਪਸ਼ੂ-ਪਾਲਣ ਨੂੰ ਵੀ ਗੰਭੀਰ ਤੌਰ ’ਤੇ ਪ੍ਰਭਾਵਿਤ ਕੀਤਾ ਹੈ।

ਫਸਲਾਂ ਦੇ ਡੁੱਬ ਜਾਣ ਕਾਰਨ ਕਿਸਾਨੀ ਨੂੰ ਵੱਡਾ ਨੁਕਸਾਨ ਹੋਇਆ ਹੈ ਅਤੇ ਪਸ਼ੂਆਂ ਲਈ ਚਾਰੇ ਦੀ ਕਮੀ ਸਭ ਤੋਂ ਵੱਡੀ ਸਮੱਸਿਆ ਵਜੋਂ ਸਾਹਮਣੇ ਆਈ ਹੈ। ਹਾਲਾਂਕਿ ਜ਼ਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਵੱਲੋਂ ਹਰਾ ਚਾਰਾ, ਕੈਟਲ ਫੀਡ ਮੁਹੱਈਆ ਕਰਵਾਈ ਜਾ ਰਹੀ ਹੈ।

ਇਹਨਾਂ ਹੀ ਹਾਲਾਤਾਂ ਵਿੱਚ, ਫ਼ਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਧਰਾਂਗਵਾਲਾ ਦੇ ਨੌਜਵਾਨਾਂ ਨੇ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਹਰਾ ਚਾਰਾ ਮੁਹੱਈਆ ਕਰਵਾਇਆ।

ਪਿੰਡ ਤੋਂ ਹਰੇ ਚਾਰੇ ਨਾਲ ਭਰੀ ਟਰਾਲੀ ਤਿਆਰ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਣਾਏ ਗਏ ਰਾਹਤ ਕੇਂਦਰਾਂ ਤੱਕ ਪਹੁੰਚਾਈ ਗਈ, ਜਿਸ ਨਾਲ ਬਹੁਤ ਸਾਰੇ ਮਵਸ਼ੀਆਂ ਦੀ ਤੁਰੰਤ ਲੋੜ ਪੂਰੀ ਹੋਈ।

ਧਰਾਂਗਵਾਲਾ ਦੇ ਨੌਜਵਾਨਾਂ ਦਾ ਕਹਿਣਾ ਹੈ ਕਿ ਜਿਵੇਂ ਇਨਸਾਨਾਂ ਲਈ ਖਾਣ-ਪੀਣ ਜ਼ਰੂਰੀ ਹੈ, ਉਸੇ ਤਰ੍ਹਾਂ ਮਵਸ਼ੀਆਂ ਲਈ ਚਾਰਾ ਲਾਜ਼ਮੀ ਹੈ। ਉਹਨਾਂ ਦੇ ਅਨੁਸਾਰ, “ਜੇ ਪਸ਼ੂਆਂ ਨੂੰ ਚਾਰਾ ਨਾ ਮਿਲੇ ਤਾਂ ਹੜ੍ਹ ਦਾ ਅਸਰ ਦੋਹਰਾ ਹੋ ਜਾਂਦਾ ਹੈ ਕਿਉਂਕਿ ਇਹ ਕਿਸਾਨ ਦੀ ਆਰਥਿਕ ਰੀੜ੍ਹ ਦੀ ਹੱਡੀ ਹਨ।

ਸਥਾਨਕ ਲੋਕਾਂ ਨੇ ਵੀ ਇਸ ਯੋਗਦਾਨ ਦੀ ਖੂਬ ਪ੍ਰਸ਼ੰਸਾ ਕੀਤੀ ਹੈ ਅਤੇ ਕਿਹਾ ਹੈ ਕਿ ਜਦੋਂ ਪਿੰਡ ਦੇ ਨੌਜਵਾਨ ਇਸ ਤਰ੍ਹਾਂ ਸੇਵਾ ਵਿੱਚ ਅੱਗੇ ਆਉਂਦੇ ਹਨ ਤਾਂ ਪੀੜਤ ਪਰਿਵਾਰਾਂ ਵਿੱਚ ਨਵੀਂ ਉਮੀਦ ਜਗਦੀ ਹੈ।

ਜ਼ਿਲ੍ਹਾ ਪ੍ਰਸ਼ਾਸਨ ਨੇ ਵੀ ਇਸ ਪ੍ਰਯਾਸ ਦੀ ਸਰਾਹਨਾ ਕਰਦਿਆਂ ਕਿਹਾ ਹੈ ਕਿ ਇਸ ਤਰ੍ਹਾਂ ਦੇ ਸੇਵਾਪ੍ਰੇਮੀ ਕਦਮ ਸਰਕਾਰੀ ਰਾਹਤ ਯਤਨਾਂ ਲਈ ਇਕ ਵੱਡਾ ਸਹਿਯੋਗ ਸਾਬਤ ਹੁੰਦੇ ਹਨ।

ਧਰਾਂਗਵਾਲਾ ਦੇ ਨੌਜਵਾਨਾਂ ਨੇ ਵਚਨ ਦਿੱਤਾ ਹੈ ਕਿ ਜਦੋਂ ਵੀ ਤੇ ਜਿੱਥੇ ਵੀ ਜ਼ਰੂਰਤ ਪਵੇਗੀ, ਉਹ ਹਮੇਸ਼ਾਂ ਸੇਵਾ ਲਈ ਤਿਆਰ ਰਹਿਣਗੇ।

ਉਹਨਾਂ ਦਾ ਕਹਿਣਾ ਹੈ ਕਿ “ਸੇਵਾਇਹਨਾਂ ਹੀ ਹਾਲਾਤਾਂ ਵਿੱਚ, ਫ਼ਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਧਰਾਂਗਵਾਲਾ ਦੇ ਨੌਜਵਾਨਾਂ ਨੇ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਹਰਾ ਚਾਰਾ ਮੁਹੱਈਆ ਕਰਵਾਇਆ।

ਪਿੰਡ ਤੋਂ ਹਰੇ ਚਾਰੇ ਨਾਲ ਭਰੀ ਟਰਾਲੀ ਤਿਆਰ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਬਣਾਏ ਗਏ ਰਾਹਤ ਕੇਂਦਰਾਂ ਤੱਕ ਪਹੁੰਚਾਈ ਗਈ, ਜਿਸ ਨਾਲ ਬਹੁਤ ਸਾਰੇ ਮਵਸ਼ੀਆਂ ਦੀ ਤੁਰੰਤ ਲੋੜ ਪੂਰੀ ਹੋਈ। ਕਰਨਾ ਸਾਡੀ ਰੀਤ ਹੈ, ਤੇ ਮਦਦ ਕਰਨਾ ਸਾਡਾ ਫਰਜ਼।

### ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਤੋਂ ਰਾਹਤ ਸਮੱਗਰੀ ਨੂੰ ਝੰਡੀ ਦੇ ਕੇ ਕੀਤੀ ਰਵਾਨਾ

# ਮਨੁੱਖਤਾ ਦੀ ਮਿਸਾਲ: ਪਟਿਆਲਾ ਨੇ ਖ਼ੁਦ ਹੜ੍ਹ ਪ੍ਰਭਾਵਿਤ ਹੋਣ ਦੇ ਬਾਵਜੂਦ ਹੋਰ ਜ਼ਿਲ੍ਹਿਆਂ ਨੂੰ ਦਿੱਤੀ ਮਦਦ : ਡਾ. ਬਲਬੀਰ ਸਿੰਘ

**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਨੂੰ ਸਮੇਂ ਸਿਰ ਸਹਾਇਤਾ ਪਹੁੰਚਾਉਣ ਦੇ ਲਗਾਤਾਰ ਯਤਨਾਂ ਨੂੰ ਅੱਗੇ ਵਧਾਉਂਦੇ ਹੋਏ, ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਤਰਫ਼ੋਂ ਪਟਿਆਲਾ ਤੋਂ 16 ਟਰੱਕਾਂ ਵਿਚ ਭੇਜੀ ਗਈ ਰਾਹਤ ਸਮੱਗਰੀ ਨੂੰ ਰਵਾਨਾ ਕੀਤਾ।




ਇਹ ਰਾਹਤ ਸਮੱਗਰੀ, ਜੋ ਕਿ ਪੰਜਾਬ ਰਾਈਸ ਮਿਲਰਜ਼ ਐਸੋਸੀਏਸ਼ਨ ਵੱਲੋਂ ਇਕੱਠੀ ਕੀਤੀ ਗਈ ਹੈ, ਵਿੱਚ ਪਸ਼ੂਆਂ ਲਈ ਸਾਇਲੇਜ, 5 ਹਜ਼ਾਰ ਰਾਸ਼ਨ ਕਿੱਟਾਂ (ਜਿਨ੍ਹਾਂ ਵਿੱਚ ਜ਼ਰੂਰੀ ਖਾਣ-ਪੀਣ ਦੀਆਂ ਚੀਜ਼ਾਂ ਸ਼ਾਮਲ ਹਨ), ਮੈਡੀਕਲ ਕਿੱਟਾਂ, ਓ.ਆਰ.ਐਸ., ਪੀਣ ਵਾਲੇ ਪਾਣੀ ਦੀਆਂ ਬੋਤਲਾਂ, ਓਡੋਮੋਸ ਅਤੇ ਰੋਜ਼ਾਨਾ ਵਰਤੋਂ ਵਾਲੀਆਂ ਹੋਰ ਜ਼ਰੂਰੀ ਚੀਜ਼ਾਂ ਸ਼ਾਮਲ ਹਨ। ਇਹ ਟਰੱਕ ਖ਼ਾਸ ਤੌਰ 'ਤੇ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਅਤੇ ਹੋਰ ਸਰਹੱਦੀ ਜ਼ਿਲ੍ਹਿਆਂ ਵੱਲ ਭੇਜੇ ਜਾ ਰਹੇ ਹਨ, ਜੋ ਹੜ੍ਹ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।

ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਹ ਪਹਿਲ ਪੰਜਾਬੀਆਂ ਦੀ ਚੜ੍ਹਦੀਕਲਾ ਨੂੰ ਦਰਸਾਉਂਦੀ ਹੈ, ਜਿੱਥੇ ਲੋਕ ਆਪਣੀਆਂ ਮੁਸ਼ਕਲਾਂ ਤੋਂ ਉੱਪਰ ਉੱਠ ਕੇ ਹੋਰ ਪੀੜਤਾਂ ਦੀ ਸਹਾਇਤਾ ਲਈ ਅੱਗੇ ਆਉਂਦੇ ਹਨ। ਉਨ੍ਹਾਂ ਨੇ ਕਿਹਾ ਕਿ ਹਾਲਾਂਕਿ ਪਟਿਆਲਾ ਜ਼ਿਲ੍ਹਾ ਵੀ ਹੜ੍ਹ ਨਾਲ ਪ੍ਰਭਾਵਿਤ ਹੈ, ਪਰ ਇੱਥੋਂ ਦੇ ਲੋਕਾਂ ਅਤੇ ਸੰਸਥਾਵਾਂ ਨੇ ਸਭ ਤੋਂ ਜ਼ਿਆਦਾ ਪ੍ਰਭਾਵਿਤ ਜ਼ਿਲ੍ਹਿਆਂ ਦੀ ਮਦਦ ਕਰ ਕੇ ਮਨੁੱਖਤਾ ਦੀ ਮਿਸਾਲ ਪੇਸ਼ ਕੀਤੀ ਹੈ।

ਸਿਹਤ ਮੰਤਰੀ ਨੇ ਖ਼ਾਸ ਤੌਰ 'ਤੇ ਪੰਜਾਬ ਰਾਈਸ ਮਿਲਰਜ਼ ਐਸੋਸੀਏਸ਼ਨ ਦੀ ਸਹਾਇਤਾ ਦੀ ਸਰਾਹਨਾ ਕੀਤੀ ਜਿਨ੍ਹਾਂ ਨੇ 16 ਟਰੱਕਾਂ ਦੀ ਇਹ ਰਾਹਤ ਸਮੱਗਰੀ ਇਕੱਠੀ ਕਰਨ ਲਈ ਅਹਿਮ ਭੂਮਿਕਾ ਨਿਭਾਈ। ਇਸੇ ਤਰ੍ਹਾਂ ਉਨ੍ਹਾਂ ਨੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ, ਡਾਇਰੈਕਟਰ ਖ਼ੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਸੁਰੱਖਿਆ ਮਾਮਲੇ ਵਰਿੰਦਰ ਕੁਮਾਰ, ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਅਤੇ ਆਲ ਇੰਡੀਆ ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਤਰਸੇਮ ਸੈਣੀ ਦੀ ਵੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ, ਜਿਨ੍ਹਾਂ ਨੇ ਮਿਲ ਕੇ ਪੀੜਤ ਲੋਕਾਂ ਤੱਕ ਸਮੇਂ ਸਿਰ ਮਦਦ ਪਹੁੰਚਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਤੁਰੰਤ ਰਾਹਤ ਕੰਮਾਂ ਤੋਂ ਲੈ ਕੇ ਲੰਬੇ ਸਮੇਂ ਦੀ ਬਹਾਲੀ ਯੋਜਨਾਵਾਂ ਤੱਕ ਪੂਰੇ ਜ਼ੋਰ ਨਾਲ ਕੰਮ ਕਰ ਰਹੀ ਹੈ।

ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮੋਬਾਈਲ ਹੈਲਥ ਕੈਂਪ, ਪਸ਼ੂ ਇਲਾਜ ਸੇਵਾਵਾਂ, ਖ਼ੁਰਾਕ ਵੰਡ ਅਤੇ ਪੁਨਰਵਾਸ ਉਪਰਾਲਿਆਂ ਰਾਹੀਂ ਲੋਕਾਂ ਦੀਆ ਸਮੱਸਿਆਵਾਂ ਘਟਾਉਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਸੂਬਾ ਸਰਕਾਰ ਲੋਕਾਂ ਦੇ ਜੀਵਨ ਨੂੰ ਦੁਬਾਰਾ ਪਟੜੀ 'ਤੇ ਲਿਆਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਇਸ ਮੌਕੇ ਐਸ.ਡੀ.ਐਮ. ਪਟਿਆਲਾ ਹਰਜੋਤ ਕੌਰ, ਸੂਬਾ ਪ੍ਰਧਾਨ ਗੁਰਦੀਪ ਸਿੰਘ ਚੀਮਾ, ਸ਼ਾਮ ਲਾਲ ਢੇਲਵਾਂ, ਭੋਲਾ ਸਿੰਘ, ਨਰੇਸ਼ ਕੁਮਾਰ, ਸੁਰਜੀਤ ਢਿੱਲੋਂ, ਗੁਰਜੰਟ ਸਿੰਘ, ਦਿਲਬਾਗ ਸਿੰਘ, ਅਮਰਜੀਤ ਸਿੰਘ ਬਖਸ਼ੀਵਾਲਾ, ਚਮਨ ਲਾਲ, ਰੋਸ਼ਨ ਲਾਲ, ਸੰਜੀਵ ਸ਼ੈਲੀ, ਇੰਦਰਜੀਤ ਸਿੰਘ ਸੰਧੂ, ਰਾਕੇਸ਼ ਕੁਮਾਰ, ਅਜੈਬ ਸਿੰਘ ਜਵੰਧਾ, ਇਕਬਾਲ ਸਿੰਘ ਸਰਾਂ, ਗੌਰਵ ਗੋਇਲ, ਵਿੱਕੀ, ਨਰਿੰਦਰ ਗਰਗ, ਕੁਲਦੀਪ ਸੋਹਰੀਆ, ਜਸਕਰਨ ਸਿੰਘ, ਰਾਕੇਸ਼ ਕੁਮਾਰ, ਗੁਰਦੀਪ ਸਿੰਘ ਕਕਰਾਲਾ, ਪਰਮਜੀਤ ਸਿੰਘ, ਸ਼ਿਵ ਕੁਮਾਰ, ਲਖਵੀਰ ਸਿੰਘ ਥਾਬਲਾਂ, ਅਨੀਸ਼ ਜਿੰਦਲ, ਸੁਰਜੀਤ ਸਿੰਘ ਸ਼ਾਹੀ, ਤਰਸੇਮ ਬਾਂਸਲ, ਸੰਜੀਵ ਟਾਂਡਾ, ਸਤਿੰਦਰ ਸਿੰਘ, ਨਰੇਸ਼ ਕੁਮਾਰ ਮਿੱਤਲ, ਦਰਬਾਰਾ ਸਿੰਘ, ਸੁਰੇਸ਼ ਡਕਾਲਾ, ਵਿਕਰਮਜੀਤ ਸਿੰਘ ਤੇ ਸਰਜੀਵਨ ਕੁਮਾਰ ਅਤੇ ਕਈ ਹੋਰ ਵਿਅਕਤੀ ਵੀ ਹਾਜ਼ਰ ਸਨ।

### ਡਿਪਟੀ ਕਮਿਸ਼ਨਰ ਵਲੋਂ ਭਾਰੀ ਮੀਂਹ ਤੇ ਹੜ੍ਹ ਤੋਂ ਪ੍ਰਭਾਵਿਤ ਸਕੂਲਾਂ ਦੀਆਂ ਇਮਾਰਤਾਂ ਦਾ ਜਾਇਜ਼ਾ

# ਉਲਟਪੁਰ ਦੇ ਵਸਨੀਕਾਂ ਨਾਲ ਵੀ ਮੁਲਾਕਾਤ, ਪਸ਼ੂਆਂ ਲਈ ਚਾਰੇ ਤੇ ਹੋਰ ਲੋੜੀਂਦੀਆਂ ਵਸਤਾਂ ਦੀ ਕੋਈ ਕਮੀ ਨਹੀਂ : ਡਾ. ਪ੍ਰੀਤੀ ਯਾਦਵ




**ਪਟਿਆਲਾ, 12 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਭਾਰੀ ਮੀਂਹ ਕਰਕੇ ਅਤੇ ਹੜ੍ਹ ਦੇ ਪਾਣੀ ਕਰਕੇ ਨੁਕਸਾਨੇ ਗਏ ਸਕੂਲਾਂ ਦਾ ਦੌਰਾ ਕਰਕੇ ਜਾਇਜ਼ਾ ਲਿਆ।

ਉਨ੍ਹਾਂ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਭਾਰੀ ਬਰਸਾਤ ਤੇ ਪਾਣੀ ਆਉਣ ਕਰਕੇ ਨੁਕਸਾਨੀਆਂ ਗਈਆਂ ਛੱਤਾਂ, ਚਾਰਦੀਵਾਰੀ ਤੇ ਸਕੂਲਾਂ ਦੇ ਹੋਏ ਹੋਰ ਨੁਕਸਾਨ ਦੀ ਰਿਪੋਰਟ ਪੇਸ਼ ਕਰਨ ਦੀ ਹਦਾਇਤ ਕੀਤੀ ਹੈ।

ਡਿਪਟੀ ਕਮਿਸ਼ਨਰ ਨੇ ਪਿੰਡ ਦਦਹੇੜੀਆਂ ਤੇ ਗੰਗਰੋਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਛੱਤ ਖਰਾਬ ਹੋਣ ਕਰਕੇ ਕਮਰਿਆਂ 'ਚ ਆਏ ਪਾਣੀ ਸਮੇਤ ਜਵਾਲਾਪੁਰ, ਉਲਟਪੁਰ ਦੇ ਸਕੂਲ 'ਚ ਹੜ੍ਹ ਦੇ ਪਾਣੀ ਆਉਣ ਕਰਕੇ ਟੁੱਟੀ ਦੀਵਾਰ ਤੇ ਹੋਰ ਨੁਕਸਾਨ ਦਾ ਨਿਰੀਖਣ ਕੀਤਾ। ਉਨ੍ਹਾਂ ਦੇ ਨਾਲ ਐਸ.ਡੀ.ਐਮ ਹਰਜੋਤ ਕੌਰ ਮਾਵੀ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼ਾਲੂ ਮਹਿਰਾ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਸਿੱਖਿਆ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀ ਮੁਢਲੀ ਤਰਜੀਹ ਹੈ, ਜਿਸ ਲਈ ਬਰਸਾਤ ਤੇ ਹੜ੍ਹ ਦੇ ਪਾਣੀ ਕਰਕੇ ਨੁਕਸਾਨੇ ਗਏ ਸਕੂਲਾਂ ਦੀ ਤੁਰੰਤ ਮੁਰੰਮਤ ਕਰਵਾਈ ਜਾਵੇਗੀ ਤਾਂ ਕਿ ਵਿਦਿਆਰਥੀਆਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਾ ਹੋਵੇ।

ਡਿਪਟੀ ਕਮਿਸ਼ਨਰ ਨੇ ਇਸ ਮੌਕੇ ਸਕੂਲਾਂ ਦੇ ਅਧਿਆਪਕਾਂ ਨਾਲ ਵੀ ਗੱਲਬਾਤ ਕੀਤੀ ਅਤੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਨੂੰ ਤਰਜੀਹ ਦਿੱਤੀ ਜਾਵੇ ਅਤੇ ਸਕੂਲਾਂ ਦੀ ਮੁਰੰਮਤ ਸੁਚੱਜੇ ਢੰਗ ਨਾਲ ਕਰਵਾਈ ਜਾਵੇ ਅਤੇ ਕਮਰਿਆਂ ਦੀਆਂ ਛੱਤਾਂ, ਨਵੇਂ ਕਮਰਿਆਂ ਦੀ ਲੋੜ ਸਮੇਤ ਚਾਰਦੀਵਾਰੀ ਤੇ ਹੋਰ ਜਰੂਰੀ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕਰਵਾਇਆ ਜਾਵੇ।

ਡਾ. ਪ੍ਰੀਤੀ ਯਾਦਵ ਨੇ ਆਪਣੇ ਦੌਰੇ ਦੌਰਾਨ ਉਲਟਪੁਰ ਦੀ ਪੰਚਾਇਤ ਤੇ ਹੋਰ ਪਿੰਡ ਵਾਸੀਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਹੜ੍ਹਾਂ ਕਰਕੇ ਨੁਕਸਾਨੀ ਗਈ ਫ਼ਸਲ ਦਾ ਜਾਇਜ਼ਾ ਲਿਆ ਅਤੇ ਮਵੇਸ਼ੀਆਂ ਲਈ ਚਾਰਾ ਤੇ ਆਚਾਰ ਭੇਜੇ ਜਾਣ ਬਾਬਤ ਜਾਣਕਾਰੀ ਦਿੱਤੀ। ਪਿੰਡ ਵਾਸੀਆਂ ਨੇ ਦੱਸਿਆ ਕਿ ਕੁਝ ਦਿਨਾਂ ਬਾਅਦ ਪਾਣੀ ਉਤਰ ਜਾਣ ਕਰਕੇ ਕੁਝ ਰਾਹਤ ਮਿਲ ਜਾਵੇਗੀ। ਉਨ੍ਹਾਂ ਨੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਨੂੰ ਹਦਾਇਤ ਕੀਤੀ ਕਿ ਹੜ੍ਹ ਕਰਕੇ ਨੁਕਸਾਨੀਆਂ ਗਈਆਂ ਪਾਣੀ ਸਪਲਾਈ ਦੀਆਂ ਪਾਇਪਾਂ ਠੀਕ ਕਰਵਾਈਆਂ ਜਾਣ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਇਆ ਜਾਵੇ ਤੇ ਪਾਣੀ ਦੀ ਕਲੋਰੀਨੇਸ਼ਨ ਵੀ ਕੀਤੀ ਜਾਵੇ।

ਇਸ ਮੌਕੇ ਲੋਕਾਂ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਪਾਣੀ ਕਰਕੇ ਫਸਲਾਂ ਮਾਰੀਆਂ ਗਈਆਂ ਹਨ ਤੇ ਪਸ਼ੂਆਂ ਲਈ ਚਾਰੇ ਦੀ ਵੀ ਤੰਗੀ ਪੈਦਾ ਹੋ ਗਈ ਹੈ, ਜਿਸ 'ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਿੰਡ ਦੀ ਲੋੜ ਮੁਤਾਬਕ ਹਰਾ ਚਾਰਾ ਤੇ ਸਾਇਲੇਜ ਭਿਜਵਾਇਆ ਜਾ ਰਿਹਾ ਹੈ ਤੇ ਕਿਸੇ ਵਸਤੂ ਦੀ ਕੋਈ ਕਮੀਂ ਨਹੀਂ ਹੈ ਤੇ ਜ਼ਿਲ੍ਹਾ ਪ੍ਰਸ਼ਾਸਨ ਆਪਣੇ ਲੋਕਾਂ ਦੇ ਨਾਲ ਖੜ੍ਹਾ ਹੈ।

# ਸ੍ਰੀ ਬ੍ਰਾਹਮਣ ਸਮਾਜ ਵੱਲੋਂ 34ਵਾਂ ਹਵਨ ਯੱਗ ਕਰਾਇਆ ਗਿਆ



**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵਾਨ ਪਰਸ਼ੂਰਾਮ ਵਾਟਿਕਾ, ਪਰਸ਼ੂਰਾਮ ਚੌਂਕ, ਸਰਹੰਦੀ ਗੇਟ ਪਟਿਆਲਾ ਵਿਖੇ ਸ੍ਰੀ ਸੂਰਜਭਾਨ ਸ਼ਰਮਾ ਜੀ ਦੀ ਅਧਿਅਕਸ਼ਤਾ ਵਿੱਚ ਸਮਸਤ ਸੰਸਾਰ ਦੀ ਭਲਾਈ ਸੁਖ ਸ਼ਾਂਤੀ ਲਈ 34 ਵਾਂ ਹਵਨ ਯੱਗ ਕਰਵਾਇਆ ਗਿਆ। ਹਵਨ ਯੱਗ ਪੰਡਤ ਅਨਿਲ ਮਿਸ਼ਰਾ ਜੀ ਦੁਆਰਾ ਮੁੱਖ ਯਜਮਾਨ ਸ੍ਰੀ ਸੰਦੀਪ ਸ਼ਰਮਾ ਤੋਂ ਪੂਜਾ ਅਰਚਨਾ ਕਰਵਾ ਕੇ ਵਿਧੀ ਪੂਰਵਕ ਕੀਤਾ ਗਿਆ। ਇਸ ਮੌਕੇ ਹਵਨ ਉਪਰੰਤ ਭਗਵਾਨ ਪਰਸ਼ੂਰਾਮ ਵਾਟਿਕਾ ਵਿੱਖੇ ਭਗਵਾਨ ਪਰਸ਼ੂਰਾਮ ਜੀ ਦੇ ਮੰਦਰ ਦੇ ਚੱਲ ਰਹੇ ਕੰਮਾਂ ਬਾਰੇ ਚਰਚਾ ਕੀਤੀ ਗਈ। ਕੰਮ ਵਿੱਚ ਤੇਜੀ ਲਿਆਉਣ ਬਾਰੇ ਸਮਸਤ ਮੈਂਬਰਾਂ ਵੱਲੋਂ ਸੁਝਾਅ ਦਿੱਤੇ ਗਏ।

ਇਸ ਹਵਨ ਯੱਗ ਵਿੱਚ ਯਾਦਵਿੰਦਰ ਸ਼ਰਮਾ, ਅਨਿਲ ਸ਼ਰਮਾ, ਕੈਲਾਸ਼ ਸ਼ਰਮਾ, ਮਦਨ ਰਾਮ ਸ਼ਰਮਾ, ਆਰ.ਕੇ. ਸ਼ਰਮਾ, ਆਰ.ਡੀ ਪਰਾਸ਼ਰ, ਨਿਤਨ ਸ਼ਰਮਾ, ਪ੍ਰੋ. ਪ੍ਰੇਮ ਕੁਮਾਰ ਸ਼ਰਮਾ, ਪ੍ਰੋ. ਕੇ.ਕੇ ਮੋਦਗਿੱਲ, ਬੀ.ਬੀ ਅੱਤਰੀ, ਅਨੀਤਾ ਸ਼ਾਰਦਾ, ਅਸ਼ਵਨੀ ਕੁਮਾਰ, ਨੀਰਜ ਕੁਮਾਰ, ਧਰਮਵੀਰ ਅਤੇ ਚੰਦਰਸ਼ੇਖਰ ਸ਼ਰਮਾ ਸ਼ਾਮਿਲ ਹੋਏ।

## ਸਾਬਕਾ ਕੈਬਨਿਟ ਮੰਤਰੀ ਵਲੋਂ 'ਮੁੱਖ ਮੰਤਰੀ ਰਾਹਤ ਫੰਡ' ਲਈ 1 ਲੱਖ ਦਾ ਚੈਕ ਏ.ਡੀ.ਸੀ. ਨੂੰ ਸੌਂਪਿਆ



**ਖਰੜ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਖਰੜ ਤੋਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਸ. ਜਗਮੋਹਨ ਸਿੰਘ ਕੰਗ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਸਾਡੇ ਦੇਸ਼ ਅਤੇ ਖਾਸ ਤੌਰ ਤੇ ਸਾਡੇ ਸੂਬੇ ਪੰਜਾਬ ਵਿੱਚ ਬੇਮਿਸਾਲ ਹੜ੍ਹਾਂ, ਬਾਰਿਸ਼ਾਂ ਕਰਕੇ ਕੁਦਰਤ ਦੀ ਕਰੋਪੀ ਆਈ ਹੋਈ ਹੈ ਅਤੇ ਬਹੁਤ ਜਿਆਦਾ ਨੁਕਸਾਨ/ਤਬਾਹੀ ਹੋਈ ਹੈ। ਆਪ ਸਰਕਾਰ ਵਲੋਂ ਸਮੇਂ ਸਿਰ ਢੁੱਕਵੇਂ ਲੋੜੀਂਦੇ ਕਦਮ ਨਾ ਚੁੱਕਣ ਕਾਰਨ ਤਿੰਨੋ ਦਰਿਆਵਾਂ ਸਤਲੁਤ, ਬਿਆਸ, ਰਾਵੀ ਨਾਲ ਲੱਗਦੇ ਪਿੰਡਾਂ/ਜਮੀਨਾਂ ਦਾ ਬਹੁਤ ਹੀ ਜਿਆਦਾ ਜਾਨ ਤੇ ਮਾਲ ਦਾ ਨੁਕਸਾਨ ਹੋਇਆ ਹੈ। ਅਫ਼ਸੋਸ ਹੈ, ਕਿ ਆਪ ਦੀ ਗੈਰ–ਤਜ਼ਰਬੇਕਾ ਅਤੇ ਅਣਜਾਨ ਮਾਨ ਸਰਕਾਰ ਸਿਰਫ਼ ਮੌਕਦਰਸ਼ਕ ਬਣੀ ਬੈਠੀ ਰਹੀ।

# ਜ਼ਿਲ੍ਹਾ ਲੀਗਲ ਸਰਵਿਸਿਜ਼ ਅਥਾਰਟੀ, ਪਟਿਆਲਾ ਵੱਲੋਂ ਹੜ੍ਹ ਪੀੜ੍ਹਤਾਂ ਲਈ ਰਾਹਤ ਸਮੱਗਰੀ ਭੇਜੀ ਗਈ




**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਰਜਕਾਰੀ ਚੇਅਰਮੈਨ, ਪੰਜਾਬ ਸਟੇਟ ਲੀਗਲ ਸਰਵਿਸਿਜ਼ ਅਥਾਰਟੀ, ਐਸ.ਏ.ਐਸ. ਨਗਰ ਅਤੇ ਮੈਂਬਰ ਸਕੱਤਰ ਪੰਜਾਬ ਸਟੇਟ ਲੀਗਲ ਸਰਵਿਸਿਜ਼ ਅਥਾਰਟੀ ਨਵਜੋਤ ਕੌਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ , ਜ਼ਿਲ੍ਹਾ ਪਟਿਆਲਾ ਵਿੱਚ ਹੜ੍ਹ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਅੱਜ ਹਰਿੰਦਰ ਸਿੱਧੂ ਵੱਲੋਂ ਪਿੰਡ ਅਲੀਪੁਰ (ਨਾਭਾ) ਦੇ ਹੜ੍ਹ ਪੀੜਤਾਂ ਲਈ ਇਕ ਵੈਨ ਜਿਸ ਵਿੱਚ ਤਰਪਾਲਾਂ, ਰਾਸ਼ਨ ਅਤੇ ਹੋਰ ਜਰੂਰੀ ਸਮਾਨ ਭਰਿਆ ਹੋਇਆ ਸੀ ਨੂੰ ਰਵਾਨਾ ਕੀਤਾ ਗਿਆ।

ਇਹਨਾਂ ਉਪਰਾਲਿਆਂ ਦੀ ਅਗਵਾਈ ਜ਼ਿਲ੍ਹਾ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਲੀਗਲ ਸਰਵਿਸਿਜ਼ ਅਥਾਰਟੀ, ਪਟਿਆਲਾ ਵੱਲੋਂ ਕੀਤੀ ਜਾ ਰਹੀ ਹੈ। ਉਹਨਾਂ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਕੋਰ ਯੂਨਿਟ ਬਣਾਏ ਗਏ ਹਨ, ਜੋ ਹੜ੍ਹ ਪੀੜਤਾਂ ਤੱਕ ਤੁਰੰਤ ਮਦਦ ਪੰਹੁਚਾ ਰਹੇ ਹਨ।

ਹਰਿੰਦਰ ਸਿੱਧੂ ਨੇ ਦੱਸਿਆ ਕਿ ਪਿੰਡ ਅਲੀਪੁਰ ਦੇ ਸਰਪੰਚ ਅਤੇ ਹੋਰ ਪੰਚਾਇਤੀ ਮੈਂਬਰਾਂ ਵੱਲੋਂ ਮਿਲੀ ਮੰਗ ਦੇ ਅਧਾਰ ' ਤੇ ਇਹ ਰਾਹਤ ਸਮੱਗਰੀ ਭੇਜੀ ਗਈ ਹੈ। ਇਸ ਮੌਕੇ ਜੱਜ ਸੰਦੀਪ ਕੁਮਾਰ ਸਿੰਗਲਾ, ਅਵਤਾਰ ਸਿੰਘ ਬਾਰਡਾ, ਹਰਜੀਤ ਸਿੰਘ, ਮਾਨੀ ਅਰੋੜਾ, ਏਕਤਾ ਸਹੋਤਾ, ਅਤੇ ਚੀਫ਼ ਜੂਡੀਸ਼ੀਅਲ ਮੈਜਿਸਟ੍ਰੇਟ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਸਟਾਫ਼ ਵੀ ਹਾਜ਼ਰ ਸੀ।

# ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਮਨੁੱਖੀ ਅਤੇ ਪਸ਼ੂ-ਪੰਛੀਆਂ ਲਈ ਖੋਲ੍ਹਿਆ ਖਜਾਨੇ ਦਾ ਮੂੰਹ

**ਪਟਿਆਲਾ, 12 ਸਤੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**



ਪਿਛਲੇ ਲੰਮੇਂ ਸਮੇਂ ਤੋਂ ਭਾਰਤ ਦੇ ਵੱਖ—ਵੱਖ ਸੂਬਿਆਂ ਵਿਚ ਜਦੋਂ ਵੀ ਕੋਈ ਕੁਦਰਤੀ ਆਫਤ ਆਉਂਦੀ ਹੈ, ਉਸ ਵੇਲੇ ਮਨੁੱਖਤਾ ਦੇ ਭਲੇ ਨੂੰ ਤਰਜੀਹ ਦੇਣ ਵਾਲੇ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਵਿਚ ਮੋਹਰੀ ਭੂਮਿਕਾ ਨਿਭਾਉਂਦਾ ਹੈ। ਹੁਣ ਵੀ ਟਰੱਸਟ ਦੇ ਮੁੱਖੀ ਡਾਕਟਰ ਐਸ. ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਵੱਖ—ਵੱਖ ਜਿਲ੍ਹਿਆਂ ਵਿਚ ਆਏ ਹੜ੍ਹ ਦੇ ਪਾਣੀ ਨੇ ਮਨੁੱਖੀ ਜੀਵਨ ਨੂੰ ਉਥਲ ਪੁਥਲ ਕਰ ਦਿੱਤਾ ਹੈ। ਜਿਨ੍ਹਾਂ ਦੇ ਨਾਲ—ਨਾਲ ਪਸ਼ੂ—ਪੰਛੀ ਵੀ ਹਾਲੋਂ ਬੇਹਾਲ ਹੋਏ ਪਏ ਹਨ। ਜਿਨ੍ਹਾਂ ਦੀ ਸਾਂਭ ਸੰਭਾਲ ਲਈ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਆਪਣੇ ਖਜਾਨੇ ਦਾ ਮੂੰਹ ਖੋਲ੍ਹਦੇ ਹੋਏ ਵੱਖ—ਵੱਖ ਤਰ੍ਹਾਂ ਦੀਆਂ ਵਸਤੂਆਂ ਹੜ੍ਹ ਪੀੜ੍ਹਤਾਂ ਲਈ ਭੇਜੀਆਂ ਜਾ ਰਹੀਆਂ ਹਨ ਤਾਂ ਜੋ ਇਨ੍ਹਾਂ ਪੀੜ੍ਹਤਾਂ ਨੂੰ ਮੁੜ ਤੋਂ ਲੀਹਾਂ *ਤੇ ਲਿਆਂਦਾ ਜਾ ਸਕੇ। ਟਰੱਸਟ ਦੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਨੇ ਜਗ ਬਾਣੀ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਤਰਨਤਾਰਨ, ਗੁਰਦਾਸਪੁਰ, ਅਜਨਾਲਾ, ਡੇਰਾ ਬਾਬਾ ਨਾਨਕ, ਕਲਾਨੌਰ, ਲੋਪੋਕੇ, ਮਖੂ, ਹੁਸੈਨੀਵਾਲਾ, ਫਾਜ਼ਿਲਕਾ, ਫਿਰੋਜ਼ਪੁਰ, ਕੋਟ ਈਸੇ ਖਾਂ, ਧਰਮਕੋਟ ਤੇ ਮੋਗਾ ਆਦਿ ਇਲਾਕਿਆਂ ਵਿਚ ਹੁਣ ਤੱਕ 750 ਕੁਇੰਟਲ ਪਸ਼ੂਆਂ ਲਈ ਚਾਰਾ ਭੇਜਿਆ ਜਾ ਚੁੱਕਾ ਹੈ। ਉਥੇ ਹੀ ਪੀੜ੍ਹਿਤ ਪਰਿਵਾਰਾਂ ਲਈ ਵੱਖ—ਵੱਖ ਰਸਦਾਂ ਦੀ 25 ਕਿਲੋ ਰਾਸ਼ਨ ਦੀ ਕਿੱਟ, 30 ਹਜ਼ਾਰ ਪਰਿਵਾਰਾਂ ਨੂੰ ਦਿੱਤੀ ਜਾ ਚੁੱਕੀ ਹੈ। ਪਟਿਆਲਾ ਦੇ ਘਨੌਰ ਇਲਾਕੇ ਵਿਚ ਪਾਣੀ ਦੀ ਲਪੇਟ ਵਿਚ ਆਏ ਸਾਧੂਗੜ੍ਹ, ਜਲਾਹਖੇੜੀ, ਰੁੜ੍ਹਕੀ, ਮਹਿਮਦਪੁਰ ਰੁੜ੍ਹਕੀ ਆਦਿ ਪਿੰਡਾਂ ਵਿਚ ਹੁਣ ਤੱਕ ਪਸ਼ੂਆਂ ਲਈ 250 ਕੁਇੰਟਲ ਚਾਰਾ ਭੇਜਿਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਰਾਤ ਸਮੇਂ ਮੱਛਰਾਂ ਤੋਂ ਰਾਹਤ ਦਿਵਾਉਣ ਲਈ ਓਡੋਮਾਸ ਦੇ ਨਾਲ—ਨਾਲ 18 ਹਜ਼ਾਰ ਮੱਛਰਦਾਨੀਆਂ, 15 ਹਜ਼ਾਰ ਤਰਪਾਲਾਂ, 40 ਹਜ਼ਾਰ ਸੈਨੇਟਰੀ ਪੈਡ ਆਦਿ ਵੀ ਦਿੱਤੇ ਗਏ ਹਨ ਤਾਂ ਜੋ ਪੀੜ੍ਹਿਤਾਂ ਦੀ ਹਰ ਤਰ੍ਹਾਂ ਦੀ ਮਦਦ ਕੀਤੀ ਜਾ ਸਕੇ। ਅਜਿਹੇ ਸਮੇਂ ਮਨੁੱਖਤਾ ਦੀ ਸੇਵਾ ਕਰਨਾ ਸਰਬਤ ਦਾ ਭਲਾ ਟਰੱਸਟ ਦਾ ਮੁੱਖ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਪਾਣੀ ਦਾ ਜਮਾਓ ਖਤਮ ਹੋਣ ਉਪਰੰਤ ਵੱਖੋ—ਵੱਖਰੇ ਜਿਲ੍ਹਿਆਂ ਦੀਆਂ ਸੂਚੀਆਂ ਤਿਆਰ ਕੀਤੀਆਂ ਜਾਣਗੀਆਂ, ਜਿਨ੍ਹਾਂ ਵਿਚ ਢਹਿ ਚੁੱਕੇ ਮਕਾਨਾਂ ਦੀ ਮੁੜ ਉਸਾਰੀ ਕੀਤੀ ਜਾਵੇਗੀ, ਉਥੇ ਹੀ ਜਿਹੜੇ ਮਕਾਨਾਂ ਦੀ ਰਿਪੇਅਰ ਹੋਣ ਵਾਲੀ ਹੈ ਉਨ੍ਹਾਂ *ਤੇ ਹੋਣ ਵਾਲਾ ਖਰਚ ਵੀ ਟਰੱਸਟ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਜਿਹੀਆਂ ਕੁਦਰਤੀ ਆਫਤਾਂ ਵਿੱਚ ਮਨੁੱਖਤਾ ਦੇ ਭਲੇ ਲਈ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਰਲ ਮਿਲ ਕੁਦਰਤੀ ਆਫਤ ਤੋਂ ਪੀੜ੍ਹਿਤਾਂ ਦੀ ਵੱਧ ਤੋਂ ਵੱਧ ਮਦਦ ਹੋ ਸਕੇ।

# ਸਕਿਉਰਿਟੀ ਗਾਰਡ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ ਅੱਜ

**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪਟਿਆਲਾ ਵੱਲੋਂ ਅੱਜ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਬਲਾਕ ਡੀ, ਮਿੰਨੀ ਸਕੱਤਰੇਤ ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਐਸ.ਆਈ.ਐਸ. ਸਕਿਉਰਿਟੀ ਵੱਲੋਂ ਸਕਿਉਰਿਟੀ ਗਾਰਡ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਮੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਐਸ.ਆਈ.ਐਸ. ਸਕਿਉਰਿਟੀ ਵੱਲੋਂ ਕੇਵਲ ਲੜਕਿਆਂ ਦੀ ਭਰਤੀ ਕੀਤੀ ਜਾਵੇਗੀ, ਜਿਨ੍ਹਾਂ ਨੇ 10ਵੀਂ ਜਾਂ 12ਵੀਂ ਪਾਸ ਕੀਤੀ ਹੋਵੇ। ਉਮੀਦਵਾਰ ਦੀ ਲੰਬਾਈ ਘੱਟੋ-ਘੱਟ 168 ਸੈਂਟੀਮੀਟਰ, ਭਾਰ 56 ਤੋਂ 95 ਕਿਲੋ ਦੇ ਵਿਚਕਾਰ ਅਤੇ ਉਮਰ 19 ਤੋਂ 40 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।

ਉਨ੍ਹਾਂ ਨੇ ਦੱਸਿਆ ਕਿ ਨੌਕਰੀ ਦੇ ਇੱਛੁਕ ਉਮੀਦਵਾਰ ਆਪਣੀ ਯੋਗਤਾ ਨਾਲ ਸੰਬੰਧਤ ਅਸਲ ਸਰਟੀਫਿਕੇਟ, ਉਹਨਾਂ ਦੀਆਂ ਫੋਟੋਕਾਪੀਆਂ ਅਤੇ ਰਿਜ਼ਿਊਮੇ ਸਮੇਤ ਮਿਤੀ 9 ਸਤੰਬਰ ਨੂੰ ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪਟਿਆਲਾ ਵਿਖੇ ਪਹੁੰਚ ਕੇ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ। ਵਧੇਰੇ ਜਾਣਕਾਰੀ ਲਈ ਉਮੀਦਵਾਰ ਦਫ਼ਤਰ ਦੇ ਹੈਲਪਲਾਈਨ ਨੰਬਰ 98776-10877 'ਤੇ ਸੰਪਰਕ ਕਰ ਸਕਦੇ ਹਨ।

# ਚੋਰੀ ਤੇ ਤੇਜ਼ਧਾਰ ਹਥਿਆਰ ਨਾਲ ਜਾਨਲੇਵਾ ਹਮਲਾ ਕਰਨ ਦੇ ਦੋ ਵੱਖ-ਵੱਖ ਮਾਮਲਿਆਂ 'ਚ ਮੁਲਜ਼ਮ ਕਾਬੂ

**ਸਮਾਣਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ-ਪਟਿਆਲਾ ਸੜਕ 'ਤੇ ਪੈਂਦੇ ਪਿੰਡ ਢੈਠਲ ਵਿੱਚ ਇੱਕ ਬਜ਼ੁਰਗ ਜੋੜੇ ਦੇ ਘਰ ਵਿੱਚ ਵੜ ਕੇ ਚੋਰੀ ਅਤੇ ਤੇਜ਼ਧਾਰ ਹਥਿਆਰ ਨਾਲ ਜਾਨਲੇਵਾ ਹਮਲਾ ਕਰਨ ਦੇ ਦੋ ਵੱਖ-ਵੱਖ ਮਾਮਲਿਆਂ ਵਿੱਚ ਸਦਰ ਪੁਲਿਸ ਨੇ ਪਿੰਡ ਦੇ ਹੀ ਨੌਜਵਾਨ ਜਗਸੀਰ ਸਿੰਘ ਪੁੱਤਰ ਰਿਖੀ ਸਿੰਘ ਨੂੰ ਹਿਰਾਸਤ ਵਿੱਚ ਲਿਆ ਹੈ।

।ਇਸ ਸਬੰਧੀ ਡੀਐਸਪੀ ਦਫ਼ਤਰ ਵਿਖੇ ਕੀਤੀ ਗਈ ਪ੍ਰੈਸ ਕਾਨਫਰੰਸ ਦੌਰਾਨ ਡੀਐਸਪੀ ਸਮਾਣਾ ਫਤਿਹ ਸਿੰਘ ਬਰਾੜ ਅਤੇ ਸਦਰ ਪੁਲਿਸ ਮੁਖੀ ਇੰਸਪੈਕਟਰ ਅਜੈ ਕੁਮਾਰ ਨੇ ਦੱਸਿਆ ਕਿ ਤਿੰਨ-ਚਾਰ ਸਤੰਬਰ ਦੀ ਦਰਮਿਆਨੀ ਰਾਤ ਨੂੰ ਚੋਰੀ ਦੀ ਨੀਅਤ ਨਾਲ ਬਜ਼ੁਰਗ ਜੋੜੇ ਦੇ ਘਰ ਦਾਖਲ ਹੋ ਕੇ ਸੁੱਤੇ ਪਏ ਲਖਵਿੰਦਰ ਸਿੰਘ ਅਤੇ ਉਸ ਦੀ ਪਤਨੀ 'ਤੇ ਤੇਜ਼ਧਾਰ ਹਥਿਆਰ ਨਾਲ ਜਾਨਲੇਵਾ ਹਮਲਾ ਕਰ ਕੇ ਉਕਤ ਮੁਲਜ਼ਮ ਫਰਾਰ ਹੋ ਗਿਆ ਸੀ। ਬ ਜੋੜੇ ਨੂੰ ਇਲਾਜ ਲਈ ਪਟਿਆਲਾ ਦੇ ਵ ਇੱਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

ਅਧਿਕਾਰੀ ਮੁਤਾਬਕ 24 ਅਗਸਤ ਦੀ ਅੱਧੀ ਰਾਤ ' ਵੀ ਇਹੀ ਮੁਲਜ਼ਮ ਲਖਵਿੰਦਰ ਸਿੰਘ 'ਘਰ ਦਾਖ਼ਲ ਹੋਇਆ ਸੀ ਅਤੇ ਉਸ ਕੋਲੋਂ ਰਜਿਸਟਰੀ ਕਰਵਾਉਣ ਲਈ ਰੱਖੇ 3.25 ਲੱਖ ਰੁਪਏ ਚੋਰੀ ਕਰ ਕੇ ਫਰਾਰ ਹੋ ਗਿਆ ਸੀ। ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਦੋਵੇਂ ਵਾਰ ਘਰ ਦੀ ਛੱਤ ਰਾਹੀਂ ਕਮਰੇ ਵਿੱਚ ਦਾਖ਼ਲ ਹੋਇਆ। ਅਧਿਕਾਰੀ ਨੇ ਇਹ ਵੀ ਦੱਸਿਆ ਕਿ ਵ ਮੁਲਜ਼ਮ ਨੌਜਵਾਨ ਪਟਿਆਲਾ ਦੇ ਹਾਰਟ ਹਸਪਤਾਲ ਵਿੱਚ ਟੈਕਨੀਸ਼ੀਅਨ ਵਜੋਂ ਕੰਮ ਕਰਦਾ ਹੈ।

## ਸ਼ਰਾਬ ਵੇਚ ਰਹੀ ਔਰਤ ਨੂੰ ਕੀਤਾ ਰੰਗੇ ਹੱਥੀ ਕਾਬੂ

**ਸਮਾਣਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਟੀ ਪੁਲਿਸ ਨੇ ਸ਼ਰਾਬ ਵੇਚ ਰਹੀ ਇੱਕ ਔਰਤ ਨੂੰ ਹਰਿਆਣਾ ਮਾਰਕਾ ਦੇਸੀ ਸ਼ਰਾਬ ਦੀਆਂ 15 ਬੋਤਲਾਂ ਸਮੇਤ ਕਾਬੂ ਕਰਕੇ ਉਸ ਖਿਲਾਫ਼ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਔਰਤ ਦੀ ਪਛਾਣ ਜਸਵੰਤ ਕੌਰ ਪਤਨੀ ਕੁਲਦੀਪ ਸਿੰਘ ਵਾਸੀ ਪਿੰਡ ਮੁਰਾਦਪੁਰਾ ਵਜੋਂ ਹੋਈ ਹੈ। ਸਿਟੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਹੈੱਡ ਕਾਂਸਟੇਬਲ ਸੋਮਨਾਥ

ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਬੱਸ ਸਟੈਂਡ, ਸਮਾਣਾ ਵਿਖੇ ਮੌਜੂਦ ਸੀ। ਉਸ ਨੂੰ ਸੂਚਨਾ ਮਿਲੀ ਕਿ ਕਥਿਤ ਦੋਸ਼ੀ ਔਰਤ ਨਾਮਧਾਰੀ ਕਲੋਨੀ ਦੀ ਚਿੱਟੀ ਢੇਰੀ 'ਤੇ ਸ਼ਰਾਬ ਵੇਚ ਰਹੀ ਹੈ। ਪੁਲਿਸ ਪਾਰਟੀ ਨੇ ਛਾਪਾ ਮਾਰ ਕੇ ਉਸ ਕੋਲੋਂ ਹਰਿਆਣਾ ਮਾਰਕਾ ਸ਼ਰਾਬ ਦੀਆਂ 15 ਬੋਤਲਾਂ ਬਰਾਮਦ ਕਰਕੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਅਧਿਕਾਰੀ ਅਨੁਸਾਰ ਮਾਨਯੋਗ ਅਦਾਲਤ ਦੇ ਹੁਕਮਾਂ 'ਤੇ ਮੁਲਜ਼ਮ ਔਰਤ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

# ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ ਅਤੇ ਆਲੇ ਦੁਆਲੇ ਦੇ 200 ਮੀਟਰ ਖੇਤਰ ਨੂੰ ਨੋ ਡਰੋਨ ਜ਼ੋਨ ਐਲਾਨਿਆ

**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ, ਪਟਿਆਲਾ ਵਿਖੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸ੍ਰੀ ਕਾਲੀ ਦੇਵੀ ਮੰਦਰ ਕੰਪਲੈਕਸ, ਪਟਿਆਲਾ ਅਤੇ ਇਸਦੇ ਆਲੇ ਦੁਆਲੇ ਲੱਗਦੇ 200 ਮੀਟਰ ਖੇਤਰ ਨੂੰ 'ਨੋ ਡਰੋਨ ਜ਼ੋਨ' ਘੋਸ਼ਿਤ ਕੀਤਾ ਹੈ। ਇਹ ਹੁਕਮ 8 ਨਵੰਬਰ 2025 ਤੱਕ ਲਾਗੂ ਰਹਿਣਗੇ। ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਲੜਕੀ ਨੂੰ .ਗੈਰ-ਕਾਨੂੰਨੀ ਢੰਗ ਨਾਲ ਹਿਰਾਸਤ ਵਿੱਚ ਰੱਖਣ ਦੇ ਦੋਸ਼ 'ਚ ਨੌਜਵਾਨ ਖ਼ਿਲਾਫ ਮਾਮਲਾ ਦਰਜ

**ਸਮਾਣਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ 18 ਸਾਲਾਂ ਦੀ ਲੜਕੀ ਨੂੰ ਗੈਰ-ਕਾਨੂੰਨੀ ਢੰਗ ਨਾਲ ਆਪਣੀ ਹਿਰਾਸਤ ਵਿੱਚ ਰੱਖਣ ਦੇ ਦੋਸ਼ ਵਿੱਚ ਸਿਟੀ ਪੁਲਿਸ ਨੇ ਕਮਲ ਪੁੱਤਰ ਗੁਲਾਬ, ਵਾਸੀ ਪਿੰਡ ਦੇਧਨਾ, ਦੇ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਸਬ-ਇੰਸਪੈਕਟਰ ਕੁਲਦੀਪ ਸਿੰਘ ਨੇ ਦੱਸਿਆ ਕਿ ਲੜਕੀ ਦੇ ਪਿਤਾ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ, ਉਸਦੀ 18 ਸਾਲਾ ਧੀ, ਜੋ +2 ਵਿੱਚ ਪੜ੍ਹਦੀ ਹੈ, 31 ਅਗਸਤ ਦੀ ਸ਼ਾਮ ਨੂੰ ਬਿਨਾਂ ਦੱਸੇ ਘਰੋਂ ਚਲੀ ਗਈ ਸੀ ਅਤੇ ਵਾਪਸ ਨਹੀਂ ਆਈ। ਉਹ ਆਪਣਾ ਆਧਾਰ ਕਾਰਡ ਅਤੇ ਹੋਰ ਦਸਤਾਵੇਜ਼ ਵੀ ਨਾਲ ਲੈ ਗਈ ਸੀ। ਕਾਫੀ ਭਾਲ ਕਰਨ ਤੋਂ ਬਾਅਦ ਪਤਾ ਲੱਗਾ ਕਿ ਦੋਸ਼ੀ ਨੇ ਉਸਦੀ ਧੀ ਨੂੰ ਗੈਰ-ਕਾਨੂੰਨੀ ਢੰਗ ਨਾਲ ਆਪਣੀ ਹਿਰਾਸਤ ਵਿੱਚ ਲੁਕਾ ਕੇ ਰੱਖਿਆ ਹੋਇਆ ਹੈ।ਅਧਿਕਾਰੀ ਅਨੁਸਾਰ, ਪੁਲਿਸ ਟੈਕਨੀਕਲ ਤਰੀਕੇ ਨਾਲ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਲੜਕੀ ਤੇ ਲੜਕੇ ਦੀ ਭਾਲ ਜਾਰੀ ਹੈ।

# ਰਾਸ਼ਟਰ ਦੇ ਨਿਰਮਾਤਾਵਾਂ ਨੂੰ ਸਨਮਾਨ ਨਾਲ ਵਿਚਾਰਨਾ ਅਤੇ ਗਿਆਨ ਵੰਡਦੇ ਰਹਿਣਾ ਚਾਹੀਦਾ : ਡਾਕਟਰ ਰਾਕੇਸ਼ ਵਰਮੀ



**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਅਧਿਆਪਕ ਗੁਰੂਆਂ ਦੇ ਸਨਮਾਨ ਦਿਵਸ਼ ਮੌਕੇ ਡੈਡੀਕੇਟਿਡ ਬ੍ਰਦਰਜ਼ ਗਰੁੱਪ ਪਟਿਆਲਾ ਵਲੋਂ ਕੁੱਝ ਕਾਲਜਾਂ, ਸੈਕੰਡਰੀ ਅਤੇ ਐਲੀਮੈਂਟਰੀ ਸਕੂਲਾਂ ਦੇ 34 ਅਧਿਆਪਕ ਗੁਰੂਆਂ ਦਾ ਸਨਮਾਨ ਧੰਨਵਾਦ ਕਰਦੇ ਹੋਏ, ਡਾਕਟਰ ਰਾਕੇਸ਼ ਵਰਮੀ ਨੇ ਕਿਹਾ ਕਿ ਅਧਿਆਪਕ, ਟ੍ਰੇਨਰ, ਕੋਚ, ਮਾਪੇ, ਬਜ਼ੁਰਗ ਅਤੇ ਉਸਤਾਦ ਸਾਰੇ ਹੀ ਆਪਣੇ ਗਿਆਨ ਰਾਹੀਂ ਰਾਸ਼ਟਰ ਦੀ ਉਨਤੀ, ਖੁਸ਼ਹਾਲੀ, ਸੁਰੱਖਿਆ, ਸਨਮਾਨ ਲਈ, ਆਪਣੇ ਵਲੋ ਚੰਗੇ ਗੁਣ ਗਿਆਨ, ਵਫ਼ਾਦਾਰੀਆਂ ਸਖ਼ਤ ਮਹਿਨਤ, ਅਨੁਸ਼ਾਸਨ, ਸੰਸਕਾਰ, ਮਰਿਆਦਾਵਾਂ ਅਤੇ ਫਰਜ਼ਾਂ ਦੀਆਂ ਭਾਵਨਾਵਾਂ ਵਿਚਾਰ ਆਦਤਾਂ ਦੇਣ ਲਈ ਜਦੋਂ ਜਹਿਦ ਕਰਦੇ ਹਨ ਇਸ ਲਈ ਉਨ੍ਹਾਂ ਨੂੰ ਸਮਾਜ ਵਿੱਚ ਹਮੇਸ਼ਾ ਸਨਮਾਨ ਨਾਲ ਵਿਚਾਰਨਾ ਚਾਹੀਦਾ ਹੈ। ਸਮਾਗਮ ਦੇ ਮੁੱਖ ਮਹਿਮਾਨ ਡਾਕਟਰ ਰਮਨਦੀਪ ਕੌਰ, ਪ੍ਰਿੰਸੀਪਲ ਗੁਰੂ ਹਰਿਗੋਬਿੰਦ ਸਾਹਿਬ ਖਾਲਸਾ ਕਾਲਜ ਫਾਰ ਗਰਲਜ ਕਰਹਾਲੀ ਸਾਹਿਬ ਨੇ ਡੀ ਬੀ ਜੀ ਦੀਆਂ ਮਾਨਵਤਾਵਾਦੀ, ਪ੍ਰਉਪਕਾਰੀ, ਵਿਦਿਆਰਥੀਆਂ ਨੂੰ ਉਤਸ਼ਾਹਿਤ ਅਤੇ ਸਨਮਾਨਿਤ ਕਰਨ, ਲੋੜਵੰਦ ਵਿਦਿਆਰਥੀਆਂ ਦੀ ਮਾਲੀ ਸਹਾਇਤਾ, ਮਰੀਜ਼ਾਂ ਲਈ ਮੁਫਤ ਲੈਬ ਟੈਸਟ, ਖ਼ੂਨ ਦਾਨ ਅਤੇ ਕੀਮਤੀ ਜਾਨਾਂ ਬਚਾਉਣ ਵਾਲਿਆਂ ਦਾ ਸਨਮਾਨ ਕਰਨ ਦੀਆਂ ਪ੍ਰਸੰਸਾਯੋਗ ਉਪਰਾਲੇ ਕੀਤੇ ਜਾ ਰਹੇ ਹਨ। ਇਸ ਲਈ ਇਸ ਸੰਸਥਾ ਦੇ ਅਧਿਕਾਰੀ ਅਤੇ ਮੈਂਬਰ, ਰਾਸ਼ਟਰ ਨਿਰਮਾਣ ਵਿੱਚ ਚੰਗੇ ਉਪਰਾਲੇ ਕਰ ਰਹੇ ਹਨ ਡਾਕਟਰ ਰਿਸ਼ਮਾਂ ਕੌਹਲੀ ਨੇ ਗੁਰੂ ਨਾਨਕ ਦੇਵ ਜੀ, ਭਗਵਾਨ ਸ੍ਰੀ ਕ੍ਰਿਸ਼ਨ ਜੀ, ਡਾਕਟਰ ਰਾਧਾ ਕ੍ਰਿਸ਼ਨਨ, ਡਾਕਟਰ ਏ ਪੀ ਜੇ ਅਬਦੁਲ ਕਲਾਮ ਸਾਹਿਬ ਵਰਗੇ ਮਹਾਨ ਗੁਰੂਆਂ ਦੇ ਵਿਚਾਰ ਸਾਂਝੇ ਕੀਤੇ। ਸਾਬਕਾ ਪੁਲਿਸ ਅਫਸਰ ਗੁਰਜਾਪ ਸਿੰਘ ਅਤੇ ਫਸਟ ਏਡ ਸੀ ਪੀ ਆਰ ਆਫ਼ਤ ਪ੍ਰਬੰਧਨ ਦੇ ਟ੍ਰੇਨਰ ਕਾਕਾ ਰਾਮ ਵਰਮਾ ਨੇ ਹੜਾਂ ਦੌਰਾਨ ਪੀੜਤਾਂ ਨੂੰ ਰੈਸਕਿਊ ਕਰਨ, ਲਈ ਰੱਸੀਆਂ, ਟਾਇਰ ਟਿਊਬਾਂ, ਪਲਾਸਟਿਕ ਦੀਆਂ ਖਾਲੀ ਬੋਤਲਾਂ, ਲਕੜ ਦੇ ਸਾਮਾਨ ਦੀ ਵਰਤੋਂ, ਸੱਪਾਂ, ਹਲਕਾਅ ਪੈਦਾ ਕਰਨ ਵਾਲੇ ਜਾਨਵਰਾਂ ਦੇ ਕੱਟਣ ਚੱਟਣ ਜਾਂ ਕੰਨਾਂ ਵਿੱਚ ਕੀੜੇ ਮਕੌੜੇ ਜਾਣ ਸਮੇਂ, ਫਸਟ ਏਡ, ਸੀ ਪੀ ਆਰ ਰਿਕਵਰੀ ਜਾਂ ਵੈਂਟੀਲੈਟਰ ਪੁਜੀਸ਼ਨ, ਬਾਰੇ ਜਾਣਕਾਰੀ ਦਿੱਤੀ। ਸਨਮਾਨ ਪ੍ਰਾਪਤ ਕਰਨ ਵਾਲੇ ਬਿਕਰਮ ਕਾਲਜ , ਮੋਦੀ ਕਾਲਜ ਦੇ ਪ੍ਰੋਫੈਸਰ ਸਾਹਿਬਾਨਾਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਵੀ ਸਾਨੂੰ ਅਧਿਆਪਕ -ਗੁਰੂਆਂ ਨੂੰ ਬੱਚਿਆਂ ਦੇ ਆਚਰਣ, ਸਿਹਤ, ਤੰਦਰੁਸਤੀ, ਸੰਸਕਾਰਾਂ, ਫਰਜ਼ਾਂ ਅਤੇ ਖੁਸ਼ਹਾਲ ਸੁਰੱਖਿਆ ਭਵਿੱਖ ਲਈ ਜਾਗਰੂਕ ਕਰਦੇ ਰਹਿਣਾ ਚਾਹੀਦਾ ਹੈ। ਹਰਪ੍ਰੀਤ ਸਿੰਘ ਸੰਧੂ ਸਕੱਤਰ ਵਲੋਂ ਦੋ ਮਿੰਟ ਦਾ ਮੌਨ ਰਖਵਾਕੇ, ਮਿਰਤਕਾਂ ਨੂੰ ਸ਼ਰਧਾਂਜਲੀ ਦਿਲਵਾਈ ਅਤੇ ਸਾਰਿਆਂ ਨੇ ਅਰਦਾਸ ਕੀਤੀ ਕਿ ਪ੍ਰਮਾਤਮਾ ਸਾਰੀ ਦੁਨੀਆਂ, ਭਾਰਤ ਅਤੇ ਪੰਜਾਬ ਵਿੱਚ ਲੋਕਾਂ ਅਤੇ ਵਾਤਾਵਰਨ ਦੀ ਸੁਰੱਖਿਆ, ਸਨਮਾਨ ਖੁਸ਼ਹਾਲੀ, ਉਨਤੀ, ਭਾਈਚਾਰੇ ਲਈ ਮੇਹਰ ਕਰਨ।

## ਵਾਲਮੀਕਿ ਪ੍ਰਗਟ ਦਿਵਸ ਦੇ ਮੌਕੇ ਲੋੜਵੰਦ ਲੜਕੀਆਂ ਦੇ ਵਿਆਹ ਕਰਵਾਉਣ ਦਾ ਚੰਗਾ ਉਪਰਾਲਾ : ਦਰਸ਼ਨ ਕਾਂਗੜਾ

**ਸੰਗਰੂਰ 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜੱਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਵੱਲੋਂ ਇੱਕ ਹੋਰ ਚੰਗਾ ਉਪਰਾਲਾ ਕਰਦਿਆਂ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਦੇ ਮੌਕੇ ਤੇ 07 ਅਕਤੂਬਰ 2025 ਨੂੰ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕਰਵਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਿਸ਼ਨ ਦੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਮਿਸ਼ਨ ਵੱਲੋਂ ਪਿੱਛਲੇ 27 ਸਾਲਾਂ ਤੋਂ ਪੰਜਾਬ ਸਣੇ ਦੇਸ਼ ਦੇ ਹੋਰ ਵੱਖ ਵੱਖ ਸੂਬਿਆਂ ਅੰਦਰ ਹਰ ਪੱਧਰ ਤੋਂ ਉੱਪਰ ਉੱਠ ਕੇ ਸਮਾਜ ਸੇਵਾ ਦੇ ਕਾਰਜ ਕੀਤੇ ਜਾ ਰਹੇ ਹਨ ਉਨ੍ਹਾਂ ਕਿਹਾ ਕਿ ਮਿਸ਼ਨ ਵੱਲੋਂ ਇਸ ਤੋਂ ਪਹਿਲਾਂ ਵੀ 17 ਲੋੜਵੰਦ ਲੜਕੀਆਂ ਦੇ ਵਿਆਹ ਮੌਕੇ ਹਰ ਤਰ੍ਹਾਂ ਨਾਲ ਮਦਦ ਕੀਤੀ ਗਈ ਹੈ।ਉਸੇ ਲੜੀ ਤਹਿਤ ਹੀ ਆਉਂਣ ਵਾਲੀ 07 ਅਕਤੂਬਰ 2025 ਨੂੰ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਦੇ ਮੌਕੇ ਤੇ ਲੋੜਵੰਦ ਲੜਕੀਆਂ ਦੇ ਵਿਆਹ ਕੀਤੇ ਜਾਣਗੇ। ਸ਼੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਲੜਕੀ ਕਿਸੇ ਵੀ ਵਰਗ ਨਾਲ ਸਬੰਧਤ ਹੋ ਸਕਦੀ ਹੈ। ਕੋਈ ਜਾਤੀ ਬੰਧਨ ਨਹੀਂ ਹੈ। ਕੌਮੀ ਪ੍ਰਧਾਨ ਨੇ ਇਹ ਵੀ ਕਿਹਾ ਕਿ ਲੜਕੀ ਦੇ ਪਰਿਵਾਰ ਵੱਲੋਂ ਲੜਕੀ ਦਾ ਰਿਸ਼ਤਾ ਖੁਦ ਹੀ ਤਹਿ ਕੀਤਾ ਜਾਵੇਗਾ ਮਿਸ਼ਨ ਵੱਲੋਂ ਸਿਰਫ਼ ਵਿਆਹ ਤੇ ਆਉਣ ਵਾਲਾ ਖ਼ਰਚਾ ਕੀਤਾ ਜਾਵੇਗਾ ਉਨ੍ਹਾਂ ਕਿਹਾ ਕਿ ਲੋੜਵੰਦ ਪਰਿਵਾਰ ਲੜਕੀਆਂ ਦੇ ਵਿਆਹ ਲਈ 25 ਸਤੰਬਰ 2025 ਤੱਕ ਅਤੇ ਇਸ ਨੇਕ ਕਾਰਜ ਵਿੱਚ ਹਰ ਪੱਖੋਂ ਆਪਣਾਂ ਯੋਗਦਾਨ ਪਾਉਣ ਲਈ ਦਾਨੀ ਸੱਜਣ ਵੀ ਮਿਸ਼ਨ ਦੇ ਕਿਸੇ ਵੀ ਸਾਥੀ ਨਾਲ ਜਾ ਮੋਬਾਇਲ ਨੰਬਰ 94784-86000, 91154-60789,92168-00926 ਅਤੇ 73476-48952 ਤੇ ਸੰਪਰਕ ਕਰ ਸਕਦੇ ਹਨ ਉਨ੍ਹਾਂ ਕਿਹਾ ਕਿ 25 ਸਤੰਬਰ ਤੋ ਬਾਅਦ ਕਿਸੇ ਵੀ ਪਰਿਵਾਰ ਦੀ ਲੜਕੀ ਦਾ ਨਾਮ ਇਸ ਵਿਆਹ ਸਮਾਗਮ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ ਇਸ ਮੌਕੇ ਸ਼੍ਰੀ ਦਰਸ਼ਨ ਕਾਂਗੜਾ ਨਾਲ ਹੋਰ ਵੀ ਆਗੂ ਹਾਜ਼ਰ ਸਨ।

### ਪੰਜਾਬ ਸਿਆਂ ਘਬਰਾ ਨਾਂ ਹੋਣ ਤਾਂ ਕਾਨੂੰਨ ਦੇ ਰਖਵਾਲੇ ਵੀ ਨਿੱਤਰੇ ਆਏ ਸਮਾਜ ਸੇਵਾ ਵਿਚ

# ਸਮਰਾਲਾ ਅਦਾਲਤ ਦੇ ਮਾਨਯੋਗ ਜੱਜਾਂ ਵੱਲੋਂ ਧੁੱਲੇਵਾਲ ਵਿਖੇ ਹੜ੍ਹ ਪੀੜਤਾਂ ਨੂੰ ਵੰਡੀ ਗਈ ਰਾਹਤ ਸਮੱਗਰੀ

**ਮਾਛੀਵਾੜਾ ਸਾਹਿਬ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਕਰੀਬ 10 ਦਿਨਾਂ ਤੋਂ ਪੰਜਾਬ ਦੇ ਜੋ ਹਾਲਾਤ ਹੋਏ ਹਨ ਉਹਨਾਂ ਨਾਲ ਪੰਜਾਬ ਦੀ ਇੱਕ ਵੱਖਰੀ ਤਸਵੀਰ ਦੁਨੀਆਂ ਦੇ ਨਕਸ਼ੇ ਦੇ ਉੱਤੇ ਉਭਰੀ ਹੈ । ਵੱਡੀਆਂ ਮਾਰਾਂ ,ਵੱਡੀਆਂ ਮੁਸੀਬਤਾਂ ਝੱਲਣ ਦੇ ਬਾਵਜੂਦ ਵੀ ਪੰਜਾਬ ਦੇ ਜੋਸ਼ੀਲੇ ਨੌਜਵਾਨ ਚੜ੍ਹਦੀ ਕਲਾ ਵਿੱਚ ਹਨ ਤੇ ਇਸ ਵਕਤ ਉਹਨਾਂ ਦਾ ਹੌਸਲਾ ਵਧਾਉਣ ਦੇ ਲਈ ਪੰਜਾਬੀਆਂ ਦਾ ਨਾਲ ਖੜ੍ਹੇ ਹੋਣਾ ਬਹੁਤ ਜਰੂਰੀ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸਮਰਾਲਾ ਅਦਾਲਤ ਦੇ ਮਾਨਯੋਗ ਜੱਜ ਰਜਿੰਦਰ ਸਿੰਘ, ਜੱਜ ਰਜਿੰਦਰ ਪਾਲ ਸਿੰਘ ਗਿੱਲ ਅਤੇ ਜੱਜ ਦੇਵ ਨੂਰ ਸਿੰਘ ਨੇ ਉਸ ਵੇਲੇ ਕੀਤਾ ਜਦੋਂ ਉਨ੍ਹਾਂ ਜਿਲਾ ਸੈਸ਼ਨ ਜੱਜ ਲੁਧਿਆਣਾ ਮਾਨਯੋਗ ਹਰਪ੍ਰੀਤ ਕੌਰ, ਅਤੇ ਸੈਕਟਰੀ ਮਾਨਯੋਗ ਸੁਮਿਤ ਸੱਭਰਵਾਲ ਦੇ ਦਿਸ਼ਾ ਨਿਰਦੇਸ਼ਾਂ ਤੇ ਬਾਰ ਐਸੋਸੀਏਸ਼ਨ ਸਮਰਾਲਾ ਵੱਲੋਂ ਰਾਹਤ ਸਮੱਗਰੀ ਸਤਲੁਜ ਦਰਿਆ ਦੇ ਕੰਢੇ ਤੇ ਵਸੇ ਪਿੰਡ ਧੁੱਲੇਵਾਲ ਵਿਖੇ ਲੋੜਵੰਦਾਂ ਨੂੰ ਵੰਡੀ । ਉਹਨਾਂ ਕਿਹਾ ਕਿ ਅੱਜ ਪੰਜਾਬ ਦੇ ਉੱਤੇ ਜੋ ਮਾੜਾ ਵਕਤ ਪਿਆ ਹੈ, ਉਸ ਤੋਂ ਉਭਰਨ ਲਈ ਅਤੇ ਪੰਜਾਬ ਨੂੰ ਮੁੜ ਤੋਂ ਲੀਹਾਂ ਤੇ ਲਿਆਉਣ ਲਈ ਅੱਜ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਇਹਨਾਂ ਹੜ੍ਹ ਪੀੜਤ ਇਲਾਕਿਆਂ ਵਿੱਚ ਵੱਸਦੇ ਪੰਜਾਬੀ ਭੈਣ ਭਰਾਵਾਂ ਦਾ ਸਾਥ ਦਈਏ ਅਤੇ ਉਹਨਾਂ ਨੂੰ ਮੁੜ ਤੋਂ ਪਹਿਲਾਂ ਵਾਂਗ ਜ਼ਿੰਦਗੀ ਲੀਹੇ ਲਿਆਉਣ ਲਈ ਸਹਿਯੋਗ ਕਰੀਏ। ਇਸ ਮੌਕੇ ਉਨਾਂ ਵੱਲੋਂ ਲੋੜਵੰਦਾਂ ਨੂੰ ਤਰਪਾਲਾਂ ,ਬਰਸਾਤੀਆਂ, ਔਰਤਾਂ ਨੂੰ ਦਵਾਈਆਂ ਅਤੇ ਖਾਣ ਪੀਣ ਦੀ ਸਮੱਗਰੀ ਵੰਡੀ ਗਈ।ਉਨ੍ਹਾਂ ਨਾਲ ਸਮਰਾਲਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਜਸਪ੍ਰੀਤ ਸਿੰਘ ਕਲਾਲਮਾਜਰਾ ਤੇ ਹੋਰ ਵਕੀਲਾਂ ਆਪਣੇ ਤੌਰ 'ਤੇ ਜ਼ਰੂਰਤਮੰਦਾਂ ਨੂੰ ਦਵਾਈਆਂ ਤੇ ਖਾਣ ਪੀਣ ਦਾ ਸਮਾਨ ਸੌਂਪਿਆ ਗਿਆ।



ਉਨ੍ਹਾਂ ਕਿਹਾ ਕਿ ਪੰਜਾਬ ਹੜ੍ਹਾਂ ਦੀ ਮਾਰ ਹੇਠਾਂ ਆਇਆ ਹੈ,ਜਿਸ ਨਾਲ ਕਰੀਬ 3 ਲੱਖ ਲੋਕ ਪ੍ਰਭਾਵਿਤ ਹੋਏ ਹਨ।

ਕੌਮੀ ਪਤ੍ਰਿਕਾ

ਹਰਪ੍ਰੀਤ ਕੌਰ



# ਰਿਸ਼ਤਿਆਂ ਤੋਂ ਉਚਾਟ ਹੋਇਆ ਮਨ

ਗੱਲ ਉਨ੍ਹਾਂ ਸਮਿਆਂ ਦੀ ਹੈ ਜਦੋਂ ਕਹਾਣੀਕਾਰ ਆਪਣੇ ਪਰਿਵਾਰ ਨਾਲ ਪਿੰਡ ਰਹਿੰਦਾ ਸੀ। ਉਸ ਦੀ ਉਮਰ 10-ਸਾਲ ਸੀ। ਜਿਉਂ-ਜਿਉਂ ਕਹਾਣੀਕਾਰ ਜਵਾਨ ਹੁੰਦਾ ਗਿਆ ਲੋਕਾਂ ਨਾਲ ਉਸ ਦੀ ਸਾਂਝ ਵਧਦੀ ਗਈ ਸਮਾਂ ਕਿਵੇਂ ਲੰਘ ਰਿਹਾ ਸੀ ਕੁਝ ਵੀ ਪਤਾ ਨਹੀਂ ਸੀ ਚੱਲ ਰਿਹਾ। ਸਮਾਂ ਲੰਘਣ ਦੇ ਨਾਲ-ਨਾਲ ਕਹਾਣੀਕਾਰ ਜਵਾਨ ਹੁੰਦਾ ਗਿਆ ਅਤੇ ਉਸ ਨੂੰ ਪੜ੍ਹ ਲਿਖਕੇ ਇਕ ਸਰਕਾਰੀ ਮਹਿਕਮੇ ਵਿਚ ਨੌਕਰੀ ਮਿਲ ਗਈ। ਉਹ ਨੌਕਰੀ ਕਰਨ ਲਈ ਪਿੰਡ ਤੋਂ ਦੂਰ ਚਲਾ ਗਿਆ ਪਰ ਉਸ ਦਾ ਪਰਿਵਾਰ, ਭੈਣ/ਭਰਾਂ ਉਸ ਪਿੰਡ ਵਿਚ ਹੀ ਰਹਿੰਦੇ ਸਨ। ਕਹਾਣੀਕਾਰ ਦੇ ਮਨ ਵਿਚ ਲੋਕਾਂ ਨਾਲ ਮਿਲਵਰਤਨ ਦੀ ਤੀਬਰ ਇੱਛਾਂ ਸੀ। ਜਦੋ ਵੀ ਉਹ ਆਪਣੇ ਪਿੰਡ ਆਉਂਦਾ ਤਾਂ ਉਹ ਲੋਕਾਂ ਅਤੇ ਆਪਣੇ ਸਾਕ-ਸਬੰਧੀਆਂ ਅਤੇ ਗਲ਼ੀ ਮੁਹੱਲੇ ਵਾਲਿਆਂ ਨਾਲ ਖ਼ੂਬ ਮਿਲਵਰਤਨ ਰੱਖਦਾ ਪਰ ਕੁਝ ਲੋਕ ਉਸ ਨੂੰ ਘੱਟ ਪਸੰਦ ਕਰਦੇ ਸਨ ਅਤੇ ਉਹ ਹਰ ਸਮੇਂ ਉਸ ਨੂੰ ਨੀਵਾਂ ਦਿਖਾਉਣਾ ਚਾਹੁੰਦੇ ਸਨ ਪਰ ਕਹਾਣੀਕਾਰ ਦੇ ਪਿਆਰ ਵਿਚ ਕੋਈ ਫ਼ਰਕ ਨਾ ਪੈਂਦਾਂ। ਜਿੱਥੇ ਕਹਾਣੀਕਾਰ ਰਹਿੰਦਾ ਸੀ ਉਸ ਦੇ ਮਕਾਨ ਦੀ ਕੰਧ ਦੂਜੇ ਗੁਆਂਢੀ ਨਾਲ ਸਾਂਝੀ ਸੀ ਜਦੋ ਕਹਾਣੀਕਾਰ ਬਦਲੀ ਕਰਵਾ ਕੇ ਆਪਣੇ ਪਿੰਡ ਰਹਿਣ ਆ ਗਿਆ ਤਾਂ ਉਸ ਨੇ ਆਪਣੀ ਸਾਂਝ ਦਾ ਸਿਲਸਿਲਾ ਕਾਇਮ ਰੱਖਿਆ।

ਕੁਝ ਸਾਲ ਬੀਤੇ ਕਹਾਣੀਕਾਰ ਦਾ ਵਿਆਹ ਹੋ ਗਿਆ। ਕਹਾਣੀਕਾਰ ਦਾ ਆਪਣਾ ਵੀ ਪਰਿਵਾਰ ਹੋ ਗਿਆ ਅਤੇ ਉਸ ਨੇ ਆਪਣੇ ਬੱਚਿਆਂ ਨੂੰ ਪੜ੍ਹਨ ਲਈ ਪਿੰਡ ਤੋਂ ਸ਼ਹਿਰ ਪਾ ਦਿੱਤਾ। ਪਿੰਡ ਤੋ ਸ਼ਹਿਰ ਦੂਰ ਹੋਣ ਕਰਕੇ ਆਉਣ-ਜਾਣ ਲਈ ਕਾਫ਼ੀ ਮੁਸੀਬਤਾ ਦਾ ਸਾਹਮਣਾ

**ਮੋਹ-ਪਿਆਰ**

*ਹੁਣ ਉਹ ਨਿੱਘ, ਸਤਿਕਾਰ ਤੇ ਮੋਹ-ਪਿਆਰ ਕਿਧਰੇ ਨਹੀਂ ਮਿਲਦਾ ਜੋ ਪੁਰਾਤਨ ਸਮੇਂ ਰਿਸ਼ਤਿਆਂ 'ਚ ਹੁੰਦਾ ਸੀ। ਮਨੁੱਖ ਖ਼ੁਦ ਨੂੰ ਅੱਗੇ ਦਿਖਾਉਣ ਦੀ ਦੌੜ 'ਚ ਰਿਸ਼ਤਿਆਂ ਦੀ ਕਦਰ ਭੁੱਲ ਗਿਆ ਹੈ। ਅੱਜ ਪਰਿਵਾਰ ਵਿਖਰ ਰਹੇ ਹਨ ਤੇ ਰਿਸ਼ਤੇ ਖ਼ਤਮ ਹੋ ਰਹੇ ਹਨ।*

ਕਰਨਾ ਪੈਂਦਾ ਸੀ। ਜਿਸ ਕਰਕੇ ਕਹਾਣੀਕਾਰ ਨੇ ਸ਼ਹਿਰ ਰਹਿਣ ਦਾ ਮਨ ਬਣਾ ਲਿਆ। ਉਹ ਆਪਣੇ ਪਿੰਡ ਵਾਲੇ ਘਰ ਨੂੰ ਵੇਚਣਾ ਚਾਹੁੰਦਾ ਸੀ ਪਰ ਉਸ ਦਾ ਗੁਆਂਢੀ ਜਿਸ ਦੀ ਕੰਧ ਉਸ ਦੇ ਘਰ ਨਾਲ ਸਾਂਝੀ ਸੀ। ਉਸ ਨੇ ਮਕਾਨ ਵੇਚਣ ਵਿਚ ਅੜਿਕਾ ਖੜ੍ਹਾ ਕਰ ਦਿੱਤਾ। ਜਿਸ ਦੇ ਚਲਦਿਆ ਕਹਾਣੀਕਾਰ ਨੂੰ ਬੜੀਆ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪਿਆ। ਗੱਲ ਥਾਣੇ ਕਚਹਿਰੀਆਂ ਤੱਕ ਪੁੱਜ ਗਈ ਪਰ ਹਾਲੇ ਵੀ ਕਹਾਣੀਕਾਰ ਦੇ ਮਨ ਵਿਚ ਦੁਸ਼ਮਨੀ ਦੀ ਭਾਵਨਾ ਨਹੀਂ ਸੀ ਪਰ ਗੁਵਾਂਢੀ ਨੇ ਅੱਤ ਕਰ ਦਿੱਤੀ ਜਦ ਗੱਲ ਮੁਕਦਮੇ ਤਕ ਪੁੱਜ ਗਈ। ਹੁਣ ਕਹਾਣੀਕਾਰ ਦੇ ਸਿਰ ਤੋਂ ਪਾਣੀ ਨਿਕਲ ਚੁੱਕਾ ਸੀ। ਉਸ ਨੇ ਮਕਾਨ ਵੇਚਣ ਦਾ ਪੱਕਾ ਇਰਾਦਾ ਕਰ ਲਿਆਂ। ਉਸ ਦਾ ਵਿਸ਼ਵਾਸ ਰਿਸ਼ਤਿਆਂ ਤੋਂ ਉਠ ਗਿਆ। ਮੁਕਦਮਾ ਕਹਾਣੀਕਾਰ ਦੇ ਹੱਕ ਵਿਚ ਹੋ ਗਿਆ ਅਤੇ ਉਹ ਆਪਣਾ ਮਕਾਨ ਵੇਚ ਕੇ ਸ਼ਹਿਰ ਆ ਗਿਆ। ਉਸ ਦੀ ਪਿੰਡ ਨਾਲੋਂ ਸਾਂਝ ਟੁੱਟ ਗਈ।

ਨਵੀਂ ਜਗ੍ਹਾਂ ਤੇ ਆ ਕੇ ਕਹਾਣੀਕਾਰ ਨੇ ਨਵੇਂ ਰਿਸ਼ਤੇ ਬਣਾਉਣੇ ਸ਼ੁਰੂ ਕੀਤੇ। ਥੋੜ੍ਹੇ ਹੀ ਸਮੇਂ ਵਿਚ ਉਸ ਨੇ ਲੋਕਾਂ ਨਾਲ ਗੂੜ੍ਹਾ ਪਿਆਰ ਪਾ ਲਿਆ। ਨਵੀਂ ਜਗ੍ਹਾਂ 'ਤੇ ਆ ਕੇ ਉਸ ਨੇ ਆਪਣੀਆਂ ਕੋੜੀਆਂ ਯਾਦਾਂ ਨੂੰ ਖ਼ਤਮ ਕਰਨਾ ਚਾਹਿਆ। ਸਮਾਂ ਬੜੇ ਹੀ ਖ਼ੁਸ਼ਹਾਲ ਤਰੀਕੇ ਨਾਲ ਬੀਤ ਰਿਹਾ ਸੀ ਅਤੇ ਉਸ ਦੇ ਆਪਣੇ ਸਾਰੇ ਹੀ ਗੁਆਂਢੀਆਂ ਨਾਲ ਬੜੇ ਗੂੜ੍ਹੇ ਸਬੰਧ ਬਣ ਗਏ ਸਨ। ਉਸ ਨੂੰ ਇਹ ਅੰਦਾਜ਼ਾ ਵੀ ਨਹੀਂ ਸੀ ਕਿ ਗੁਆਂਢੀ ਉਸ ਨਾਲ ਖਾਰ ਖਾਂਦੇ ਹੋਣਗੇ ਪਰ ਉਸ ਦਾ ਪਤਾ ਉਦੋਂ ਹੀ ਲੱਗਾਂ ਜਦੋਂ ਉਨਾਂ ਨੇ ਕਹਾਣੀਕਾਰ ਦੀ ਪਿੱਠ ਪਿੱਛੇ ਵਾਰ ਕੀਤਾ। ਕਹਾਣੀਕਾਰ ਦਾ ਮਨ ਰਿਸ਼ਤਿਆਂ ਤੋਂ ਉਚਾਟ ਹੋ ਗਿਆ। ਉਸ ਨੇ ਬਹੁਤ ਕੋਸ਼ਿਸ਼ ਕੀਤੀ ਕਿ ਸਬੰਧ ਸੁਧਰ ਜਾਣ ਪਰ ਤਾਣੀ ਉਲਝਦੀ ਹੀ ਗਈ। •

87258-36884



ਦਵਿੰਦਰ ਕੌਰ

**ਸਮੇਂ ਦੇ ਨਾਲ ਚਲਣਾ ਬਹੁਤ ਜ਼ਰੂਰੀ ਹੈ। ਇਸ ਨਾਲ ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਤੁਰਦੇ-ਤੁਰਦੇ ਅਸੀਂ ਇੰਨੇ ਵੀ ਅੱਗੇ ਨਾ ਨਿਕਲ ਜਾਈਏ ਕਿ ਕਿੱਧਰੇ ਆਪਣੇ ਵਜੂਦ ਅਤੇ ਜੜ੍ਹਾਂ ਤੋਂ ਟੁੱਟ ਕੇ ਰਸਤਾ ਭਟਕ ਕੇ ਗੁਆਚ ਹੀ ਨਾ ਜਾਈਏ...**



# ਪੱਛਮੀ ਸੱਭਿਅਤਾ ਦੀ ਗ਼ੁਲਾਮ ਅਜੋਕੀ ਪੀੜ੍ਹੀ

ਸੱਭਿਆਚਾਰ ਪੁਰਾਤਨ ਪੀੜ੍ਹੀਆਂ ਦੀਆਂ ਕਦਰਾਂ-ਕੀਮਤਾਂ, ਜੀਵਨ, ਰੀਤ-ਰਿਵਾਜ, ਕਲਾ, ਰਹਿਣ-ਸਹਿਣ ਤੇ ਸਾਡੇ ਵਜੂਦ ਦਾ ਨਾਂ ਹੈ ਜੋ ਸਾਨੂੰ, ਸਾਡੀਆਂ ਜੜ੍ਹਾਂ ਤੋਂ ਜਾਣੂ ਕਰਵਾਉਂਦਾ ਹੈ ਕਿ ਅਸੀਂ ਕੀ ਹਾਂ ? ਸੱਭਿਅਤਾ ਤੋਂ ਬਿਨਾਂ ਜ਼ਿੰਦਗੀ ਇਕ ਖ਼ਾਲੀ ਫੋਟੋ ਦੇ ਫਰੇਮ ਵਾਂਗ ਹੈ। ਸੱਭਿਆਚਾਰ ਉੱਚਾ-ਸੁੱਚਾ ਤੇ ਅਮੀਰ ਹੈ। ਗੱਲ ਕੀ ਸੱਭਿਆਚਾਰ ਹੀ ਸਾਡੀ ਪਛਾਣ ਹੈ। ਭਾਰਤ ਦੀ ਉੱਤਰ-ਪੱਛਮ ਦੀ ਧਰਤੀ ਦੀ ਸੁਹਾਵਣੀ ਗੋਦ ਵਿਚ ਵਸਦਾ ਸਾਡਾ ਪੰਜਾਬ ਪੰਜ ਦਰਿਆਵਾਂ ਦੀ ਪਵਿੱਤਰ ਧਰਤੀ ਹੈ। ਗੁਰੂਆਂ-ਪੀਰਾਂ ਅਤੇ ਮਹਾਂਪੁਰਖਾਂ ਦੀ ਸਿੰਜੀ ਇਸ ਜ਼ਰਖ਼ੇਜ਼ ਧਰਤੀ ਵਿੱਚੋਂ ਖ਼ੁਸ਼ੀਆਂ ਦੇ ਸੋਮੇਂ ਫੁਟਦੇ ਹਨ। ਆਦਿ ਕਾਲ ਤੋਂ ਲੈ ਕੇ ਅੱਜ ਤਕ ਪੰਜਾਬੀਆਂ ਨੇ ਜਨਮ ਤੋਂ ਲੈ ਕੇ ਮੌਤ ਤੱਕ ਹਰ ਥਾਂ ਵੱਖਰੀ ਹੀ ਟੌਹਰ ਕਾਇਮ ਕੀਤੀ ਹੈ।

ਹਰ ਰੀਤ-ਰਿਵਾਜ ਦੀ ਸ਼ੁਰੂਆਤ ਅਤੇ ਅੰਤ ਲੋਕ-ਗੀਤਾਂ ਨਾਲ ਹੁੰਦਾ ਹੈ। 'ਹਰਿਆ ਨੀ ਮਾਲਣ, ਹਰਿਆ ਨੀ ਭੈਣੇ' ਲੋਕ-ਗੀਤ ਨਾਲ ਮਨੁੱਖ ਜਨਮ ਲੈਂਦਾ ਹੈ ਤੇ ਮਿੱਠੀਆਂ ਲੋਰੀਆਂ ਸੁਣ ਕੇ ਵੱਡਾ ਹੁੰਦਾ ਹੈ। ਪ੍ਰੀਤ ਦੇ ਵਲਵਲਿਆਂ ਦੇ ਗੀਤ ਗਾਉਂਦਾ ਹੋਇਆ ਜਵਾਨੀ ਦੇ ਰੰਗ ਮਾਣਦਾ ਹੈ, ਫਿਰ ਸੁਹਾਗ ਅਤੇ ਘੋੜੀਆਂ ਨਾਲ ਵਿਆਹਿਆ ਜਾਂਦਾ ਹੈ। ਫਿਰ ਉਹ 'ਹਰਿਆ ਨੀ ਮਾਲਣ' ਵਰਗੇ ਗੀਤਾਂ ਨਾਲ ਔਲਾਦ ਨੂੰ ਜਨਮ ਦਿੰਦਾ ਹੈ। ਉਸ ਨੂੰ ਪਾਲਦਾ ਵਿਆਹੁਦਾ ਅਤੇ ਅੰਤ ਨੂੰ ਕੀਰਨੇ ਅਤੇ ਅਲਾਹੁਣੀਆਂ ਨਾਲ ਇਸ ਸੰਸਾਰ ਤੋਂ ਵਿਦਾ ਲੈਂਦਾ ਹੈ। ਲੋਕ-ਗੀਤਾਂ ਵਿਚ ਰੰਗਲਾ ਪੰਜਾਬ ਵਸਦਾ ਹੈ। ਇਹ ਸਮੁੱਚੇ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਹੈ।

ਇਸੇ ਤਰ੍ਹਾਂ ਮੇਲੇ ਵੀ ਪੰਜਾਬੀਆਂ ਦੀ ਜਿੰਦ-ਜਾਨ ਹਨ, ਜਿੰਨ੍ਹਾਂ ਵਿਚ ਪੰਜਾਬੀ ਸੰਸਕ੍ਰਿਤੀ ਦੀ ਝਲਕ ਵੇਖਣ ਨੂੰ ਮਿਲਦੀ ਹੈ। ਮੇਲੇ ਸਾਡੇ ਚਾਅ-ਸੱਧਰਾਂ ਦੀ ਪੂਰਤੀ ਕਰਦੇ ਹਨ। ਮੌਜ-ਮਸਤੀ, ਪਿਆਰਿਆਂ ਦੇ ਮੇਲ ਅਤੇ ਪੰਜਾਬਣਾਂ ਦੇ ਹਾਰ-ਸ਼ਿੰਗਾਰ ਮੇਲਿਆਂ ਦੀ ਖ਼ਾਸ ਨਿਸ਼ਾਨੀ ਹੈ।

ਆਪਣੀ ਵਿਰਾਸਤ 'ਤੇ ਮਾਣ ਕਰਨਾ ਸਵੈ-ਵਿਸ਼ਵਾਸ ਦੀ ਬੁਨਿਆਦ ਹੈ। ਸਾਡਾ ਵਿਰਸਾ ਬਹੁਤ ਅਮੀਰ, ਪੁਰਾਣਾ ਅਤੇ ਮਾਣਮੱਤਾ ਹੈ। ਪੁਰਾਣੇ ਸਮੇਂ ਹੱਥੀਂ ਕਿਰਤ ਕਰਨ ਨੂੰ ਅਹਿਮੀਅਤ ਦਿੱਤੀ ਜਾਂਦੀ ਸੀ। ਇਹੀ ਮਿਹਨਤ-ਮੁਸ਼ੱਕਤ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਦੀ ਸੀ ਨਾਲ ਹੀ ਇਹ ਰੁਝੇਵਾਂ ਨਸ਼ਿਆਂ ਅਤੇ ਹੋਰ ਭੈੜੀਆਂ ਆਦਤਾਂ ਤੋਂ ਬਚਣ ਦਾ ਸਬੱਬ ਵੀ ਬਣਦਾ ਸੀ। ਅੱਜ ਇਹ ਸਭ ਕੁਝ ਵਿਸਰਦਾ ਜਾ ਰਿਹਾ ਹੈ। ਹਲ਼ ਵਾਹੁੰਣਾ, ਖੂਹਾਂ ਤੋਂ ਪਾਣੀ ਭਰਨਾ, ਉੱਖਲੀਆਂ ਵਿਚ ਦਾਣੇ ਪੀਹਣਾ, ਚੱਕੀ ਪੀਹਣਾ, ਚਰਖਾ ਕੱਤਣਾ, ਤੰਦੂਰ 'ਚ ਰੋਟੀਆਂ ਲਾਉਣਾ ਆਦਿ ਕੰਮ ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਦੇ ਸਨ। ਅੱਜ ਸਭ ਕੁਝ ਬਣਾਵਟੀ ਹੋ ਚੁੱਕਾ ਹੈ। 'ਚਰਖੇ ਦੀ ਘੂਕਰ' ਸੁਣਨੀ ਤਾਂ ਦੂਰ' ਚਰਖਾ ਹੀ ਨਹੀਂ ਦਿਖਾਈ ਦਿੰਦਾ। ਉਸ ਨੂੰ ਬੇਲੋੜੀਆਂ ਚੀਜ਼ ਸਮਝ ਕੇ ਕਿਸੇ ਕੋਨੇ ਵਿਚ ਕਬਾੜ ਸਮਝ ਕੇ ਸੁੱਟ ਦਿੱਤਾ ਜਾਂਦਾ ਹੈ।

ਪੁਰਾਤਨ ਵਿਰਸੇ ਨੂੰ ਸੰਭਾਲਣ ਦੀ ਜਦ ਗੱਲ ਤੁਰਦੀ ਹੈ ਤਾਂ ਅਸੀਂ ਚਾਹੁੰਦੇ ਹਾਂ ਕਿ ਹਰ ਪਾਸੇ ਵਿਰਸੇ ਦੀ ਤਸਵੀਰ ਦਿਸੇ ਪਰ ਇਹ ਤਾਂ ਤਸਵੀਰ ਜੀਵਨ ਜਿਊਣ ਦੇ ਢੰਗਾਂ ਤੋਂ ਉਪਜ ਸਕਦੀ ਹੈ, ਨਾ ਕਿ ਗੱਲਾਂ ਨਾਲ।

ਹੁਣ ਨਾ ਤਾਂ ਮਧਾਣੀਆਂ ਦੀ ਲੋੜ ਰਹੀ ਤੇ ਨਾ ਫੁਲਕਾਰੀਆਂ ਦੀ ਤੇ ਨਾ 20-20 ਗਜ਼ ਦੇ ਘੱਗਰੇ ਹੀ ਰਹੇ। ਅੱਜ ਕੱਲ੍ਹ ਮਹਿੰਗੇ ਮੁੱਲ ਦੀਆਂ ਫੁਲਕਾਰੀਆਂ ਖ਼ਰੀਦ ਤਾਂ ਲੈਂਦੇ ਹਾਂ ਪਰ ਇਕ ਵਾਰ ਪੇਟੀ 'ਚ ਰੱਖ ਕੇ ਦੁਬਾਰਾ ਕੱਢ ਕੇ ਲੈਣ ਦਾ ਸਮਾਂ ਨਹੀਂ ਰਹਿੰਦਾ। 'ਪੱਗ ਬੰਨਣ' ਨੂੰ ਸਮੇਂ ਦੀ ਬਰਬਾਦੀ ਦੱਸਿਆ ਜਾਂਦਾ ਹੈ। ਆਪਣੇ ਆਪ ਨੂੰ ਆਧੁਨਿਕ ਕਹਿਣ ਵਾਲੇ ਲੋਕ ਲਈ 'ਚੁੰਨੀ ਲੈਣਾ ' ਅਤੇ 'ਪੰਜਾਬੀ ਪਹਿਰਾਵਾ' ਪਾਉਣਾ 'ਬੈਕਵਰਡ' ਹੈ।

ਪੰਜਾਬਣ ਮੁਟਿਆਰ ਦੇ ਪੈਰਾਂ ਵਿਚਲੀ 'ਜੁੱਤੀ ਕਸੂਰੀ' ਤਾਂ ਸਮੇਂ ਦੇ ਨਾਲ ਚੱਲਣ ਕਰਕੇ ਘਸ ਗਈ ਹੈ ਕਿਉਂਕਿ ਆਧੁਨਿਕ ਜ਼ਮਾਨੇ ਦੇ ਉਖੜੇ ਜਿਹੇ ਰਾਹਾਂ 'ਤੇ ਚਲਦੀ-ਚਲਦੇ ਆਪਣੀ ਪਛਾਣ ਗਵਾ ਬੈਠੀ ਹੈ। ਪੰਜਾਬਣ ਮਾਣ-ਮਰਿਆਦਾ ਨੂੰ ਭੁਲਦੀ ਜਾ ਰਹੀ ਹੈ ਅਤੇ ਪੱਛਮੀ ਸੱਭਿਆਚਾਰ ਦਾ ਰੰਗ ਗੂੜ੍ਹਾ ਹੁੰਦਾ ਜਾ ਰਿਹਾ ਹੈ। ਅਸੀਂ ਅੰਗਰੇਜ਼ੀ ਲੋਕਾਂ ਦੀ ਗ਼ੁਲਾਮੀ ਤੋਂ ਆਜ਼ਾਦ ਹੋਏ ਹਾਂ ਪਰ ਅੰਗਰੇਜ਼ੀ ਸੱਭਿਅਤਾ ਅੱਜ ਵੀ ਗ਼ੁਲਾਮ ਹਾਂ।

ਇਹ ਵੀ ਠੀਕ ਹੈ ਕਿ ਸੱਭਿਅਤਾ ਕਿਸੇ ਵੀ ਦੇਸ਼ ਦੀ ਬੁਰੀ ਨਹੀਂ ਹੁੰਦੀ ਪਰ ਬੁਰੀ ਗੱਲ ਹੈ ਆਪਣੀ ਸੱਭਿਅਤਾ ਨੂੰ ਨਕਾਰ ਕੇ ਦੂਜੀ ਨੂੰ ਅਪਨਾਉਣਾ ਹੈ। ਹਰੇਕ ਦੇਸ਼ ਦੀਆਂ ਚੰਗੀਆਂ ਗੱਲਾਂ ਨੂੰ ਅਪਣਾਓ ਪਰ ਆਪਣਾ ਵਿਰਸਾ ਵੀ ਨਾ ਵਿਸਾਰੋ।

ਜਿਹੜੇ ਲੋਕ ਮਾਂ ਬੋਲੀ ਨੂੰ ਨੀਵੇਂ ਦਰਜੇ ਦਾ ਸਮਝ ਕੇ ਹੋਰ ਭਾਸ਼ਾਵਾਂ ਨੂੰ ਪਹਿਲ ਦੇ ਰਹੇ ਹਨ ਉਹ ਆਉਣ ਵਾਲੀ ਪੀੜ੍ਹੀ ਨੂੰ ਵਿਰਸੇ ਤੋਂ ਦੂਰ ਕਰ ਰਹੇ ਹਨ। ਇਹ ਲੋਕ ਮਾਤ ਭਾਸ਼ਾ ਨੂੰ ਵਿਸਰ-ਵਿਸਾਰ ਕੇ ਖ਼ੁਦ ਹੀ ਉਲਾਂਭਾ ਦੇਣਗੇ ਕਿ ਸਾਡੀ ਔਲਾਦ ਸਾਨੂੰ ਸਮਝਦੀ ਨਹੀਂ। ਸਮਝੇਗੀ ਕਿਵੇਂ ਜਦ ਭਾਵਨਾਵਾਂ ਦੀ ਭਾਸ਼ਾ ਹੀ ਉਨ੍ਹਾਂ ਨੂੰ ਨਹੀਂ ਆਉਂਦੀ ਹੋਵੇਗੀ? ਉਨ੍ਹਾਂ ਕੋਲ ਤਾਂ ਸਿਰਫ਼ ਆਰਥਿਕ ਤੇ ਕੰਮਕਾਜੀ ਭਾਸ਼ਾ ਹੀ ਰਹਿ ਜਾਵੇਗੀ।

ਸਮੇਂ ਦੇ ਨਾਲ ਚਲਣਾ ਬਹੁਤ ਜ਼ਰੂਰੀ ਹੈ ਪਰ ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਤੁਰਦੇ-ਤੁਰਦੇ ਅਸੀਂ ਇੰਨੇ ਵੀ ਅੱਗੇ ਨਾ ਨਿਕਲ ਜਾਈਏ ਕਿ ਕਿੱਧਰੇ ਆਪਣੇ ਵਜੂਦ ਅਤੇ ਜੜ੍ਹਾਂ ਤੋਂ ਟੁੱਟ ਕੇ ਰਸਤਾ ਭਟਕ ਕੇ ਗੁਆਚ ਹੀ ਨਾ ਜਾਈਏ। ਆਪਣੀ ਸੱਭਿਅਤਾ 'ਤੇ ਮਾਣ ਹੋਣਾ ਚਾਹੀਦਾ ਹੈ। ਮੈਂ ਇਹ ਨਹੀਂ ਕਹਾਂਗੀ ਕਿ ਚਾਦਰੇ ਬੰਨ੍ਹ ਕੇ ਜਾ ਘੱਗਰੇ-ਫੁਲਕਾਰੀਆਂ ਪਾ ਕੇ ਹੀ ਤੁਰੇ ਫਿਰੋ, ਕਹਿਣ ਦਾ ਭਾਵ ਹੈ ਕਿ ਆਧੁਨਿਕ ਸਮੇਂ ਦੇ ਹਾਣੀ ਬਣ ਕੇ ਅਸੀਂ ਆਪਣਾ ਵਿਰਸਾ ਵੀ ਦਿਲ 'ਚ ਵਸਾਈ ਰੱਖੀਏ। •

82838-32839

## ਕਵਿਤਾਵਾਂ

### ਬਸੰਤ

ਰੁੱਤ ਹੈ ਮੌਲੀ ਸਜੱਣਾ
ਜਿਸ ਨੇ ਆਸਾਂ ਨੂੰ ਜਗਾਇਆ।
ਹਰ ਟਾਹਣੀ 'ਤੇ ਹੁਣ
ਬੂਰ ਹੈ ਆਇਆ।
ਪੰਛੀ ਚਹਿਕਣ ਅੰਬਰੀ
ਸਮਾਂ ਸੁਹਾਵਣਾ ਆਇਆ।
ਰੰਗ ਬਿਰੰਗੇ ਫੁੱਲਾਂ ਨੇ
ਫੁਲਵਾੜੀ ਨੂੰ ਮਹਿਕਾਇਆ।
ਬਾਲਾਂ ਤੇ ਗੱਭਰੂਆਂ ਮਿਲ
ਪਤੰਗਾਂ ਨੂੰ ਉਡਾਇਆ।
ਲਾ ਕੇ ਪੇਚੇ ਅਸਮਾਨ 'ਚ
ਸਭ ਨੇ ਦਿਲ ਬਹਿਲਾਇਆ।
ਕਰ ਪੂਜਾ ਸਰਸਵਤੀ ਦੀ
ਕਾਦਰ ਦਾ ਗੁਣਗਾਣ ਗਾਇਆ।
ਰੰਗ ਬਸੰਤੀ ਨੇ ਸੀ ਸਾਨੂੰ
ਦੇਸ਼ ਭਗਤੀ ਦਾ ਰੰਗ ਚੜ੍ਹਾਇਆ।
ਜਾਂਦੀ ਠੰਡ ਵੇਖ ਕੇ
ਗ਼ਰੀਬਾਂ ਨੇ ਸ਼ੁਕਰ ਮਨਾਇਆ।
ਕ੍ਰਿਪਾ ਕਰੀਂ ਦਾਤਿਆ
ਬਸੰਤ ਬਹਾਰ ਲੈ ਕੇ ਆਇਆ।
ਜੀਵਨ ਹੋ ਜਾਵੇ ਰੰਗਲਾ
ਭਾਗਾਂ ਵਾਲਾ ਦਿਨ ਹੈ ਆਇਆ।
ਹੋਵੇ ਵਿਚ ਨਸੀਬਾਂ ਦੇ ਦਿਨ ਇਹ
'ਫ਼ਕੀਰਾ' ਸੁੱਖਾਂ ਸੰਗ ਜਾਵੇ
ਮਨਾਇਆ।
ਰੁੱਤ ਹੈ ਮੌਲੀ ਸਜੱਣਾ
ਜਿਸ ਨੇ ਆਸਾਂ ਨੂੰ ਜਗਾਇਆ।



• ਵਿਨੋਦ ਫ਼ਕੀਰਾ
98721 97326

### ਮੁਹੱਬਤ

ਤੇਰੇ ਨਾਲ ਮੁਹੱਬਤ ਕਿੰਨੀ ਏ
ਤੈਨੂੰ ਕੀ ਸਮਝਾਵਾਂ ਅੜੀਏ ਨੀ
ਕੋਈ ਵਰਕਾ ਇਸ਼ਕ ਮੁਹੱਬਤ ਦਾ
ਅੱਜ 'ਕੱਠਿਆਂ ਹੋ ਕੇ ਪੜ੍ਹੀਏ ਨੀ।

ਤੂੰ ਕਿਸੇ ਸ਼ਾਇਰ ਦੀ ਨਜ਼ਮ ਜਿਹੀ
ਰੂਹਦਾਰੀ ਦੇ ਵਿਚ ਗੱਡੀਏ ਨੀ
ਲਿਖਾਂ ਮੁਹੱਬਤ ਪਾਕ ਤੈਨੂੰ
ਰੱਬ ਦੇ ਘਰ ਦੀਏ ਪਰੀਏ ਨੀ

ਦੋ ਜਿਸਮਾਂ ਇਕ ਜਾਨ ਦੇ ਵਾਂਗੂ
ਹੋ ਜੁਦਾ ਜੁਦਾ ਨਾ ਮਰੀਏ ਨੀ

ਨਾਮ ਖ਼ੁਦਾ ਦੇ ਵਾਂਗੂ ਤੈਨੂੰ
ਵਿਚ ਇਬਾਦਤ ਪੜ੍ਹੀਏ ਨੀ

ਜਿੰਨੀ ਉਮਰ ਹੈ ਬਾਕੀ ਸਾਨੂੰ
ਦਿਲ ਤੇਰੇ ਵਿਚ ਘਰ ਕਰੀਏ ਨੀ
ਸਾਥ ਤੇਰਾ ਮੈਨੂੰ ਸਾਹਾਂ ਦੇ ਵਾਂਗੂ
ਸਾਹਾਂ ਬਿਨਾਂ ਦੱਸ ਕੀ ਕਰੀਏ ਨੀ



• ਗੁਰਮੀਤ ਸਿੰਘ
98727-13109

### ਕੁੰਡਲੀ

ਕੀ ਹੈ ਇਹ ਕੁੰਡਲੀ ਰੋਗ
ਪਖੰਡੀ ਬਾਬਿਆਂ ਨੂੰ ਦੇ ਰਹੇ ਹੋ
ਤਰਜੀਹ
ਫਸ ਰਹੇ ਹੋ ਉਨ੍ਹਾਂ ਦੇ ਜਾਲ 'ਚ
ਸੰਵਾਰੋ ਆਪਣੇ ਬੱਚਿਆਂ ਦਾ ਭਵਿੱਖ
ਛੱਡੋ ਕੁੰਡਲੀ ਦਾ ਰੋਗ।

ਕੌਣ ਬਣਾਉਂਦਾ ਸੀ ਕੁੰਡਲੀ
ਤੇਰੇ ਤੇ ਮੇਰੇ ਜ਼ਮਾਨੇ 'ਚ
ਉਦੋਂ ਕਿਤੇ ਚੰਗੇ ਸੀ ਰਿਸ਼ਤੇ
ਨਿਭਦੇ ਸੀ ਸਾਰੇ ਲੋਕ
ਛੱਡੋ ਕੁੰਡਲੀ ਦਾ ਰੋਗ।

ਉਂਜ ਤਾਂ ਅੱਜ ਦਾ ਜ਼ਮਾਨਾ
ਅਖਵਾ ਰਿਹਾ ਹੈ ਖ਼ੁਦ ਨੂੰ ਆਧੁਨਿਕ
ਪਰ ਫਸੇ ਹੋਏ ਨੇ ਲੋਕ
ਰੂੜੀਵਾਦੀ ਰੁਚੀਆਂ 'ਚ
ਛੱਡੋ ਕੁੰਡਲੀ ਦਾ ਰੋਗ।

ਕੁੰਡਲੀ ਦੇ ਚੱਕਰ 'ਚ
ਪਹਿਲਾਂ ਤਾਂ ਹੁੰਦਾ ਹੈ
ਮੁਸ਼ਕਿਲ ਨਾਲ ਸੰਜੋਗ
ਜੇ ਹੋ ਜਾਂਦਾ ਹੈ ਸੰਯੋਗ
ਤਾਂ ਮਨ ਨਾ ਮਿਲਣ ਦਾ ਹੁੰਦਾ ਹੈ
ਵਿਯੋਗ
ਛੱਡੋ ਕੁੰਡਲੀ ਦਾ ਰੋਗ।

ਦੇਸ਼ ਦੇ ਲੋਕੋ ਬਣੋ ਸਮਝਦਾਰ
ਕਰ ਕੇ ਦੇਖੋ ਪ੍ਰਯੋਗ
ਕਰੋ ਆਦਤਾਂ ਅਤੇ ਵਿਚਾਰਾਂ ਦਾ ਮੇਲ
ਸੰਵਾਰੋ ਬੱਚਿਆਂ ਦਾ ਭਵਿੱਖ
ਛੱਡੋ ਕੁੰਡਲੀ ਦਾ ਰੋਗ।



• ਰਜਨੀਸ਼ ਗੋਇਲ
99712-16567

ਅਤਿੰਦਰਪਾਲ ਸਿੰਘ ਪਰਮਾਰ

# ਨਰੋਈ ਸੋਚ ਦਾ ਬੀਜ



ਔਰਤ ਸਮਾਜ ਦਾ ਖ਼ਾਸ ਹਿੱਸਾ ਹੈ। ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਦਾ ਸਫ਼ਰ ਔਰਤ ਦੇ ਰਾਹੀਂ ਮੁਕੰਮਲ ਹੁੰਦਾ ਹੈ। ਜਿਸ ਕੁੱਖ ਵਿੱਚੋਂ ਸਮਾਜਿਕ ਰਿਸ਼ਤਿਆਂ ਦਾ ਜਨਮ ਹੁੰਦਾ ਹੈ। ਔਰਤ ਸ਼ਕਤੀ, ਸਬਰ ਤੇ ਤਿਆਗ ਦਾ ਰੂਪ ਹੈ। ਭਾਵੇਂ ਸਾਡਾ ਦੇਸ਼ ਆਜ਼ਾਦ ਹੋ ਚੁੱਕਾ ਹੈ ਪਰ ਇਹ ਕਹਿੰਦੇ ਬੜਾ ਦੁੱਖ ਲੱਗ ਰਿਹਾ ਹੈ ਕਿ ਔਰਤ ਅੱਜ ਵੀ ਗ਼ੁਲਾਮ ਹੈ। ਉਸ ਨੂੰ ਇਸ ਗ਼ੁਲਾਮੀ ਦਾ ਅਹਿਸਾਸ ਸਮਾਜ ਦੀ ਤੰਗ ਸੋਚ ਤੇ ਕੁਰੀਤੀਆਂ ਪਰ ਵੇਲੇ ਕਰਵਾਉਂਦੀਆਂ ਰਹਿੰਦੀਆਂ ਹਨ। ਮਰਦ ਪ੍ਰਧਾਨ ਸਮਾਜ ਔਰਤ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ 'ਚ ਕੈਦ ਕਰਕੇ ਆਪਣੀਆਂ ਕਮਜ਼ੋਰੀਆਂ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦਾ ਹੈ। ਔਰਤ ਇੱਜ਼ਤ ਦੀ ਉਮੀਦ ਰੱਖਦੀ ਹੈ ਪਰ ਕਿਤੇ ਨਾ ਕਿਤੇ ਉਸ ਨੂੰ ਬਣਦਾ ਮਾਣ ਸਤਿਕਾਰ ਨਹੀਂ ਮਿਲਦਾ। ਔਰਤ ਪ੍ਰਤੀ ਜ਼ੁਲਮ ਲਗਾਤਾਰ ਵਧ ਰਿਹਾ ਹੈ। ਇਸ ਲਈ ਜ਼ਿੰਮੇਵਾਰ ਮਰਦ ਦੀ ਤੰਗ ਸੋਚ ਹੁੰਦੀ ਹੈ। ਸਮਾਜ ਦੇ ਹਾਲਾਤ ਤੇ ਕਦਰਾਂ-ਕੀਮਤਾਂ ਦਾ ਮਿਆਰ ਬਹੁਤ ਮਾੜੇ ਪੱਧਰ 'ਚੋਂ ਗੁਜ਼ਰ ਰਿਹਾ ਹੈ। ਔਰਤ ਆਪਣੇ ਆਪ ਨੂੰ ਹਰ ਜਗ੍ਹਾ ਅਸੁਰੱਖਿਅਤ ਮਹਿਸੂਸ ਕਰ ਰਹੀ ਹੈ। ਉਹ ਭਾਵੇਂ ਸ਼ਹਿਰ ਦੀਆਂ ਸੜਕਾਂ ਹੋਣ ਜਾਂ ਕਿਸੇ ਪਿੰਡ ਦੀ ਫਿਰਨੀ ਜਾਂ ਕੋਈ ਦਫ਼ਤਰ। ਕੁੜੀਆਂ ਪੜ੍ਹ ਲਿਖ ਕੇ ਹਰ ਸੈਕਟਰ ਵਿਚ ਮੁੰਡਿਆਂ ਨੂੰ ਪਛਾੜ ਰਹੀਆਂ ਹਨ।

ਹੁਣ ਲੋੜ ਹੈ ਆਪਣੀ ਖ਼ੁਦ ਦੀ ਪਛਾਣ ਤੇ ਇੱਜ਼ਤ ਲਈ ਇਕਜੁੱਟ ਹੋ ਕੇ ਸਮਾਜ ਦੀ ਤੰਗ ਸੋਚ ਨੂੰ ਪਛਾੜਨ ਦੀ। ਜਿਸ ਤਰ੍ਹਾਂ ਦੇ ਵਿਵਹਾਰ ਤੇ ਇੱਜ਼ਤ ਦੀ ਅਸੀਂ ਲੋਕਾਂ ਤੋਂ ਆਸ ਆਪਣੀਆਂ ਮਾਵਾਂ, ਭੈਣਾਂ ਲਈ ਰੱਖਦੇ ਹਾਂ ਕਿ ਅਸੀਂ ਇਹ ਇੱਜ਼ਤ ਹਰ ਔਰਤ ਨੂੰ ਨਹੀਂ ਦੇ ਸਕਦੇ। ਜੇ ਮੁੰਡਾ ਕੁੜੀ ਨਾਲ ਬਤਮੀਜ਼ੀ ਕਰਦਾ ਹੈ ਤਾਂ ਘਰੋਂ ਨਿਕਲਣਾ ਬੰਦ ਕੁੜੀ ਦਾ ਕੀਤਾ ਜਾਂਦਾ ਹੈ। ਇਕ ਕੁੜੀ ਘਰੇ ਬੈਠ ਸਕਦੀ ਹੈ ਪਰ ਉਸ ਦੀ ਸ਼ਿਕਾਰ ਕੋਈ ਦੂਸਰੀ ਹੋਵੇਗੀ। ਜੇ ਨੂੰਹਾਂ ਤੋਂ ਦਾਜ ਮੰਗਣ ਦਾ ਸ਼ੌਕ ਹੈ ਤਾਂ ਧੀਆਂ ਨੂੰ ਦਾਜ ਦੇਣ ਦੀ ਹਿੰਮਤ ਵੀ ਰੱਖੋ। ਹਰ ਰੀਤ ਰਸਮ ਨੂੰ ਇੱਕੋ ਨਜ਼ਰੀਏ ਨਾਲ ਵੇਖਣਾ ਚਾਹੀਦੀ ਹੈ। ਇਕ ਕੁੜੀ ਲਈ ਉਸ ਦਾ ਦਾਜ ਉਸ ਨੂੰ ਇੱਜ਼ਤ ਦੇ ਰੂਪ ਵਿਚ ਦੇਣਾ ਚਾਹੀਦਾ ਹੈ। ਕਿਸੇ ਵਿਤਕਰੇ ਨਾਲ ਕੀਤਾ ਫ਼ੈਸਲਾ ਸਿਰਫ਼ ਸਾਡੀ ਤੰਗ ਸੋਚ ਨੂੰ ਤੱਸਲੀ ਦੇ ਸਕਦਾ ਹੈ ਪਰ ਇਹ ਸਮਾਜ ਨੂੰ ਗਿਰਾਵਟ ਵੱਲ ਲੈ ਜਾਵੇਗਾ। ਸਮਾਜ ਵਿਚ ਕੁਝ ਵੀ ਸਥਿਰ ਤੇ ਟਿਕਾਊ ਨਹੀਂ ਹੁੰਦਾ। ਸਮੇਂ-ਸਮੇਂ ਇਸ ਵਿਚ ਤਬਦੀਲੀ ਦੀ ਲੋੜ ਹੁੰਦੀ ਹੈ। ਇਹ ਸਾਡੀ ਸੋਚ ਉੱਪਰ ਨਿਰਭਰ ਕਰਦਾ ਹੈ ਕਿ ਅਸੀਂ ਸਮਾਜ ਦੇ ਕਦਮ ਸਹੀ ਜਾਂ ਗ਼ਲਤ ਰਸਤੇ ਵੱਲ ਵਧਾਉਣੇ ਹਨ।

ਕੁੜੀਆਂ ਨੂੰ ਬਚਪਨ ਤੋਂ ਹੀ ਹੀਣ ਭਾਵਨਾ ਦਾ ਅਹਿਸਾਸ ਕਰਵਾਇਆ ਜਾਂਦਾ ਹੈ, ਜਿਹੜਾ ਸਿੱਧੇ ਜਾਂ ਅਸਿੱਧੇ ਰੂਪ ਨਾਲ ਔਰਤ ਨੂੰ ਕਮਜ਼ੋਰ ਕਰ ਰਿਹਾਂ ਹੈ। ਜੇ ਅਸੀਂ ਨਰੋਈ ਸੋਚ ਦਾ ਬੀਜ ਬੀਜਾਂਗੇ ਤਾਂ ਚੰਗੇ ਸਮਾਜ ਵਿਚ ਸਾਡੀਆਂ ਧੀਆਂ, ਭੈਣਾਂ ਆਜ਼ਾਦੀ ਦੀ ਹਵਾ ਵਿਚ ਸਾਹ ਲੈ ਸਕਣ ਗਈਆਂ। •

81468-08995

## ਪਛਾਣ ਮਿਲਣ ਦਾ ਜਾਦੂ

ਇਕ ਫ਼ਿਲਮ 'ਚ ਬੇਘਰੇ, ਭੁੱਖੇ, ਪਿਆਸੇ, ਗ਼ਰੀਬ, ਉਦਾਸ ਲੋਕਾਂ ਦੇ ਆਲੇ-ਦੁਆਲੇ ਦਾ ਦ੍ਰਿਸ਼ ਫਿਲਮਾਇਆ ਜਾਣਾ ਸੀ। ਨਿਰਦੇਸ਼ਕ ਨੇ ਸਹਾਇਕ ਨੂੰ ਕਿਹਾ ਕਿ ਸ਼ਹਿਰ ਦੀ ਇਕ ਗੰਦੀ ਬਸਤੀ 'ਚ ਸੁਨੇਹਾ ਦੇ ਆਉ ਕਿ ਕੱਲ੍ਹ ਇਹ ਦ੍ਰਿਸ਼ ਫਿਲਮਾਇਆ ਜਾਵੇਗਾ ਅਤੇ ਹਰ ਕਿਸੇ ਨੂੰ ਸੌ ਰੁਪਇਆ ਦਿੱਤਾ ਜਾਵੇਗਾ।



ਪਛਾਣ ਮਿਲਣ ਦਾ ਆਪਣਾ ਜਾਦੂ ਹੁੰਦਾ ਹੈ। ਅਗਲੇ ਦਿਨ ਫ਼ਿਲਮ 'ਚ ਦਿਸਣ ਦੇ ਚਾਅ ਨਾਲ ਲੋਕਾਂ ਨੇ ਰਾਤੋ-ਰਾਤ ਬਸਤੀ ਸਾਫ਼ ਕਰ ਦਿੱਤੀ, ਕੱਪੜੇ ਧੋ ਕੇ ਸੁਕਾ ਲਏ। ਜਦੋਂ ਦ੍ਰਿਸ਼ ਫਿਲਮਾਉਣ ਵਾਲਾ ਅਮਲਾ ਪਹੁੰਚਿਆ ਤਾਂ ਕਿਸੇ ਦੇ ਚਿਹਰੇ 'ਤੇ ਬੇਵਸੀ, ਗ਼ਰੀਬੀ, ਮੰਦੇਹਾਲੀ ਆਦਿ ਦਾ ਨਾਂ-ਨਿਸ਼ਾਨ ਨਹੀਂ ਸੀ। ਉੱਥੇ ਹਜ਼ਾਰ ਲੋਕਾਂ ਦੇ ਚਮਕਦੇ, ਧੋਤੇ ਹੋਏ, ਨਿਖਰੇ ਚਿਹਰਿਆਂ 'ਤੇ ਇਕ ਕੰਨ ਤੋਂ ਦੂਜੇ ਕੰਨ ਤੱਕ ਮੁਸਕਰਾਹਟ ਫੈਲੀ ਹੋਈ ਸੀ। ਉਹ ਫ਼ਿਲਮੀ ਟੁਕੜੀ ਨੂੰ ਵੇਖ ਕੇ ਬੜੇ ਖ਼ੁਸ਼ ਹੋਏ ਪਰ ਫਿਲਮੀ ਟੁਕੜੀ, ਉਸ ਦ੍ਰਿਸ਼ ਨੂੰ ਵੇਖ ਕੇ ਉਦਾਸ ਸੀ ਕਿਉਂਕਿ ਜਿਹੜਾ ਦ੍ਰਿਸ਼ ਫਿਲਮਾਇਆ ਜਾਣਾ ਸੀ, ਉਹ ਦ੍ਰਿਸ਼ ਤਾਂ ਉਥੇ ਹੈ ਹੀ ਨਹੀਂ ਸੀ।

• ਨਰਿੰਦਰ ਸਿੰਘ ਕਪੂਰ, 98158-80435

ਪੀ.ਡੀ. ਸ਼ਰਮਾ

**ਪੁਰਾਤਨ ਸਮੇਂ ਵਿਚ ਰਿਸ਼ਤੇਦਾਰ ਸਿਰਫ਼ ਘਰ ਅਫ਼ਸੋਸ ਕਰਨ ਆਉਂਦੇ ਸਨ। ਉਨ੍ਹਾਂ ਨੂੰ ਆਂਢ-ਗੁਆਂਢ ਦੇ ਲੋਕਾਂ ਵੱਲੋਂ ਖਾਣਾ ਵਰਤਾਇਆ ਜਾਂਦਾ ਸੀ ਪਰ ਹੁਣ ਅਫ਼ਸੋਸ ਕਰਨ ਆਏ ਹਰ ਬੰਦੇ ਨੂੰ ਖਾਣਾ ਖਵਾਇਆ ਜਾਂਦਾ ਹੈ...**



# ਅਣਚਾਹੇ ਰਿਵਾਜਾਂ ਦਾ ਬੋਝ

ਜਾਨਵਰ ਆਪਣੇ ਸਾਥੀਆਂ ਦੀ ਮੌਤ ਦਾ ਸੋਗ ਮਨਾਉਂਦੇ ਹਨ ਪਰ ਮਨੁੱਖ ਜਸ਼ਨ ਮਨਾਉਂਦਾ ਹੈ। ਇਸ ਵਿਚ ਇਹ ਬੁਰਾਈ ਕਿਵੇਂ ਪਨਪ ਗਈ ਇਸ ਬਾਰੇ ਸ਼ਾਇਦ ਹੀ ਕੋਈ ਜਾਣਦਾ ਹੋਵੇ। ਇਕ ਵਿਅਕਤੀ ਕਿਵੇਂ ਸਾਥੀ ਅਤੇ ਰਿਸ਼ਤੇਦਾਰਾਂ ਦੀ ਮੌਤ 'ਤੇ ਵਧੀਆਂ ਕਿਸਮ ਦੇ ਖਾਣੇ ਬਣਾਉਂਦਾ ਹੈ ਜਿਵੇਂ ਘਰ ਵਿਚ ਕੋਈ ਖ਼ੁਸ਼ੀਆਂ ਭਰਿਆ ਮੌਕਾ ਹੋਵੇ ਪਰ ਇੱਥੇ ਸਥਿਤੀ ਕੁਝ ਹੋਰ ਹੀ ਹੈ। ਸਮਝਿਆ ਜਾਂਦਾ ਹੈ ਕਿ ਜਦੋਂ ਘਰ ਵਿਚ ਕੋਈ ਖ਼ੁਸ਼ੀ ਦਾ ਮੌਕਾ ਹੋਵੇ ਮਿੱਠਾ ਖਾਣਾ ਬਣਾਇਆ ਜਾਂਦਾ ਹੈ ਜੋ ਖ਼ੁਸ਼ੀ ਪ੍ਰਗਟ ਕਰਨ ਦਾ ਸਾਧਨ ਬਣਦਾ ਹੈ ਪਰ ਜਦੋਂ ਕੋਈ ਵਿਅਕਤੀ ਮਰ ਜਾਂਦਾ ਹੈ ਤਾਂ ਫਿਰ ਵੀ ਮਨੁੱਖ ਮਿਠਾਈਆਂ ਬਣਾਉਣਾ, ਵਧੀਆ ਖਾਣੇ-ਖਾਂਦਾ ਹੈ। ਇਸ ਸ਼ਰਮਨਾਕ ਪਰੰਪਰਾ ਨੂੰ ਮਾਨਵਤਾ ਦੀ ਕਿਹੜੀ ਸ਼੍ਰੇਣੀ ਵਿਚ ਰੱਖਿਆ ਜਾਵੇ? ਅੱਜ ਮਨੁੱਖ ਨੂੰ ਮਾਪਣ ਦਾ ਪੈਮਾਨਾ ਕਿੱਥੋਂ ਲਿਆਂਦਾ ਜਾਵੇ? ਇਸ ਦਾਅਵਤ ਦੇ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਢੰਗ ਵੀ ਹਨ। ਕਿਤੇ ਇਹ ਇੱਕੋ ਦਿਨ ਵਿਚ ਕੀਤਾ ਜਾਂਦਾ ਹੈ ਤੇ ਕਿਤੇ ਤੀਜੇ ਦਿਨ, ਕਿਤੇ ਇਹ ਬਾਰ੍ਹਵੇਂ ਦਿਨ ਹੁੰਦਾ ਹੈ।

ਕਈ ਥਾਵਾਂ ਸਮੇਤ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਭੋਜਨ ਦੀ ਰਸਮ ਸ਼ਮਸ਼ਾਨ ਘਾਟ ਤੋਂ ਹੀ ਸ਼ੁਰੂ ਹੋ ਜਾਂਦੀ ਹੈ ਜਿਸ ਨੂੰ ਸ਼ਾਇਦ ਸਾਡੇ ਸਮਾਜ ਵਿਚ ਕੌੜਾ ਵੱਟਾ ਦਾ ਨਾਂ ਦਿੱਤਾ ਹੋਇਆ ਹੈ। ਇਹ ਖਾਣਾ ਕੁੜਮਾ ਭਾਵ ਪੁੱਤਰਾਂ ਤੇ ਪੋਤਰਿਆਂ ਦੇ ਸਹੁਰਾ ਪਰਿਵਾਰ ਵੱਲੋਂ ਦਿੱਤੇ ਜਾਂਦੇ ਹਨ। ਕਈ ਇਲਾਕਿਆ ਵਿਚ ਤਾਂ ਲੋਕ ਹੱਦਾਂ ਹੀ ਟੱਪ ਗਏ ਹਨ । ਰਿਸ਼ਤੇਦਾਰਾਂ ਅਤੇ ਪਿੰਡ ਨੂੰ ਛੱਡੋ ਪਿੰਡ ਦੇ ਆਲੇ-ਦੁਆਲੇ ਦੇ ਲੋਕ ਉਸ ਖਾਣੇ 'ਤੇ ਟੁੱਟ ਪੈਂਦੇ ਹਨ। ਬਹੁਤ ਸਾਰੇ ਨੇੜਲੇ ਪਿੰਡਾਂ ਦੇ ਟਰੈਕਟਰ ਟਰਾਲੀਆਂ ਵਿਚ ਗਿਰਝਾਂ ਵਾਂਗ ਇਨ੍ਹਾਂ ਸਮਾਗਮਾਂ 'ਚ ਪੁੱਜਦੇ ਹਨ। ਸਮਾਜ ਦੇ ਬਜ਼ੁਰਗਾਂ ਨਾਲ ਗੱਲ ਕਰੀਏ ਤਾਂ ਉਨ੍ਹਾਂ ਵਿੱਚੋਂ ਕਈਆਂ ਨੇ ਕਿਹਾ ਕਿ ਇਹ ਪੁਰਾਤਨ ਸਮੇਂ ਵਿਚ ਸ਼ਾਇਦ ਨਹੀਂ ਸੀ। ਕੁਝ ਸਮਾਂ ਪਹਿਲਾਂ ਦੀ ਗੱਲ ਕਰੀਏ ਤਾਂ ਰਿਸ਼ਤੇਦਾਰ ਸਿਰਫ਼ ਘਰ ਅਫ਼ਸੋਸ ਕਰਨ ਆਉਂਦੇ ਤੇ ਉਨ੍ਹਾਂ ਨੂੰ ਆਂਢ-ਗੁਆਂਢ ਦੇ ਲੋਕਾਂ ਵੱਲੋਂ ਸਧਾਰਣ ਭੋਜਨ ਵਰਤਾਇਆ ਜਾਂਦਾ। ਮਰਗ ਵਾਲੇ ਘਰ ਬਾਰਾਂ ਦਿਨਾਂ ਲਈ ਕੋਈ ਭੋਜਨ ਨਹੀਂ ਸੀ ਬਣਦਾ। 13 ਵੇਂ ਦਿਨ ਕੁਝ ਰਸਮਾਂ ਕਰਨ ਉਪਰੰਤ ਪਰਿਵਾਰ ਨੂੰ ਮਰਨ ਵਾਲੇ ਵਿਅਕਤੀ ਦਾ ਗ਼ਮ ਵੰਡਣ ਲਈ ਉਸ ਦੀ ਸਹਾਇਤਾ ਕੀਤੀ ਜਾਂਦੀ ਸੀ।

ਅੱਜ ਜਿੱਥੇ ਮਰਨ ਵਾਲੇ ਵਿਅਕਤੀ ਦੀ ਬਿਮਾਰੀ 'ਤੇ ਲੱਖਾਂ ਰੁਪਏ ਖ਼ਰਚ ਕਰਨ ਉਪਰੰਤ ਉਹ ਕੰਗਾਲ ਹੋ ਚੁੱਕਾ ਹੁੰਦਾ ਹੈ। ਮਰਨ ਵੇਲੇ ਕਈ ਰਸਮਾਂ ਜਿਸ ਨੂੰ ਕੋਈ ਭਾਵੇਂ ਖ਼ੁਸ਼ੀ ਨਾਲ ਨਹੀਂ ਕਰਨਾ ਚਾਹੁੰਦਾ ਪਰ ਫਿਰ ਵੀ ਸਮਾਜਿਕ ਡਰ ਉਸ ਨੂੰ ਸਤਾਉਂਦਾ ਹੈ ਤਾਂ ਹੀ ਉਹ ਇਸ ਤਰ੍ਹਾਂ ਦੇ ਖ਼ਰਚ ਲਈ ਭੈਣਾਂ ਭਰਾਵਾਂ, ਰਿਸਤੇਦਾਰਾਂ ਜਾਂ ਫਿਰ ਦੋਸਤਾਂ ਤੋਂ ਕਰਜ਼ ਲੈ ਕੇ ਇਸ ਰਸਮ ਨੂੰ ਜਿਵੇਂ-ਤਿਵੇਂ ਨਿਭਾਉਂਦਾ ਹੈ। ਇਸ ਤਰ੍ਹਾਂ ਉਹ ਬਰਬਾਦੀ ਦੀ ਕਗਾਰ 'ਤੇ ਪੁੱਜ ਜਾਂਦਾ ਹੈ। ਸਿਰਫ਼ ਇੱਥੇ ਹੀ ਬੱਸ ਨਹੀਂ, ਕਈ ਵਾਰ ਤਾਂ ਹੋਰ ਕਈ ਕਿਸਮ ਦੇ ਸਮਾਜਿਕ ਰਿਵਾਜਾਂ ਦਾ ਬੋਝ ਉਸ ਨੂੰ ਜਾਣੇ ਅਣਜਾਣੇ



ਬੁਰਾਈ ਨੂੰ ਰੋਕਣ ਦੀ ਜ਼ਿੰਮੇਵਾਰੀ ਹੈ ਉਹ ਵੀ ਤਾਂ ਉਸ ਸਮੇਂ ਜਸ਼ਨ ਮਨਾ ਰਹੇ ਦੇਖੇ ਗਏ ਹਨ। ਇਸ ਮੌਕੇ 'ਤੇ ਕੱਪੜਿਆਂ ਦੇ ਲੈਣ-ਦੇਣ ਤੋਂ ਇਲਾਵਾ ਸੋਨੇ ਦੇ ਗਹਿਣੇ ਤਕ ਦਿੱਤੇ ਜਾਂਦੇ ਨੇ। ਮਾਂ-ਬਾਪ ਦੀ ਮੌਤ 'ਤੇ ਜੋ ਲੋਕ ਤਰ੍ਹਾਂ-ਤਰਾਂ ਦੇ ਪਕਵਾਨ ਬਣਾ ਕੇ ਪਰੋਸਦੇ ਹਨ ਉਨ੍ਹਾਂ ਨੂੰ ਪੁੱਛਿਆਂ ਜਾਵੇ ਕਿ ਮਾਂ ਤਾਂ ਸਿਰਫ਼ ਮਾਂ ਹੁੰਦੀ ਹੈ ਉਸ ਦੇ ਚਲੇ ਜਾਣ 'ਤੇ ਤਰ੍ਹਾਂ-ਤਰ੍ਹਾਂ ਦੇ ਪਕਵਾਨ ਪਰੋਸ ਕੇ ਉਹ ਸਮਾਜ ਵਿਚ ਕੀ ਸਾਬਿਤ ਕਰਨ ਦੀ ਕੋਸ਼ਿਸ ਕਰਦੇ ਹਨ। ਜਦੋਂ ਵੀ ਤੁਸੀਂ ਗੱਲ ਕਰਨੀ ਬੰਦ ਕਰ ਦਿੰਦੇ ਹੋ ਤਾਂ ਸਮਾਜ ਦੇ ਕਈ ਲੋਕ ਖੜ੍ਹੇ ਹੋ ਜਾਂਦੇ ਹਨ ਜੋ ਉਹ ਸੋਚਦੇ ਹਨ ਕਿ ਇਸ ਸਮੇਂ ਭੋਜਨ ਪਰੋਸਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦੀਆਂ ਦਲੀਲਾਂ

ਭਾਵਨਾਤਮਕ ਤਾਨਾਸ਼ਾਹੀ ਤੋਂ ਘੱਟ ਨਹੀਂ। ਇਹ ਲੋਕ ਕਹਿੰਦੇ ਹਨ, 'ਮਾਪਿਆਂ ਨੇ ਸਾਰੀ ਉਮਰ ਬੱਚਿਆਂ ਲਈ ਕਮਾਈ ਕੀਤੀ। ਕੀ ਬੱਚਿਆਂ ਦਾ ਫ਼ਰਜ਼ ਨਹੀਂ ਬਣਦਾ ਕਿ ਉਹ ਉਨ੍ਹਾਂ ਦੀ ਆਤਮਮਿਕ ਸ਼ਾਤੀ ਲਈ ਕੁਝ ਖ਼ਰਚਾ ਕਰਨ।' ਇਸ ਤਰ੍ਹਾਂ ਭਾਵਨਾਤਮਕ ਤਾਨਾਸ਼ਾਹੀ ਸ਼ੁਰੂ ਹੁੰਦੀ ਹੈ। ਉਸ ਸਮੇਂ ਭਾਵੇਂ ਗਿਆਨ ਵੰਡਣ ਵਾਲੇ ਦਾ ਪਿਤਾ ਘਰ ਦੇ ਕੋਨੇ ਵਿਚ ਭੁੱਖਾ ਪਿਆ ਹੋਵੇ ਪਰ ਇੱਥੇ ਆਪਣੇ ਗਿਆਨ ਨਾਲ ਦੂਜੇ ਦਾ ਘਰ ਰੋਸ਼ਨਾ ਰਿਹਾ ਹੁੰਦਾ ਹੈ। ਅਸਲੀਅਤ ਤਾਂ ਇਹ ਹੈ ਕਿ ਬਹੁਤ ਸਾਰੇ ਮਾਪੇ ਅੱਜ ਮਹਿੰਗਾਈ ਦੇ ਜ਼ਮਾਨੇ ਵਿਚ ਬੱਚਿਆਂ ਸਿਰ ਕਰਜ਼ੇ ਛੱਡ ਕੇ ਜਾ ਰਹੇ ਹਨ। ਇੱਥੋਂ ਤਕ ਕਿ ਉਸ ਦੀ ਜ਼ਿੰਦਗੀ ਦੀ ਕਮਾਈ ਕਈ ਵਾਰ ਇਨ੍ਹਾਂ ਸਮਾਜਿਕ ਕੁਰੀਤੀਆਂ ਦੀ ਭੇਂਟ ਚੜ੍ਹ ਜਾਂਦੀ ਹੈ। ਸਾਡਾ ਫ਼ਰਜ਼ ਹੈ ਅਸੀਂ ਜਿਉਂਦਿਆਂ ਮਾਪਿਆਂ ਦੀ ਸੇਵਾ ਕਰੀਏ ਪਰ ਅਸੀਂ ਅਜਿਹਾ ਨਹੀਂ ਕਰਦੇ। ਅਸੀਂ ਉਨ੍ਹਾਂ ਨਾਲ ਰਹਿੰਦੇ ਹਾਂ ਪਰ ਉਨ੍ਹਾਂ ਨਾਲ ਠੀਕ ਤਰ੍ਹਾਂ ਗੱਲ ਨਹੀਂ ਕਰਦੇ। ਉਹ ਖੰਗਦੇ ਰਹਿੰਦੇ ਹਨ, ਉੱਠ ਨਹੀਂ ਸਕਦੇ ਅਤੇ ਦਵਾਈ ਨਹੀਂ ਲੈ ਸਕਦੇ, ਅਸੀਂ ਉਨ੍ਹਾਂ ਦੀ ਕੋਈ ਸਹਾਇਤਾ ਨਹੀਂ ਕਰਦੇ ਤੇ ਜਦੋਂ ਉਹ ਸਾਡੇ ਵਿਚ ਨਹੀਂ ਰਹਿੰਦੇ ਤਾਂ ਉਨ੍ਹਾਂ ਦੀ ਯਾਦ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੂੰ ਖਾਣਾ ਖਵਾਉਂਦੇ ਹਾਂ।

ਕਈ ਵਾਰ ਲੋਕ ਇਹ ਵੀ ਕਹਿੰਦੇ ਸੁਣੇ ਗਏ ਹਨ ਕਿ ਅਸੀਂ ਵੀ ਤਾਂ ਉਨ੍ਹਾਂ ਦੇ ਮਰਗ ਸਮੇਂ ਖਾਣਾ ਖਾਧਾ ਸੀ। ਇਸ ਸੋਚ ਨੂੰ ਵੀ ਤਿਆਗਣਾ ਪਵੇਗਾ, ਨਹੀਂ ਤਾਂ ਉਹ ਗੱਲ ਹੋਵੇਗੀ ਕਿ ਪਹਿਲਾਂ ਮੁਰਗੀ ਆਈ ਜਾਂ ਆਂਡੇ। ਇਸ ਤਰ੍ਹਾਂ ਇਹ ਸਮੱਸਿਆ ਕਦੇ ਹੱਲ ਨਹੀਂ ਹੋਵੇਗੀ। ਸਮਾਜ ਦੇ ਠੇਕੇਦਾਰਾਂ ਨੂੰ ਸਮਝਣਾ ਚਾਹੀਦਾ ਹੈ ਕਿ ਇਸ ਬੁਰਾਈ ਜਿੰਨੀ ਜਲਦੀ ਖ਼ਤਮ ਕਰੋਗੇ ਉਨ੍ਹਾਂ ਹੀ ਚੰਗਾ ਹੈ। •

# ਸੱਭਿਅਕ ਸਮਾਜ ਦੀ ਸਿਰਜਣਾ

ਪ੍ਰਿੰਸ ਅਰੋੜਾ ਮਲੌਦ



ਧੀਆਂ ਅਤੇ ਪੁੱਤਰਾਂ ਵਿਚ ਸਦੀਆਂ ਤੋਂ ਹੋ ਰਿਹਾ ਫ਼ਰਕ ਬਾਦਸਤੂਰ ਜਾਰੀ ਹੈ। ਇਹ ਫ਼ਰਕ ਖਾਣ-ਪੀਣ, ਪਹਿਰਾਵਾ, ਘਰੇਲੂ ਕੰਮ, ਖੇਡਣ-ਕੁੱਦਣ ਹੈ। ਅਨੇਕਾਂ ਹੀ ਤਿੱਥ ਤਿਉਹਾਰ ਅਜਿਹੇ ਹਨ ਜਿਨ੍ਹਾਂ ਵਿਚ ਪੁਰਸ਼ ਸਲਾਮਤੀ ਲਈ ਘਰ ਦੀਆਂ ਧੀਆਂ ਅਤੇ ਔਰਤਾਂ ਲੰਬੀ ਉਮਰ ਅਤੇ ਖ਼ੁਸ਼ੀ ਲਈ ਦੁਆਵਾ ਕਰਦੀਆਂ ਹਨ। ਇਸ ਲਈ ਉਹ ਸਾਰਾ ਦਿਨ ਭੁੱਖੀਆਂ ਰਹਿੰਦੀਆਂ ਹਨ ਪ੍ਰੰਤੂ ਸਾਡੇ ਦੇਸ਼ ਵਿਚ ਅਜਿਹਾ ਕੋਈ ਵੀ ਤਿੱਥ ਤਿਉਹਾਰ ਨਹੀਂ ਜਿਸ ਵਿਚ ਧੀਆਂ ਦੇ ਸਤਿਕਾਰ, ਲੰਬੀ ਉਮਰ ਅਤੇ ਖ਼ੁਸ਼ੀਆਂ ਦੀ ਗੱਲ ਕੀਤੀ ਗਈ ਹੋਵੇ। ਘਰ ਪਰਿਵਾਰ ਵਿਚ ਰਹਿੰਦੇ ਹੋਏ ਧੀ ਨੂੰ ਬਚਪਨ ਤੋਂ ਹੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ ਅਤੇ ਤਰ੍ਹਾਂ-ਤਰ੍ਹਾਂ ਦੇ ਘਰੇਲੂ ਕੰਮਾਂ ਦੇ ਨਾਲ-ਨਾਲ ਸਮਾਜ ਵਿਚ ਰਹਿਣ-ਸਹਿਣ ਲਈ ਸੱਭਿਅਕ ਹੋਣ ਦਾ ਪਾਠ ਵੀ ਪੜ੍ਹਾਇਆ ਜਾਂਦਾ ਹੈ ਜਦਕਿ ਪੁੱਤਰਾਂ ਦੇ ਮਾਮਲੇ ਵਿਚ ਅਜਿਹਾ ਕੋਈ ਵੀ ਨਿਯਮ ਲਾਗੂ ਨਹੀਂ ਹੁੰਦਾ। ਅਜਿਹਾ ਕਰਨ ਨਾਲ ਜਿੱਥੇ ਬਚਪਨ ਤੋਂ ਹੀ ਪੁੱਤਰਾਂ ਨੂੰ ਪੁੱਠੇ ਸਿੱਧੇ ਕੰਮ ਕਰਨ ਦੀ ਖੁੱਲ੍ਹ ਮਿਲਦੀ ਹੈ ਉੱਥੇ ਹੀ ਅਜਿਹਾ ਵਰਤਾਰਾ ਸਮਾਜ ਲਈ ਵੀ ਘਾਤਕ ਸਾਬਿਤ ਹੁੰਦਾ ਹੈ। ਇਕ ਸੱਭਿਅਕ ਸਮਾਜ ਦੀ ਸਿਰਜਣਾ ਕਰਨ ਲਈ ਪਰਿਵਾਰ ਨੂੰ ਧੀਆਂ ਦੇ ਨਾਲ-ਨਾਲ ਪੁੱਤਰਾਂ ਨੂੰ ਵੀ ਚੰਗੇ ਸੰਸਕਾਰ ਦੇਣੇ ਚਾਹੀਦੇ ਹਨ।

ਅਖ਼ਬਾਰਾਂ ਵਿਚ ਧੀਆਂ ਨਾਲ ਬਦਸਲੂਕੀ, ਮਾਰ ਕੁਟਾਈ, ਤੰਗ ਪਰੇਸ਼ਾਨ ਕਰਨਾ, ਸਨੈਚਿੰਗ, ਮਾੜਾ ਵਿਵਹਾਰ ਕਰਨ ਦੀਆਂ ਖ਼ਬਰਾਂ ਆਮ ਹੀ ਛਪੀਆਂ ਹੁੰਦੀਆਂ ਹਨ। ਔਰਤਾਂ ਨਾਲ ਮਾੜੀ ਘਟਨਾ ਵਾਪਰਨ ਤੋਂ ਬਾਅਦ ਸੜਕਾਂ ਉੱਤੇ ਵੱਡੇ-ਵੱਡੇ ਅੰਦੋਲਨ ਹੁੰਦੇ ਹਨ। ਟੀ. ਵੀ ਅਤੇ ਸ਼ੋਸ਼ਲ ਮੀਡੀਆ ਉੱਤੇ ਨਾਅਰੇ ਮਾਰੇ ਜਾਂਦੇ ਹਨ ਕੁਝ ਦਿਨਾਂ ਬਾਅਦ ਸਥਿਤੀ ਜਿਉਂ ਦੀ ਤਿਉਂ ਹੀ ਹੋ ਜਾਂਦੀ ਹੈ। ਅਜਿਹਾ ਨਹੀਂ ਕਿ ਮਾੜੇ ਕੰਮ ਕਰਨ ਵਾਲੇ ਲੋਕ ਅਨਪੜ੍ਹ ਹੁੰਦੇ

**ਜ਼ਿੰਦਗੀ ਜਿਊਣ ਦਾ ਹੱਕ**

*ਪੁੱਤਰਾਂ ਦੇ ਨਾਲ-ਨਾਲ ਧੀਆਂ ਨੂੰ ਵੀ ਆਜ਼ਾਦੀ ਅਤੇ ਮਾਣ ਨਾਲ ਜ਼ਿੰਦਗੀ ਜਿਊਣ ਦਾ ਹੱਕ ਦੇਣਾ ਚਾਹੀਦਾ ਹੈ। ਧੀਆਂ ਅਤੇ ਪੁੱਤਰ ਇਕ ਸਮਾਨ ਹਨ। ਇਸ ਲਈ ਦੋਵਾਂ ਨੂੰ ਬਰਾਬਰ ਦੀ ਪਰਵਰਿਸ਼ ਅਤੇ ਸੰਸਕਾਰ ਦੇਣਾ ਮਾਪਿਆਂ ਦਾ ਮੁੱਢਲਾ ਫ਼ਰਜ਼ ਹੈ। ਅਜਿਹਾ ਕਰਕੇ ਅਸੀਂ ਇਕ ਨਰੋਏ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।*

ਚੰਗੇ ਘਰਾਂ ਦੇ ਮੁੰਡਿਆਂ ਵੱਲੋਂ ਵੀ ਅਜਿਹੇ ਮਾੜੇ ਕੰਮ ਕੀਤੇ ਜਾਂਦੇ ਹਨ। ਸ਼ਾਇਦ ਇਸ ਦਾ ਮੁੱਖ ਕਾਰਨ ਉਨ੍ਹਾਂ ਨੂੰ ਘਰ ਤੋਂ ਲੋੜ ਤੋਂ ਵੱਧ ਖੁੱਲ੍ਹ ਅਤੇ ਚੰਗੇ ਸੰਸਕਾਰ ਨਾ ਦੇਣਾ ਹੈ। ਬਚਪਨ ਤੋਂ ਹੀ ਪੁੱਤਰਾਂ ਨੂੰ ਧੀਆਂ, ਔਰਤਾਂ ਦਾ ਸਤਿਕਾਰ ਕਰਨ ਅਤੇ ਚੰਗਾ ਵਿਵਹਾਰ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਜੋ ਇਕ ਸੱਭਿਅਕ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

ਸਮੇਂ ਦੇ ਬਦਲਣ ਨਾਲ ਹੌਲੀ-ਹੌਲੀ ਲੋਕਾਂ ਦੀ ਸੋਚ ਬਦਲ ਰਹੀ ਹੈ। ਅੱਜ ਧੀਆਂ ਉੱਚ ਸਿੱਖਿਆ ਪ੍ਰਾਪਤ ਕਰਕੇ ਵੱਡੇ ਤੋਂ ਵੱਡੇ ਅਤੇ ਦੇਸ਼ ਦਾ ਨਾਂ ਉੱਚਾ ਕਰ ਰਹੀਆਂ ਹਨ। ਮਾਪਿਆਂ ਵੱਲੋਂ ਧੀਆਂ ਦੇ ਨਾਲ-ਨਾਲ ਪੁੱਤਰਾਂ ਨੂੰ ਵੀ ਇਹ ਸਿੱਖਿਆ ਦੇਣੀ ਚਾਹੀਦੀ ਹੈ ਕਿ ਉਹ ਘਰ ਦੇ ਨਾਲ-ਨਾਲ ਬਾਹਰ ਦੇ ਲੋਕਾਂ ਨਾਲ ਚੰਗਾ ਵਿਵਹਾਰ ਕਰਨ। ਹਰ ਔਰਤ ਨੂੰ ਬਣਦਾ ਮਾਣ-ਸਤਿਕਾਰ ਦੇਣਾ ਉਨ੍ਹਾਂ ਦਾ ਫ਼ਰਜ਼ ਹੋਣਾ ਚਾਹੀਦਾ ਹੈ।

ਮਾਪਿਆਂ ਵੱਲੋਂ ਆਪਣੇ ਬੱਚਿਆਂ ਨੂੰ ਚੰਗੀ ਖ਼ੁਰਾਕ, ਚੰਗੀ ਸਿੱਖਿਆ ਅਤੇ ਵਧੀਆ ਜ਼ਿੰਦਗੀ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਘਰ ਵਿਚ ਧੀਆਂ ਨਾਲੋਂ ਪੁੱਤਰਾਂ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਮਾਂ ਬਾਪ ਨੂੰ ਜ਼ਿੰਦਗੀ ਨਾਲ ਕਈ ਸਮਝੌਤੇ ਕਰਨੇ ਪੈਂਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਆਪਣੇ ਪੁੱਤਰਾਂ ਨੂੰ ਸਾਰੀਆਂ ਸਹੂਲਤਾਂ ਦੇ ਨਾਲ-ਨਾਲ ਚੰਗੇ ਸੰਸਕਾਰ ਵੀ ਦੇਣ ਕਿਉਂਕਿ ਜਦ ਵੀ ਪੁੱਤਰਾਂ ਵੱਲੋਂ ਕੋਈ ਚੰਗਾ ਜਾਂ ਮਾੜਾ ਕੰਮ ਕੀਤਾ ਜਾਂਦਾ ਹੈ ਤਾਂ ਉਸ ਨਾਲ ਮਾਂ ਬਾਪ ਦੀ ਇੱਜ਼ਤ ਵੀ ਜੁੜੀ ਹੁੰਦੀ ਹੈ।ਸਕੂਲੀ ਪਾਠਕ੍ਰਮ ਦੇ ਵਿਚ ਚੰਗੇ ਸੰਸਕਾਰਾਂ ਦੀ ਸਿੱਖਿਆ ਨੂੰ ਸ਼ਾਮਿਲ ਕਰਨਾ ਅੱਜ ਦੇ ਸਮੇਂ ਦੀ ਮੁੱਖ ਮੰਗ ਹੈ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਮਾਂ ਬਾਪ, ਘਰ ਪਰਿਵਾਰ ਅਤੇ ਆਪਣੇ ਤੋਂ ਵੱਡਿਆਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਅਜਿਹੀ ਨੈਤਿਕ ਸਿੱਖਿਆ ਜਿੱਥੇ ਇਕ ਸੱਭਿਅਕ ਸਮਾਜ ਦੀ ਸਿਰਜਣਾ ਕਰਨ ਵਿਚ ਲਾਹੇਵੰਦ ਹੋਵੇਗੀ ਉੱਥੇ ਹੀ ਪੁੱਤਰਾਂ ਦੇ ਨਾਲ-ਨਾਲ ਧੀਆਂ ਨੂੰ ਵੀ ਆਜ਼ਾਦੀ ਅਤੇ ਮਾਣ ਨਾਲ ਜ਼ਿੰਦਗੀ ਜਿਊਣ ਦਾ ਹੱਕ ਪ੍ਰਦਾਨ ਕਰੇਗੀ। •

# ਹੜ੍ਹ ਤੋਂ ਪ੍ਰਭਾਵਤ ਲੋਕਾਂ ਦੀ ਹਰ ਸੰਭਵ ਸਹਾਇਤਾ ਕਰ ਰਹੀ ਹੈ ਪੰਜਾਬ ਸਰਕਾਰ: ਜੌੜਾਮਾਜਰਾ

**➢ ਜੌੜਾਮਾਜਰਾ ਵੱਲੋਂ ਹਰੀਪੁਰ, ਹਾਸ਼ਮਪੁਰ ਮਾਂਗਟਾਂ ਤੇ ਸਸੀ ਬ੍ਰਾਹਮਣਾ ਵਿਖੇ ਰਾਸ਼ਨ ਕਿੱਟਾਂ ਤੇ ਪਸ਼ੂਆਂ ਲਈ ਚਾਰਾ ਕਸੀਮ ➢ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰੇਗੀ ਪੰਜਾਬ ਸਰਕਾਰ**

**ਪਟਿਆਲਾ/ਸਮਾਣਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਤੋਂ ਵਿਧਾਇਕ ਸ. ਚੇਤਨ ਸਿੰਘ ਜੌੜਾਮਾਜਰਾ ਨੇ ਘੱਗਰ ਦੇ ਪਾਣੀ 'ਚ ਘਿਰੇ ਪਿੰਡਾਂ ਹਰੀਪੁਰ, ਹਾਸ਼ਮਪੁਰ ਮਾਂਗਟਾਂ ਤੇ ਸਸੀ ਬ੍ਰਾਹਮਣਾ ਵਿਖੇ ਪਿੰਡ ਦੇ ਵਸਨੀਕਾਂ ਨੂੰ ਰਾਸ਼ਨ ਕਿੱਟਾਂ ਤੇ ਪਸ਼ੂਆਂ ਲਈ ਚਾਰਾ ਤੇ ਸਾਈਲੇਜ ਤਕਸੀਮ ਕੀਤਾ। ਇਸ ਮੌਕੇ ਉਨ੍ਹਾਂ ਨੇ ਲੋਕਾਂ ਨਾਲ ਗੱਲਬਾਤ ਕਰਦਿਆਂ ਜਿੱਥੇ ਉਨ੍ਹਾਂ ਦੀ ਸੁੱਖ-ਸਾਂਦ ਪੁੱਛੀ ਉਥੇ ਹੀ ਮਾਲ-ਡੰਗਰ ਤੇ ਫ਼ਸਲਵਾੜੀ ਬਾਬਤ ਵੀ ਹਾਲ-ਚਾਲ ਜਾਣਿਆ। ਜੌੜਾਮਾਜਰਾ ਨੇ ਲੋਕਾਂ ਦਾ ਦੁੱਖ ਵੰਡਾਉਂਦਿਆਂ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ ਸਹਾਇਤਾ ਕਰੇਗੀ।



ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਹੜ੍ਹ ਦੇ ਪਾਣੀ 'ਚ ਘਿਰੇ ਪਿੰਡਾਂ ਵਿਖੇ ਵਰਤੋਂ ਦਾ ਸਮਾਨ ਤਕਸੀਮ ਕਰਦੇ ਹੋਏ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਹੀ ਇਹ ਐਲਾਨ ਕਰ ਚੁੱਕੇ ਹਨ, ਕਿ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਨੁਕਸਾਨ ਦਾ ਇੱਕ-ਇੱਕ ਪੈਸਾ ਮੁਆਵਜੇ ਵਜੋਂ ਦਿੱਤਾ ਜਾਵੇਗਾ। ਇਸ ਤੋਂ ਬਿਨ੍ਹਾਂ ਮੁੱਖ ਮੰਤਰੀ ਨੇ ਜ਼ਿਲ੍ਹੇ ਵਿੱਚ ਭਾਰੀ ਮੀਂਹ ਸਮੇਤ ਘੱਗਰ ਤੇ ਹੋਰ ਦਰਿਆਵਾਂ ਦੇ ਪਾਣੀ ਕਰਕੇ ਹੜ੍ਹਾ ਨਾਲ ਹੋਏ ਫ਼ਸਲਾਂ, ਘਰਾਂ ਅਤੇ ਹੋਰ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਪਹਿਲਾਂ ਹੀ ਜਾਰੀ ਕੀਤੇ ਹੋਏ ਹਨ ਅਤੇ ਅੱਜ ਕੈਬਨਿਟ ਮੀਟਿੰਗ ਕਰਕੇ ਜਿਸਦਾ ਖੇਤ ਉਸਦੀ ਰੇਤ ਨੀਤੀ ਸਮੇਤ ਹੋਰ ਵੱਡੀ ਪੱਧਰ 'ਤੇ ਮੁਆਵਜਾ ਦੇਣ ਦਾ ਵੀ ਐਲਾਨ ਕਰ ਦਿੱਤਾ ਹੈ।

ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਨਦੀਆਂ 'ਚ ਆਏ ਪਾਣੀ ਨੇ ਪਟਿਆਲਾ ਜ਼ਿਲ੍ਹੇ ਦੇ ਕਈ ਪਿੰਡਾਂ ਅੰਦਰ ਵੀ ਘਰਾਂ ਸਮੇਤ ਫ਼ਸਲਾਂ ਦਾ ਭਾਰੀ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਹੁਕਮਾਂ 'ਤੇ ਪਹਿਰਾ ਦਿੰਦਿਆਂ ਹੜ੍ਹ ਪੀੜਤਾਂ ਦੀਆਂ ਤਕਲੀਫ਼ਾਂ ਨੂੰ ਘਟਾ ਕੇ ਛੇਤੀ ਰਾਹਤ ਦੇਣ ਲਈ ਉਨ੍ਹਾਂ ਸਮੇਤ ਸਾਰੇ ਮੰਤਰੀ, ਵਿਧਾਇਕ, ਅਧਿਕਾਰੀ ਤੇ ਕਰਮਚਾਰੀ ਦਿਨ ਰਾਤ ਇੱਕ ਕਰਕੇ ਹੜ੍ਹ ਪੀੜਤਾਂ ਦੀ ਸਾਰ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਆਪਣੇ ਲੋਕਾਂ ਦੇ ਨਾਲ ਡਟ ਕੇ ਖੜ੍ਹੀ ਹੈ।

ਇਸ ਮੌਕੇ ਐਸ ਡੀ ਐਮ ਹਰਜੋਤ ਕੌਰ ਮਾਵੀ, ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਬੀ.ਡੀ.ਪੀ.ਓ. ਸੁਖਵਿੰਦਰ ਸਿੰਘ ਟਿਵਾਣਾ, ਡਰੇਨੇਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਸਮੇਤ ਸਰਪੰਚ ਤੇ ਹੋਰ ਪਤਵੰਤੇ ਹਾਜ਼ਰ ਸਨ।

# ਐਸ.ਡੀ.ਐਮ ਪਟਿਆਲਾ ਤੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਵੱਲੋਂ ਹਾਂਸੀ-ਬੁਟਾਣਾ ਨਹਿਰ ਦਾ ਜਾਇਜ਼ਾ

**➢ ਹਾਂਸੀ ਬੁਟਾਣਾ ਨਹਿਰ ਘੱਗਰ ਤੇ ਸਹਾਇਕ ਨਦੀਆਂ ਦੇ ਕੁਦਰਤੀ ਵਹਾਅ ਨੂੰ ਲਾਈ ਡਾਫ਼ ਨੇ ਜ਼ਿਲ੍ਹੇ ਦੇ ਕਈ ਪਿੰਡਾਂ ਲਈ ਹੜ੍ਹਾਂ ਦਾ ਖ਼ਤਰਾ ਵਧਾਇਆ ➢ ਪਿੰਡ ਸੱਸੀ ਬ੍ਰਾਹਮਣ, ਸੱਸੀ ਗੁੱਜਰਾਂ, ਧਰਮਹੇੜੀ, ਹਾਸ਼ਮਪੁਰ ਮਾਂਗਟਾਂ, ਭਵਨਪੁਰ ਅਤੇ ਸੱਸੀ ਥੇਹ ਸਭ ਤੋਂ ਵੱਧ ਪ੍ਰਭਾਵਿਤ**



**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਐਸ.ਡੀ.ਐਮ ਹਰਜੋਤ ਕੌਰ ਮਾਵੀ ਤੇ ਡਰੇਨੇਜ ਵਿਭਾਗ ਕੇ ਕਾਰਜਕਾਰੀ ? ਇੰਜੀਨੀਅਰ ਪ੍ਰਥਮ ਗੰਭੀਰ ਨੇ ਘੱਗਰ ਤੇ ਇਸ ਦੀਆਂ ਸਹਾਇਕ ਨਦੀਆਂ ਦੇ ਕੁਦਰਤੀ ਵਹਾਅ ਲਈ ਰੁਕਾਵਟ ਪੈਦਾ ਕਰ ਰਹੀ ਪੰਜਾਬ ਦੀ ਬਿਨਾਂ ਲਾਜ਼ਮੀ ਪ੍ਰਵਾਨਗੀ ਦੇ ਪੰਜਾਬ-ਹਰਿਆਣਾ ਸਰਹੱਦ 'ਤੇ ਹਰਿਆਣਾ ਵੱਲੋਂ ਉਸਾਰੀ ਗਈ ਹਾਂਸੀ-ਬੁਟਾਣਾ ਨਹਿਰ ਦਾ ਚੀਕਾ ਰੋਡ ਨੇੜੇ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲਿਆ।

ਐਸ.ਡੀ.ਐਮ. ਹਰਜੋਤ ਕੌਰ ਨੇ ਕਿਹਾ ਕਿ ਹਾਂਸੀ ਬੁਟਾਣਾ ਦੀ ਰੁਕਾਵਟ ਕਰਕੇ ਪਟਿਆਲਾ ਜ਼ਿਲ੍ਹੇ ਦੇ ਕਈ ਪਿੰਡਾਂ ਲਈ ਹੜ੍ਹਾਂ ਦੀ ਗੰਭੀਰ ਚਿੰਤਾ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਨਹਿਰ ਘੱਗਰ ਅਤੇ ਇਸ ਦੀਆਂ ਸਹਾਇਕ ਨਦੀਆਂ ਦੇ ਕੁਦਰਤੀ ਹੜ੍ਹਾਂ ਦੇ ਵਹਾਅ ਵਿੱਚ ਰੁਕਾਵਟ ਪਾਉਣ ਕਰਕੇ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਡੁੱਬਣ ਦਾ ਉੱਚ ਜੋਖਮ ਪੈਦਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਗਏ ਮੁਲਾਂਕਣ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਪਿੰਡ ਸੱਸੀ ਬ੍ਰਾਹਮਣ, ਸੱਸੀ ਗੁੱਜਰਾਂ, ਧਰਮਹੇੜੀ, ਹਾਸ਼ਮਪੁਰ ਮਾਂਗਟਾਂ, ਭਵਨਪੁਰ ਅਤੇ ਸੱਸੀ ਥੇਹ ਡੁੱਬਦੇ ਹੋਣ ਕਰਕੇ ਸਭ ਤੋਂ ਵੱਧ ਪ੍ਰਭਾਵਿਤ ਪਿੰਡ ਹਨ।

ਐਸਡੀਐਮ ਪਟਿਆਲਾ ਹਰਜੋਤ ਕੌਰ ਨੇ ਕਿਹਾ, "ਨਹਿਰ ਕਾਰਨ ਪੈਦਾ ਹੋਈ ਰੁਕਾਵਟ ਨੇ ਇਨ੍ਹਾਂ ਪਿੰਡਾਂ ਵਿੱਚ ਹੜ੍ਹਾਂ ਦੀ ਸਥਿਤੀ ਨੂੰ ਹੋਰ ਵੀ ਵਿਗਾੜ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਜ਼ਮੀਨੀ ਹਾਲਾਤ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਪ੍ਰਭਾਵਿਤ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ।"

ਡਰੇਨੇਜ ਦੇ ਐਕਸੀਐਨ ਪ੍ਰਥਮ ਗੰਭੀਰ ਨੇ ਕਿਹਾ ਕਿ 2023 ਦੇ ਹੜ੍ਹਾਂ ਦੌਰਾਨ ਵੀ ਹਾਂਸੀ-ਬੁਟਾਣਾ ਸਾਈਫਨ 'ਤੇ ਰੁਕਾਵਟ ਨੇ ਪਟਿਆਲਾ ਜ਼ਿਲ੍ਹੇ ਦੇ ਸਮਾਣਾ ਅਤੇ ਨਾਲ ਲੱਗਦੇ ਪਿੰਡਾਂ ਵਿੱਚ ਸਥਿਤੀ ਨੂੰ ਹੋਰ ਵਿਗਾੜ ਦਿੱਤਾ ਸੀ, ਜਿਸ ਨਾਲ ਫਸਲਾਂ, ਜਾਇਦਾਦ ਅਤੇ ਜਨਤਕ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਿਆ ਸੀ।ਇਸ ਮੌਕੇ ਬੀਡੀਪੀਓ ਸੁਖਵਿੰਦਰ ਸਿੰਘ ਟਿਵਾਣਾ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# 160 ਨਸ਼ੀਲੀਆਂ ਗੋਲੀਆਂ ਸਮੇਤ 2 ਅੜਿੱਕੇ

**ਪਾਤੜਾਂ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਬਡਵੀਜ਼ਨ ਪਾਤੜਾਂ ਦੇ ਕਸਬਾ ਘੱਗਾ ਪੁਲਸ ਨੇ 2 ਵਿਅਕਤੀਆਂ ਨੂੰ ਨਸ਼ੇ ਵਾਲੀਆਂ 160 ਗੋਲੀਆਂ ਸਮੇਤ ਕਾਬੂ ਕਰਨ ਦਾ ਦਾਅਵਾ ਕੀਤਾ ਹੈ।

ਜਾਣਕਾਰੀ ਅਨੁਸਾਰ ਥਾਣਾ ਘੱਗਾ ਦੇ ਇੰਚਾਰਜ ਸਬ ਇੰਸਪੈਕਟਰ ਪਵਿੱਤਰ ਸਿੰਘ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਸ਼ੇਰ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਬੂਟਾ ਸਿੰਘ ਵਾਲਾ ਮੋੜ ਘੱਗਾ ਨਜ਼ਦੀਕ ਮੌਜੂਦ ਸੀ । ਜਿਥੇ ਉਨ੍ਹਾਂ 2 ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਚੈੱਕ ਕਰਨ 'ਤੇ ਉਨ੍ਹਾਂ ਪਾਸੋਂ ਨਸ਼ੇ ਵਾਲੀਆਂ 160 ਗੋਲੀਆਂ ਬਰਾਮਦ ਕਰਕੇ ਗਿਰਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।

ਕਥਿਤ ਦੋਸ਼ੀਆਨ ਦੀ ਪਛਾਣ ਸਲੀਮ ਖਾਨ ਅਤੇ ਜਸਵਿੰਦਰ ਸਿੰਘ ਵਾਸੀ ਪਿੰਡ ਘੱਗਾ ਵਜੋਂ ਹੋਈ ਹੈ।

ਪੁਲਸ ਨੇ ਕਥਿਤ ਦੋਸ਼ੀਆਨ ਖਿਲਾਫ ਮੁਕੱਦਮਾ ਨੰਬਰ 94, ਮਿਤੀ 6-9-2025, ਧਾਰਾ 22/61/85 ਐਨ ਡੀ ਪੀ ਐਸ ਐਕਟ ਤਹਿਤ ਥਾਣਾ ਘੱਗਾ ਵਿਖੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਕਾਰਨ ਮਰੇ ਪਸ਼ੂਆਂ ਨੂੰ ਦਫਨਾਉਣ ਲਈ ਵਿਸ਼ੇਸ਼ ਉਪਰਾਲਾ




**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਲਗੀਧਰ ਟਰੱਸਟ ਗੁਰਦਵਾਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ। ਕਲਗੀਧਰ ਟਰੱਸਟ ਬੜੂ ਸਾਹਿਬ ਦੇ ਉੱਪ-ਪ੍ਰਧਾਨ ਭਾਈ ਜਗਜੀਤ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਕਿਹਾ ਗਿਆ ਕਿ ਹੜ੍ਹਾਂ ਦੀ ਮਾਰ ਕਰਕੇ ਪਿੰਡਾਂ ਵਿੱਚ ਮਨੁੱਖਤਾ ਅਤੇ ਪਸ਼ੂਆਂ ਵਿੱਚ ਬਿਮਾਰੀਆਂ ਫੈਲ ਸਕਦੀਆਂ ਹਨ ਇਸੇ ਤਹਿਤ ਹੜ੍ਹ ਦੇ ਪਾਣੀਆਂ ਦਾ ਪੱਧਰ ਘਟਣ ਕਰਕੇ ਜੋ ਮਾਲ ਪਸ਼ੂਆਂ ਦੀ ਮੌਤ ਹੋ ਗਈ ਸੀ। ਓਹਨਾ ਨੂੰ ਦਫਨਾਉਣ ਦਾ ਕਾਰਜ ਅਕਾਲ ਸੇਵਾ ਟੀਮ ਕਰ ਰਹੀ ਹੈ। ਅਨੇਕਾਂ ਹੀ ਪਸ਼ੂਆਂ ਨੂੰ ਟੋਏ ਪੁੱਟ ਕੇ ਓਹਨਾ ਨੂੰ ਦਫ਼ਨਾਇਆ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਬਿਮਾਰੀਆਂ ਘੱਟ ਫੈਲਣਗੀਆਂ। ਟਰੱਸਟ ਵੱਲੋਂ ਇਸ ਸੇਵਾ ਦੇ ਨਾਲ ਨਾਲ ਅੰਮ੍ਰਿਤਸਰ ਜ਼ਿਲੇ ਦੀ ਤਹਿਸੀਲ ਅਜਨਾਲਾ ਅਧੀਨ ਪੈਂਦੇ ਪਿੰਡ ਡਬਰ, ਹਰੜ ਕਲਾਂ, ਬਸਤੀ ਜਗੀਵਾਲ ਅਤੇ ਪਿੰਡ ਸਾਰਗਦੇਵ, ਗੁਰਦਾਸਪੁਰ ਜ਼ਿਲ੍ਹੇ ਦੀ ਤਹਿਸੀਲ ਡੇਰਾ ਬਾਬਾ ਨਾਨਕ ਫਰੀ ਮੈਡੀਕਲ ਕੈਂਪ ਜਗਤਜੀਤ ਇੰਡਸਟਰੀ ਚੀਮਾ ਦੇ ਸਹਿਯੋਗ ਨਾਲ ਲਗਾਇਆ ਗਿਆ। ਜਿਸ ਵਿੱਚ 8 ਡਾਕਟਰ ਅਤੇ 12 ਵੈਟਨਰੀ ਡਾਕਟਰ ਮੌਜੂਦ ਸਨ। ਇਸ ਮੌਕੇ ਜਾਣਕਾਰੀ ਦਿੰਦੇ ਦੱਸਿਆ ਕਿ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਫਾਜ਼ਿਲਕਾ ਅਤੇ ਫਿਰੋਜਪੁਰ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ ਆਉਂਣ ਵਾਲੇ ਦਿਨਾਂ ਵਿੱਚ ਮੈਡੀਕਲ ਕੈਂਪ ਇਸੇ ਤਰ੍ਹਾਂ ਹੀ ਲਗਾਏ ਜਾਣਗੇ। ਜਿਕਰਯੋਗ ਹੈ ਕਿ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਫਾਜ਼ਿਲਕਾ ਅਤੇ ਫਿਰੋਜਪੁਰ ਜ਼ਿਲ੍ਹੇ ਦੇ ਕਈ ਪਿੰਡਾਂ 'ਚ ਟਰੱਸਟ ਵੱਲੋਂ ਹੜ੍ਹ ਪੀੜਤਾਂ ਦੇ ਰਾਹਤ ਕਾਰਜਾਂ ਲਈ ÷ਹੜ੍ਹ ਪੀੜਤ ਰਾਹਤ ਕੈਂਪ÷ ਬਣਾਏ ਗਏ ਹਨ, ਜੋ ਕਿ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹੇ ਲਈ ਅਕਾਲ ਅਕੈਡਮੀ ਤਿੱਬੜ, ਦੀਨਾਨਗਰ, ਸੁਜਾਨਪੁਰ ਅਤੇ ਡੇਰਾ ਬਾਬਾ ਨਾਨਕ ਵਿਖੇ, ਅੰਮ੍ਰਿਤਸਰ ਜ਼ਿਲੇ ਲਈ ਅਕਾਲ ਅਕੈਡਮੀ ਵਛੋਆ ਅਤੇ ਅਕਾਲ ਅਕੈਡਮੀ ਦਦੇਹਰ ਸਾਹਿਬ ਵਿਖੇ ਅਤੇ ਫਾਜ਼ਿਲਕਾ ਜ਼ਿਲ੍ਹੇ ਵਿੱਚ ਅਕਾਲ ਅਕੈਡਮੀ ਥੇਹ ਕਲੰਦਰ ਵਿਖੇ ਕੈਂਪ ਬਣਾਇਆ ਗਿਆ। ਜਿਥੋਂ ਨੇੜੇ ਦੇ ਹੜ੍ਹ ਪ੍ਰਵਾਭਿਤ ਇਲਾਕਿਆਂ ਵਿੱਚ ਅਤੇ ਢਾਣੀਆਂ ਵਿੱਚ ਕਿਸ਼ਤੀ ਰਾਹੀਂ ਹੜ੍ਹ ਪੀੜਤਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਇਹਨਾਂ ਕੈਂਪਾਂ ਤੋਂ ਹੜ੍ਹ ਪੀੜਤਾਂ ਨੂੰ ਘਰੋਂ-ਘਰੀ ਲੰਗਰ, ਦੁੱਧ, ਪਾਣੀ, ਰਾਹਤ ਕਿੱਟਾਂ, ਪਸ਼ੂਆਂ ਲਈ ਚਾਰਾ, ਫੀਡ ਆਦਿ ਲੈ ਕੇ ਬੇੜੀਆਂ ਰਾਹੀਂ ਵੰਡਿਆ ਜਾ ਰਿਹਾ ਹੈ। ਹੁਣ ਤੱਕ ਲਗਪਗ 153 ਪਿੰਡਾਂ ਵਿੱਚੋਂ 5500 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ। ਇਥੇ ਜਿਕਰਯੋਗ ਹੈ ਕਿ ਦੇਸ਼ ਵਿੱਚ ਜਦੋ ਵੀ ਕੁਦਰਤੀ ਆਫ਼ਤਾਂ ਆਉਦੀਆਂ ਹਨ ਤਾ ਟਰੱਸਟ ਦੀ ਅਕਾਲ ਸੇਵਾ ਟੀਮ ਵੱਲੋਂ ਨਿਧੜਕ ਹੋ ਕੇ ਹੜ੍ਹ ਪੀੜਤਾਂ ਦੀ ਸੇਵਾ ਲਈ ਤਤਪਰ ਰਹਿੰਦੇ ਹਨ।

# ਭਾਨਰੀ 'ਚ ਕੈਂਸਰ ਤੇ ਅੱਖਾਂ ਦੀ ਜਾਂਚ ਦਾ ਕੈਂਪ ਲਾਇਆ

**336 ਵਿਅਕਤੀਆਂ ਦੀ ਕੀਤੀ ਜਾਂਚ 20 ਜਣਿਆਂ ਦੇ ਪਾਏ ਲੈਂਜ**

**ਪਟਿਆਲਾ, 12 ਸਤੰਬਰ**
**-ਰਣਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਗ੍ਰਾਮ ਪੰਚਾਇਤ ਤੇ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਭਾਨਰੀ ਦੇ ਸਹਿਯੋਗ ਨਾਲ ਪਿੰਡ ਭਾਨਰੀ ਦੇ ਗੁਰਦੁਆਰਾ ਸਾਹਿਬ ਵਿੱਚ ਕੈਂਸਰ ਜਾਂਚ, ਜਾਗਰੂਕਤਾ ਕੈਂਪ ਤੇ ਅੱਖਾਂ ਦੀ ਜਾਂਚ ਦਾ ਕੈਂਪ ਲਗਾਇਆ ਗਿਆ। ਕੈਂਪ ਦੌਰਾਨ 336 ਵਿਅਕਤੀਆਂ ਦੀ ਜਾਂਚ ਕੀਤੀ ਗਈ ਜਦੋਂ ਕਿ 20 ਮਰੀਜ਼ਾਂ ਦੀਆਂ ਅੱਖਾਂ ਵਿੱਚ ਲੈਂਜ ਪਾਏ ਗਏ।



ਪਿੰਡ ਭਾਨਰੀ ਵਿਖੇ ਲਗਾਏ ਗਏ ਮੈਡੀਕਲ ਕੈਂਪ ਦਾ ਉਦਘਾਟਨ ਕਰਨ ਸਮੇਂ ਵਿਧਾਇਕ ਚੇਤਨ ਸਿੰਘ ਜੋੜੇਮਾਜਰਾ ਨਾਲ ਹਨ ਹੋਰ ਪਤਵੰਤੇ (

ਇਸ ਮੌਕੇ ਮੁਹਾਰਾਂ ਵੱਲੋਂ ਇਕੱਠੇ ਹੋਏ ਲੋਕਾਂ ਨੂੰ ਸਿਹਤ ਸਬੰਧੀ ਜਾਗਰੂਕ ਕੀਤਾ ਗਿਆ। ਕੈਂਪ ਦਾ ਉਦਘਾਟਨ ਹਲਕਾ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕੀਤਾ ਜਦੋਂ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰਸਟ ਦੇ ਚੇਅਰਮੈਨ ਤੇ ਸਾਬਕਾ ਪੁਲਿਸ ਅਧਿਕਾਰੀ ਜੱਸਾ ਸਿੰਘ ਸੰਧੂ ਨੇ ਕੈਂਪ ਦੀ ਸ਼ੁਰੂਆਤ ਕੀਤੀ।

ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਮਾਰਕੀਟ ਕਮੇਟੀ ਸਮਾਣਾ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਨੇ ਸ਼ਮੂਲੀਅਤ ਕੀਤੀ। ਕੈਂਪ ਦੀ ਪ੍ਰਧਾਨਗੀ ਡੀ ਐਸ ਜੀ ਪੇਪਰ ਮਿਲ ਭਾਨਰੀ ਦੇ ਐਮ ਡੀ ਮਨੋਜ ਕੁਮਾਰ ਨੇ ਕੀਤੀ। ਇਸ ਮੌਕੇ ਸਾਬਕਾ ਸਰਪੰਚ ਤੇ ਅਕਾਲੀ ਆਗੂ ਮਨਪ੍ਰੀਤ ਸਿੰਘ ਸਵਾਜਪੁਰ, ਸਮਾਜ ਸੇਵੀ ਤੇ ਕਾਰੋਬਾਰੀ ਗੁਰਧਿਆਨ ਸਿੰਘ ਭਾਨਰੀ, ਜਰਨੈਲ ਸਿੰਘ ਸਰਪੰਚ ਭਾਨਰੀ, ਅਮਰੀਕ ਸਿੰਘ ਭਾਨਰੀ, ਜਸਬੀਰ ਸਿੰਘ ਪੰਚ, ਗੁਰਵਿੰਦਰ ਸਿੰਘ ਪੰਚ, ਪਿਆਰਾ ਸਿੰਘ ਪੰਚ, ਦਰਸ਼ਨ ਸਿੰਘ ਪੰਚ, ਨੈਬ ਸਿੰਘ, ਸਾਬਕਾ ਸਰਪੰਚ ਦਰਸ਼ਨ ਸਿੰਘ, ਗੁਰਵਿੰਦਰ ਸਿੰਘ ਸਰਪੰਚ ਡਰੌਲੀ, ਨਿਰਮਲ ਸਿੰਘ ਸਰਪੰਚ ਮਵੀ ਸੱਪਾਂ, ਬਲਵਿੰਦਰ ਸਿੰਘ ਬਰਾਸ, ਗੁਰਮੀਤ ਸਿੰਘ ਤੇ ਗੁਰਦਰਸ਼ਨ ਸਿੰਘ ਆਦਿ ਮੌਜੂਦ ਸਨ।

# ਪੀ.ਏ.ਯੂ. ਕ੍ਰਿਸ਼ੀ ਵਿਗਿਆਨ ਕੇਂਦਰ ਦੀ ਸਾਂਝੀ ਟੀਮ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ

**ਪਟਿਆਲਾ, 12 ਸਤੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

:ਹੜ੍ਹ ਪ੍ਰਭਾਵਿਤ ਖੇਤਰਾਂ ਦੀ ਸਾਰ ਲੈਣ ਲਈ ਅੱਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.), ਲੁਧਿਆਣਾ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ, ਪਟਿਆਲਾ ਨੇ ਜ਼ਿਲ੍ਹੇ ਦੇ ਭੁੰਨਰਹੇੜੀ ਬਲਾੱਕ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਭਸਮੜਾ, ਜਲਾਹਖੇੜੀ, ਸਾਧੂਨਗਰ ਆਦਿ ਦਾ ਦੌਰਾ ਕੀਤਾ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ। ਇਸ ਦੌਰੇ ਦੌਰਾਨ ਟੀਮ ਨੇ ਕਿਸਾਨਾਂ ਨੂੰ ਹੜ੍ਹ ਕਾਰਨ ਫਸਲਾਂ ਅਤੇ ਪਸ਼ੂਆਂ ਨੂੰ ਪੈਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਅਤੇ ਇਲਾਜ ਸੰਬੰਧੀ ਉਪਾਅ ਦੱਸੇ ਅਤੇ ਇਸ ਸੰਕਟ ਦੇ ਸਮੇਂ ਪਸ਼ੂਆਂ ਦੀ ਖੁਰਾਕ ਅਤੇ ਪ੍ਰਬੰਧਨ ਬਾਰੇ ਸਲਾਹ ਵੀ ਦਿੱਤੀ। ਇਸ ਦੇ ਨਾਲ-ਨਾਲ, ਡੇਅਰੀ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਤੁਰੰਤ ਲੋੜਾਂ ਦਾ ਸਰਵੇਖਣ ਵੀ ਕੀਤਾ ਗਿਆ। ਇਸ ਪਹਿਲ ਦਾ ਉਦੇਸ਼ ਡੇਅਰੀ ਕਿਸਾਨਾਂ ਦੇ ਨੁਕਸਾਨ ਨੂੰ ਘੱਟ ਕਰਨਾ ਅਤੇ ਇਸ ਮੁਸ਼ਕਲ ਵੇਲੇ ਦੌਰਾਨ ਪਸ਼ੂਆਂ ਦੀ ਸਿਹਤ ਨੂੰ ਯਕੀਨੀ ਬਣਾਉਣਾ ਸੀ। ਇਸ ਦੌਰੇ ਦੌਰਾਨ ਟੀਮ ਨੇ ਕਿਸਾਨਾਂ ਦੀਆਂ ਸਮਸਿਆਵਾਂ ਸੁਣੀਆਂ ਅਤੇ ਹੜ੍ਹਾਂ ਕਾਰਨ ਹੋਏ ਫ਼ਸਲੀ ਨੁਕਸਾਨ ਦਾ ਜਾਇਜ਼ਾ ਲਿਆ ਅਤੇ ਪ੍ਰਭਾਵਿਤ ਫ਼ਸਲਾਂ ਦੀ ਸਾਂਭ ਸੰਭਾਲ ਕਰਨ ਲਈ ਪੀ. ਏ. ਯੂ. ਲੁਧਿਆਣਾ ਵੱਲੋਂ ਸਿਫ਼ਾਰਿਸ਼ ਅਚਨਚੇਤੀ ਫ਼ਸਲ ਯੋਜਨਾ ਬੰਦੀ (ਕੌਂਟੀਜੇਂਸੀ ਪਲਾਨ) ਬਾਰੇ ਚਾਨਣਾ ਪਾਇਆ।

ਇਸ ਦੌਰੇ ਵਿੱਚ ਫਾਰਮ ਸਲਾਹਕਾਰ ਸੇਵਾ ਕੇਂਦਰ, ਪਟਿਆਲਾ ਤੋਂ ਡਾ. ਨਿਸ਼ਾ ਸ਼ਰਮਾ, ਜ਼ਿਲ੍ਹਾ ਪਸਾਰ ਮਾਹਿਰ (ਸਬਜ਼ੀ ਵਿਗਿਆਨ), ਕੇ.ਵੀ.ਕੇ. ਤੋਂ ਡਾ. ਗੁਰਅੰਸ਼ਪ੍ਰੀਤ ਸਿੰਘ ਸੇਠੀ, ਸਹਾਇਕ ਪ੍ਰੋਫੈਸਰ (ਪਸ਼ੂ ਪਾਲਣ) ਅਤੇ ਡਾ. ਗੁਰਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ (ਫਸਲ ਵਿਗਿਆਨ) ਮੌਜੂਦ ਰਹੇ।



# ਪਾਤੜਾਂ ਪੁਲਿਸ ਨੇ ਚੋਰ ਗਿਰੋਹ ਨੂੰ ਚੋਰੀ ਕੀਤੇ 4 ਮੋਟਰਸਾਈਕਲਾਂ ਸਮੇਤ ਕੀਤਾ ਕਾਬੂ



**ਪਾਤੜਾਂ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾ ਪੁਲਿਸ ਨੇ ਚੋਰ ਗਿਰੋਹ ਦੇ ਦੋ ਮੈਂਬਰਾਂ ਨੂੰ ਕਾਬੂ ਕਰਕੇ ਉਹਨਾਂ ਪਾਸੋਂ ਚਾਰ ਮੋਟਰਸਾਈਕਲ ਚੋਰੀ ਦੇ ਬਰਾਮਦ ਕੀਤੇ ਹਨ । ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਪਾਤੜਾਂ ਸਦਰ ਥਾਣਾ ਮੁਖੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਪਾਤੜਾਂ ਸਿਟੀ ਇੰਚਾਰਜ ਕੁਲਬੀਰ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਮਿਲੀ ਗੁਪਤ ਸੂਚਨਾ ਦੇ ਅਧਾਰ 'ਤੇ ਅਨਾਜ ਮੰਡੀ ਪਾਤੜਾਂ ਵਿਖੇ ਛਾਪਾਮਾਰੀ ਕਰਕੇ ਦੋ ਵਿਅਕਤੀਆਂ ਪਾਸੋਂ ਚੋਰੀ ਕੀਤੇ 2 ਸਪਲੈਂਡਰ ਮੋਟਰਸਾਇਕਲ ਬਰਾਮਦ ਕੀਤੇ ਗਏ ਹਨ ।

ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀਆਂ ਖਿਲਾਫ ਮੁਕਦਮਾ ਨੰਬਰ 201 ਮਿਤੀ 6- 9- 2025 ਨੂੰ ਧਾਰਾ 303 (2) 317 (2) ਬੀ ਐਨ ਐਸ ਤਹਿਤ ਮਾਮਲਾ ਦਰਜ ਕਰਕੇ ਅੱਗੇ ਲਈ ਕਾਰਵਾਈ ਆਰੰਭ ਦਿੱਤੀ ਹੈ ।ਕਥਿਤ ਦੋਸ਼ੀਆਂ ਦੀ ਪਹਿਚਾਣ ਸਾਗਰ ਕੁਮਾਰ ਵਾਸੀ ਪੰਜਾਬੀ ਬਾਗ ਪਟਿਆਲ਼ਾ ਅਤੇ ਧਰਮਿੰਦਰ ਸਿੰਘ ਵਾਸੀ ਪਿੰਡ ਨੈਣਾਂਕੌਤ ਥਾਣਾ ਸਦਰ ਪਟਿਆਲ਼ਾ ਵਜੋਂ ਹੋਈ ਹੈ।

# ਜ਼ਿਲ੍ਹਾ ਟਾਸਕ ਫੋਰਸ ਨੇ ਵੱਖ ਵੱਖ ਸਥਾਨਾਂ ਦੀ ਕੀਤੀ ਚੈਕਿੰਗ, ਤਿੰਨ ਬੱਚਿਆਂ ਨੂੰ ਕੀਤਾ ਰੈਸਕਿਓ



**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀਵਨ ਜੋਤ ਪ੍ਰੋਜੈਕਟ ਤਹਿਤ ਬਾਲ ਭਿੱਖਿਆ ਦੇ ਖ਼ਾਤਮਾ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਯੋਗ ਅਗਵਾਈ ਹੇਠ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਪਟਿਆਲਾ ਪ੍ਰਦੀਪ ਸਿੰਘ ਗਿੱਲ ਦੀ ਰਹਿਨੁਮਾਈ 'ਚ, ਜ਼ਿਲ੍ਹਾ ਟਾਸਕ ਫੋਰਸ ਵੱਲੋਂ ਪਟਿਆਲਾ ਦੇ ਵੱਖ ਵੱਖ ਇਲਾਕਿਆਂ ਪੁਰਾਣਾ ਬੱਸ ਸਟੈਂਡ, ਲੀਲ੍ਹਾ ਭਵਨ ਪਟਿਆਲਾ, ਨਵਾਂ ਬੱਸ ਸਟੈਂਡ, ਗੁਰਦੁਆਰਾ ਸ਼੍ਰੀ ਦੁੱਖਨਿਵਾਰਨ ਸਾਹਿਬ ਵਿਖੇ ਚੈਕਿੰਗ ਕੀਤੀ ਗਈ। ਇਸ ਦੌਰਾਨ ਟੀਮ ਵੱਲੋਂ ਤਿੰਨ ਬੱਚਿਆਂ ਨੂੰ ਬਾਲ ਭਿੱਖਿਆ ਕਰਦੇ ਹੋਏ ਰੈਸਕਿਓ ਕੀਤਾ ਗਿਆ।

ਬਾਲ ਵਿਕਾਸ ਪ੍ਰੋਜੈਕਟ ਅਫ਼ਸਰ - ਕਮ- ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ,ਪਟਿਆਲਾ ਤ੍ਰਿਪਤਾ ਰਾਣੀ ਵੱਲੋਂ ਦੱਸਿਆ ਗਿਆ ਕਿ ਜੀਵਨ ਜੋਤ ਪ੍ਰੋਜੈਕਟ ਅਧੀਨ ਇਹ ਰੇਡਾਂ ਨਿਰੰਤਰ ਚਲਦੀਆਂ ਰਹਿਣਗੀਆਂ ਅਤੇ ਬਾਲ ਮਜ਼ਦੂਰੀ ਨੂੰ ਖ਼ਤਮ ਕਰਨ ਲਈ ਹਰ ਮੁਮਕਿਨ ਕਦਮ ਚੁੱਕਿਆ ਜਾਵੇਗਾ।

ਬਾਲ ਭਲਾਈ ਕਮੇਟੀ ਵੱਲੋਂ ਇਨ੍ਹਾਂ ਬੱਚਿਆਂ ਦੇ ਦਸਤਾਵੇਜ਼ ਵੈਰੀਫਾਈ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਬੱਚਿਆਂ ਨੂੰ ਪੁਨਰਵਸੇਬਾ ਕਰਨ ਦੀ ਪ੍ਰਕਿਰਿਆ ਕੀਤੀ ਜਾ ਰਹੀ ਹੈ ਜਿਸ ਉਪਰੰਤ ਇਨ੍ਹਾਂ ਬੱਚਿਆਂ ਨੂੰ ਵੱਖ ਵੱਖ ਸਰਕਾਰੀ ਸਕੀਮਾਂ ਨਾਲ ਜੋੜਿਆ ਜਾਵੇਗਾ। ਇਸ ਟੀਮ ਵਿੱਚ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਤੋਂ ਆਊਟਰੀਚ ਵਰਕਰ ਸ਼ਾਲਿਨੀ, ਸੋਸ਼ਲ ਵਰਕਰ ਅਮਰਜੀਤ ਕੌਰ, ਚਾਈਲਡ ਲਾਇਨ ਤੋਂ ਸੁਪਰਵਾਈਜ਼ਰ ਗੁਰਜਸ਼ਨਪ੍ਰੀਤ ਸਿੰਘ ਅਤੇ ਕੇਸ ਵਰਕਰ ਹਰਮੀਤ ਸਿੰਘ ਅਤੇ ਪੁਲਿਸ ਵਿਭਾਗ ਤੋਂ ਏ.ਐਸ.ਆਈ ਹਰਪਾਲ ਸਿੰਘ, ਹੈੱਡ ਕਾਂਸਟੇਬਲ ਗੁਰਲਾਲ ਸਿੰਘ ਅਤੇ ਲੇਡੀ ਕਾਂਸਟੇਬਲ ਸ਼ਾਇਨਾ ਸ਼ਾਮਲ ਸਨ।

# ਪੇਂਡੂ ਲੋਕਾਂ ਨੂੰ ਪੀਣ ਯੋਗ ਪਾਣੀ ਮਿਲਣ ਵਿਚ ਹੋ ਰਹੀ ਹੈ ਦੇਰੀ; ਠੇਕੇਦਾਰਾਂ ਨੂੰ ਐਲੋਕੇਸ਼ਨ ਦੀਆਂ ਅਦਾਇਗੀਆਂ ਤੁਰੰਤ ਕੀਤੀਆਂ ਜਾਣ: ਹਰਪ੍ਰੀਤ ਕੂਕਾ

**ਪਟਿਆਲਾ, 12 ਸਤੰਬਰ/ਰਣਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਪੇਂਡੂ ਖੇਤਰ ਦੇ ਲੋਕਾਂ ਨੂੰ ਸਾਫ ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਲਈ ਵੱਖ—ਵੱਖ ਪਿੰਡਾਂ ਵਿਚ ਜਲ ਸਪਲਾਈ ਸਕੀਮਾਂ ਵਿਚ ਸਰਕਾਰ ਵੱਲੋਂ ਐਲੋਕੇਸ਼ਨਾਂ ਕਰਨ ਦੇ ਬਾਵਜੂਦ ਵੀ ਠੇਕੇਦਾਰਾਂ ਨੂੰ ਖਜਾਨਾ ਦਫਤਰ ਵੱਲੋਂ ਪੇਮੈਂਟਾਂ ਕਲੀਅਰ ਨਹੀਂ ਕੀਤੀਆਂ ਜਾ ਰਹੀਆਂ। ਇਸ ਕਾਰਨ ਇੱਕ ਪਾਸੇ ਜਿਥੇ ਪੇਂਡੂ ਲੋਕਾਂ ਨੂੰ ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਵਿਚ ਦੇਰੀ ਹੋ ਰਹੀ ਹੈ, ਉਥੇ ਹੀ ਠੇਕੇਦਾਰਾਂ ਨੂੰ ਮਜਬੂਰਨ ਕੰਮ ਬੰਦ ਰੱਖਣੇ ਪੈ ਰਹੇ ਹਨ। ਕਿਉਂਕਿ ਪਹਿਲਾਂ ਕੀਤੇ ਕੰਮਾਂ ਸੰਬੰਧੀ ਲੇਬਰ ਨੂੰ ਸਮੇਂ ਸਿਰ ਅਦਾਇਗੀ ਨਹੀਂ ਕੀਤੀ ਜਾ ਸਕੀ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਸਰਕਾਰ ਨੇ ਖਜਾਨੇ ਨੂੰ ਯੋਗ ਅਦਾਇਗੀਆਂ ਜਾਰੀ ਕਰਨ ਸੰਬੰਧੀ ਪੱਤਰ ਜਾਰੀ ਕੀਤਾ ਹੋਇਆ ਹੈ ਪਰ ਫਿਰ ਵੀ ਖਜਾਨਾ ਦਫਤਰ ਵੱਲੋਂ ਜਾਣ ਬੁੱਝ ਕੇ ਅਦਾਇਗੀਆਂ ਕਰਨ ਵਿਚ ਦੇਰੀ ਕੀਤੀ ਜਾ ਰਹੀ ਹੈ। ਪਿਛਲੇ ਤਿੰਨ ਮਹੀਨਿਆਂ ਤੋਂ ਖਜਾਨਾ ਦਫਤਰ ਵਿਚ ਅਦਾਇਗੀਆਂ ਲਟਕਈਆਂ ਹੋਈਆਂ ਹਨ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜਿਲ੍ਹਾ ਖਜਾਨਾ ਅਫਸਰਾਂ ਨੇ ਪੰਜਾਬ ਸਰਕਾਰ ਦੀਆਂ ਜੁਬਾਨੀ ਹਦਾਇਤਾਂ ਮੁਤਾਬਕ ਖਜਾਨੇ ਵਿਚੋਂ ਐਲੋਕੇਸ਼ਨਾਂ ਕਰਨੀਆਂ ਰੋਕੀਆਂ ਹੋਈਆਂ ਹਨ। ਖਜਾਨਾ ਦਫਤਰ ਵੱਲੋਂ ਅਦਾਇਗੀਆਂ ਨੂੰ ਜਲਦ ਜਾਰੀ ਕਰਨ ਸੰਬੰਧੀ ਸਰਕਾਰੀ ਠੇਕੇਦਾਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਨ ਹਰਪ੍ਰੀਤ ਸਿੰਘ ਕੂਕਾ ਨੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੂੰ ਪੱਤਰ ਭੇਜ ਕੇ ਮੰਗ ਕੀਤੀ ਗਈ ਕਿ ਠੇਕੇਦਾਰਾਂ ਨੂੰ ਐਲੋਕੇਸ਼ਨ ਦੀਆਂ ਅਦਾਇਗੀਆਂ ਤੁਰੰਤ ਕੀਤੀਆਂ ਜਾਣ ਤਾਂ ਜੋ ਜਲ ਸਪਲਾਈ ਸਕੀਮਾਂ ਦਾ ਕੰਮ ਸਮੇਂ ਸਿਰ ਮੁਕੰਮਲ ਹੋ ਸਕੇ ਅਤੇ ਲੋਕਾਂ ਨੂੰ ਪੀਣ ਯੋਗ ਪਾਣੀ ਮੁਹੱਈਆ ਕਰਵਾਇਆ ਜਾ ਸਕੇ। ਕਿਉ ?ਕਿ ਇੱਕ ਪਾਸੇ ਪੂਰੇ ਪੰਜਾਬ ਵਿਚ ਜਿੱਥੇ ਹੜ੍ਹਾਂ ਕਾਰਨ ਆਮ ਲੋਕਾਂ ਵਿਚ ਹਾਹਾਕਾਰ ਮਚੀ ਪਈ ਹੈ, ਉਥੇ ਹੀ ਪੀਣ ਵਾਲੇ ਪਾਣੀ ਸੰਬੰਧੀ ਦਿੱਕਤਾਂ ਆਉਣ ਤੋਂ ਪਹਿਲਾਂ—ਪਹਿਲਾਂ ਇਹ ਮਸਲਾ ਹੱਲ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ।

# ਹੜ੍ਹਾਂ ਕਾਰਨ ਪੰਜਾਬ ਦੀ ਮਿੱਟੀ ਬਦਲੀ: ਡਾ . ਗੋਸਲ

**ਪਹਾੜਾਂ ਤੋਂ ਰੁੜ੍ਹ ਕੇ ਆਈ ਮਿੱਟੀ ਖੇਤਾਂ ਵਿੱਚ ਜਮ੍ਹਾਂ ਹੋਈ; ਮਿੱਟੀ ਦੀ ਜਾਂਚ ਲਈ ਮੁਹਿੰਮ ਸ਼ੁਰੂ ਕਰੇਗੀ ਖੇਤੀਬਾੜੀ ਯੂਨੀਵਰਸਿਟੀ**

**ਚੰਡੀਗੜ੍ਹ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਨੇ ਖੇਤਾਂ ਨੂੰ ਸਿਰਫ਼ ਡੁਬੋਇਆ ਹੀ ਨਹੀਂ, ਸਗੋਂ ਉਨ੍ਹਾਂ ਨੂੰ ਬਦਲ ਵੀ ਦਿੱਤਾ ਹੈ। ਹਿਮਾਲਿਆ ਦੀਆਂ ਪਹਾੜੀਆਂ ਤੋਂ ਰੁੜ੍ਹ ਕੇ ਆਈ ਲਾਲ ਮਿੱਟੀ ਅਤੇ ਗਾਰ ਖੇਤਾਂ ਦੇ ਵੱਡੇ ਹਿੱਸੇ ਵਿੱਚ ਫੈਲ ਗਈ ਹੈ। ਇਹ ਮਿੱਟੀ ਪੰਜਾਬ ਦੀ ਮਿੱਟੀ ਨਾਲ ਰਲ ਗਈ ਹੈ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ, ਪੌਸ਼ਟਿਕ ਤੱਤਾਂ ਦੇ ਸੰਤੁਲਨ ਅਤੇ ਭਵਿੱਖ ਦੀਆਂ ਫ਼ਸਲਾਂ ਦੀ ਪੈਦਾਵਾਰ 'ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਪੱਤਰਕਾਰਾਂ' ਨਾਲ ਗੱਲਬਾਤ ਕਰਦਿਆਂ ਇੰਟਰਵਿਊ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਦੱਸਿਆ ਕਿ ਮਿੱਟੀ ਵਿੱਚ ਆਏ ਇਸ ਬਦਲਾਅ ਦੇ ਫ਼ਾਇਦੇ ਅਤੇ ਨੁਕਸਾਨ ਦੋਵੇਂ ਹੋ ਸਕਦੇ ਹਨ। ਉਨ੍ਹਾਂ ਕਿਹਾ, 'ਪਹਾੜੀ ਲਾਲ ਮਿੱਟੀ ਖਣਿਜਾਂ ਨਾਲ ਭਰਪੂਰ ਹੁੰਦੀ ਹੈ ਅਤੇ ਪਹਾੜੀ ਖੇਤਰਾਂ ਵਿੱਚ ਫ਼ਸਲਾਂ ਲਈ ਵਧੀਆ ਹੁੰਦੀ ਹੈ। ਜੇ ਇਹ ਮਿੱਟੀ ਸਾਡੇ ਸੂਬੇ ਦੀ ਮਿੱਟੀ ਨਾਲ ਠੀਕ ਤਰ੍ਹਾਂ ਰਲ ਜਾਵੇ ਤਾਂ ਇਹ ਮਦਦਗਾਰ ਹੋ ਸਕਦੀ ਹੈ, ਪਰ ਸਾਨੂੰ ਇਸ ਦੀ ਚੰਗੀ ਤਰ੍ਹਾਂ ਜਾਂਚ ਕਰਨੀ ਪਵੇਗੀ।' ਪੀ ਏ ਯੂ ਨੇ ਮਿੱਟੀ 'ਚ ਨਾਈਟ੍ਰੋਜਨ, ਫਾਸਫੋਰਸ ਤੇ ਪੋਟਾਸ਼ੀਅਮ ਦੀ ਮਾਤਰਾ ਦੀ ਜਾਂਚ ਕਰਨ ਅਤੇ ਉਤਪਾਦਕਤਾ ਵਾਪਸ ਲਿਆਉਣ ਲਈ ਮੁਹਿੰਮ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ। ਡਾ. ਗੋਸਲ ਨੇ ਕਿਹਾ, 'ਜੇ ਅਸੀਂ ਮਿੱਟੀ ਦਾ ਸਹੀ ਪ੍ਰਬੰਧਨ ਕਰੀਏ ਅਤੇ ਤੁਰੰਤ ਕਦਮ ਚੁੱਕੀਏ ਤਾਂ ਅਸੀਂ ਇਸ ਚੁਣੌਤੀ ਨੂੰ ਇੱਕ ਮੌਕੇ ਵਿੱਚ ਬਦਲ ਸਕਦੇ ਹਾਂ। ਪਹਾੜੀ ਮਿੱਟੀ ਸਬਜ਼ੀਆਂ ਅਤੇ ਫ਼ਸਲਾਂ ਲਈ ਚੰਗੀ ਹੁੰਦੀ ਹੈ, ਸਾਨੂੰ ਬਸ ਇਹ ਸਮਝਣਾ ਹੋਵੇਗਾ ਕਿ ਇਸ ਦੀ ਸਹੀ ਵਰਤੋਂ ਕਿਵੇਂ ਕੀਤੀ ਜਾਵੇ।'



ਉਨ੍ਹਾਂ ਕਿਹਾ ਕਿ ਹੜ੍ਹਾਂ ਨਾਲ ਨਾ ਸਿਰਫ਼ ਮੌਜੂਦਾ ਫ਼ਸਲ ਦਾ ਨੁਕਸਾਨ ਹੋਇਆ ਹੈ, ਬਲਕਿ ਅਗਲੀ ਫ਼ਸਲ ਨੂੰ ਵੀ ਨੁਕਸਾਨ ਪਹੁੰਚਿਆ ਹੈ। ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਪ੍ਰਭਾਵਿਤ ਪਿੰਡਾਂ ਵਿੱਚ ਨੁਕਸਾਨ ਦਾ ਜਾਇਜ਼ਾ ਲੈਣਗੇ ਅਤੇ ਅਗਲੀ ਫ਼ਸਲ ਲਈ ਕਣਕ ਦੇ ਬੀਜ ਬਹੁਤ ਘੱਟ ਕੀਮਤ 'ਤੇ ਦੇਣਗੇ। ਖ਼ਾਸ ਕਰਕੇ ਉਨ੍ਹਾਂ ਥਾਵਾਂ 'ਤੇ ਜਿੱਥੇ ਰੱਖੇ ਹੋਏ ਬੀਜ ਖ਼ਰਾਬ ਹੋ ਗਏ ਹਨ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ, 'ਬਚੀਆਂ ਹੋਈਆਂ ਫ਼ਸਲਾਂ ਹੁਣ ਬਿਮਾਰੀਆਂ, ਕੀੜਿਆਂ ਅਤੇ ਪੌਸ਼ਟਿਕ ਤੱਤਾਂ ਦੀ ਕਮੀ ਕਾਰਨ ਕਮਜ਼ੋਰ ਹੋ ਗਈਆਂ ਹਨ। ਪੀਏਯੂ ਨੇ ਇੱਕ ਫ਼ਸਲ ਐਮਰਜੈਂਸੀ ਯੋਜਨਾ ਸ਼ੁਰੂ ਕੀਤੀ ਹੈ ਅਤੇ ਵੱਖ ਵੱਖ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਫ਼ਸਲ ਮਾਹਿਰਾਂ ਦੇ ਸੰਪਰਕ ਨੰਬਰ ਵੀ ਸਾਂਝੇ ਕੀਤੇ ਹਨ।' ਉਨ੍ਹਾਂ ਕਿਹਾ, 'ਇਹ ਸਿਰਫ਼ ਇੱਕ ਮੌਸਮ ਦਾ ਨੁਕਸਾਨ ਨਹੀਂ ਹੈ, ਬਲਕਿ ਇਹ ਪੂਰੇ ਖੇਤੀ ਚੱਕਰ ਵਿੱਚ ਇੱਕ ਵੱਡੀ ਰੁਕਾਵਟ ਹੈ।'

# ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਨਜਾਇਜ਼ ਕਬਜਿਆਂ ਸਬੰਧੀ ਦੁਕਾਨਦਾਰਾਂ ਨੂੰ ਦਿੱਤੇ ਨਿਰਦੇਸ਼

**ਉਲੰਘਣਾ ਕਰਨ 'ਤੇ ਕੀਤੀ ਜਾਵੇਗੀ ਕਾਨੂੰਨੀ ਕਾਰਵਾਈ : ਫ਼ੀਲਡ ਅਫ਼ਸਰ**



**ਪਟਿਆਲਾ, 12 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਦੇ ਨਿਰਦੇਸ਼ਾਂ ਤਹਿਤ ਅੱਜ ਮੁੱਖ ਮੰਤਰੀ ਫ਼ੀਲਡ ਅਫ਼ਸਰ ਸਤੀਸ਼ ਚੰਦਰ ਵੱਲੋਂ ਮਿੰਨੀ ਸਕੱਤਰੇਤ ਦੀ ਬੈਕਸਾਈਡ ਸਥਿਤ ਬੂਥਾਂ ਦੀ ਜਾਂਚ ਕੀਤੀ ਗਈ। ਇਸ ਦੌਰਾਨ ਬੂਥਾਂ ਵੱਲੋਂ ਸਰਕਾਰੀ ਜਮੀਨ ' ਤੇ ਕੀਤੇ ਗਏ ਅਣਅਧਿਕਾਰਿਤ ਕਬਜ਼ੇ ਨੂੰ ਲੈ ਕੇ ਚਿਤਾਵਨੀ ਦਿੱਤੀ ਗਈ ।

ਮੁੱਖ ਮੰਤਰੀ ਫੀਲਡ ਅਫ਼ਸਰ ਨੇ ਦੁਕਾਨਦਾਰਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣਾ ਸਾਰਾ ਸਮਾਨ ਦੁਕਾਨ ਦੇ ਅੰਦਰ ਰੱਖਣ ਅਤੇ ਕਿਸੇ ਵੀ ਸਥਿਤੀ ਵਿੱਚ ਰਸਤੇ ਜਾਂ ਫੁਟਪਾਥ ' ਤੇ ਨਾ ਰੱਖਣ। ਉਨਾਂ ਕਿਹਾ ਕਿ ਐਨਕਰੋਚਮੈਂਟ ਨਾ ਸਿਰਫ਼ ਕਾਨੂੰਨ ਦੀ ਉਲੰਘਣਾ ਹੈ, ਸਗੋਂ ਇਹ ਆਮ ਜਨਤਾ ਦੀ ਸਹੂਲਤ ਵਿੱਚ ਰੁਕਾਵਟ ਵੀ ਪੈਦਾ ਕਰਦੀ ਹੈ ।

ਸਤੀਸ਼ ਚੰਦਰ ਨੇ ਦੱਸਿਆ ਕਿ ਕਈ ਦੁਕਾਰਨਦਾਰਾਂ ਵੱਲੋਂ ਆਪਣਾ ਵਪਾਰਕ ਸਮਾਨ, ਜਿਵੇਂ ਕਿ ਫੋਟੋਸਟੇਟ ਮਸ਼ੀਨਾਂ, ਟੇਬਲ , ਕੁਰਸੀਆਂ ਆਦਿ ਦੁਕਾਨਾਂ ਦੇ ਬਾਹਰ ਰੱਖ ਕੇ ਸਰਕਾਰੀ ਜਗ੍ਹਾ ਤੇ ਕਬਜ਼ਾ ਕੀਤਾ ਗਿਆ ਸੀ । ਇਸ ਕਾਰਨ ਨਾ ਸਿਰਫ਼ ਆਮ ਜਨਤਾ ਨੂੰ ਪੈਦਲ ਚੱਲਣ ਵਿੱਚ ਦਿੱਕਤਾ ਆ ਰਹੀ ਸੀ, ਸਗੋਂ ਬਾਰਿਸ਼ ਦੌਰਾਨ ਪਾਣੀ ਇਕੱਠਾ ਹੋਣ ਕਾਰਨ ਲੋਕਾਂ ਨੂੰ ਲੰਘਣਾ ਔਖਾ ਹੋ ਜਾਂਦਾ ਹੈ ।

ਮੁੱਖ ਮੰਤਰੀ ਫੀਲਡ ਅਫ਼ਸਰ ਨੇ ਦੁਕਾਰਨਦਾਰਾਂ ਨੂੰ ਅਗਾਹ ਕਰਦਿਆਂ ਕਿਹਾ ਕਿ ਅਗਲੀ ਵਾਰ ਜਾਂਚ ਦੌਰਾਨ ਜੇਕਰ ਕੋਈ ਦੁਕਾਨਦਾਰ ਦੁਕਾਨ ਤੋਂ ਬਾਹਰ ਸਮਾਨ ਰੱਖਦਾ ਮਿਲਿਆ, ਤਾਂ ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਜੁਰਮਾਨਾਂ ਵੀ ਲਾਇਆ ਜਾ ਸਕਦਾ ਹੈ ।

# ਨੇਪਾਲ ’ਚ ਜੇਲ੍ਹਾਂ ਵਿੱਚ ਝੜਪਾਂ ਦੌਰਾਨ ਤਿੰਨ ਕੈਦੀਆਂ ਦੀ ਮੌਤ; 15,000 ਤੋਂ ਵੱਧ ਫਰਾਰ ਅਸ਼ਾਂਤੀ ਦੇ ਮੱਦੇਨਜ਼ਰ ਭਾਰਤੀ ਦਾਰਜੀਲਿੰਗ ਸਰਹੱਦ ਰਾਹੀਂ ਵਾਪਸ ਪਰਤੇ

**ਕਾਠਮੰਡੂ, 12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਨੇਪਾਲ ਵਿੱਚ ਹਿੰਸਕ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਵੀਰਵਾਰ ਨੂੰ ਇੱਕ ਜੇਲ੍ਹ ਵਿੱਚ ਸੁਰੱਖਿਆ ਕਰਮਚਾਰੀਆਂ ਨਾਲ ਹੋਈ ਝੜਪ ਵਿੱਚ ਤਿੰਨ ਕੈਦੀ ਮਾਰੇ ਗਏ ਹਨ, ਜਦੋਂ ਕਿ ਦੋ ਦਰਜਨ ਤੋਂ ਵੱਧ ਜੇਲ੍ਹਾਂ ਵਿੱਚੋਂ 15,000 ਤੋਂ ਵੱਧ ਕੈਦੀ ਫਰਾਰ ਹੋ ਗਏ ਹਨ। ਇਸ ਦੌਰਾਨ ਸੁਰੱਖਿਆ ਬਲਾਂ ਨਾਲ ਝੜਪਾਂ ਵਿੱਚ ਮਰਨ ਵਾਲੇ ਕੈਦੀਆਂ ਦੀ ਗਿਣਤੀ ਅੱਠ ਹੋ ਗਈ ਹੈ।



ਇਸ ਹਿੰਸਕ ਅੰਦੋਲਨ ਨੇ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੂੰ ਮੰਗਲਵਾਰ ਨੂੰ ਅਸਤੀਫਾ ਦੇਣ ਲਈ ਮਜਬੂਰ ਕੀਤਾ ਸੀ। ਜਿਸ ਤੋਂ ਬਾਅਦ ਨੇਪਾਲੀ ਸੈਨਾ ਨੇ ਦੇਸ਼ ਭਰ ਵਿੱਚ ਗੰਭੀਰ ਕਾਨੂੰਨ ਵਿਵਸਥਾ ਦੀ ਸਥਿਤੀ ਕਾਰਨ ਪਾਬੰਦੀਆਂ ਲਾਗੂ ਕਰ ਦਿੱਤੀਆਂ ਹਨ।

ਸੂਤਰ ਨੇ ਦੱਸਿਆ ਕਿ ਝੜਪ ਉਦੋਂ ਸ਼ੁਰੂ ਹੋਈ ਜਦੋਂ ਕੈਦੀਆਂ ਨੇ ਇੱਕ ਗੈਸ ਸਿਲੰਡਰ ਦੀ ਵਰਤੋਂ ਕਰਕੇ ਧਮਾਕਾ ਕਰਦਿਆਂ ਜੇਲ੍ਹ ਤੋਂ ਭੱਜਣ ਦੀ ਕੋਸ਼ਿਸ਼ ਕੀਤੀ। ਸੁਰੱਖਿਆ ਬਲਾਂ ਨੇ ਕੰਟਰੋਲ ਮੁੜ ਸਥਾਪਤ ਕਰਨ ਲਈ ਗੋਲੀਬਾਰੀ ਕੀਤੀ, ਜਿਸ ਵਿੱਚ ਤਿੰਨ ਕੈਦੀ ਮਾਰੇ ਗਏ।

ਦ ਕਾਠਮੰਡੂ ਪੋਸਟ ਨੇ ਪੁਲਿਸ ਦੇ ਹਵਾਲੇ ਨਾਲ ਕਿਹਾ, ਜੇਲ੍ਹ ਤੋੜਨ ਦੀਆਂ ਘਟਨਾਵਾਂ ਉਦੋਂ ਸ਼ੁਰੂ ਹੋਈਆਂ ਜਦੋਂ ਨੌਜਵਾਨ ਪ੍ਰਦਰਸ਼ਨਕਾਰੀਆਂ ਨੇ ਕਈ ਜੇਲ੍ਹ ਸਹੂਲਤਾਂ ’ਤੇ ਹਮਲਾ ਕੀਤਾ, ਪ੍ਰਸ਼ਾਸਨਿਕ ਇਮਾਰਤਾਂ ਨੂੰ ਅੱਗ ਲਗਾ ਦਿੱਤੀ ਅਤੇ ਜੇਲ੍ਹ ਦੇ ਦਰਵਾਜ਼ੇ ਖੋਲ੍ਹਣ ਲਈ ਮਜਬੂਰ ਕੀਤਾ। ਬੁੱਧਵਾਰ ਸ਼ਾਮ ਤੱਕ ਮੁੱਢਲੀਆਂ ਰਿਪੋਰਟਾਂ ਨੇ ਪੁਸ਼ਟੀ ਕੀਤੀ ਕਿ 25 ਤੋਂ ਵੱਧ ਜੇਲ੍ਹਾਂ ਵਿੱਚੋਂ 15,000 ਤੋਂ ਵੱਧ ਕੈਦੀ ਫਰਾਰ ਹੋ ਗਏ ਸਨ, ਜਿਨ੍ਹਾਂ ਵਿੱਚੋਂ ਬਹੁਤ ਘੱਟ ਗਿਣਤੀ ਵਿੱਚ ਖੁਦ ਵਾਪਸ ਆਏ ਜਾਂ ਦੁਬਾਰਾ ਫੜੇ ਗਏ ਹਨ।

ਨੇਪਾਲ ਵਿੱਚ ਤਣਾਅ ਵਧਣ ਕਾਰਨ ਭਾਰਤੀ ਨਾਗਰਿਕਾਂ ਨੂੰ ਵੀਰਵਾਰ ਨੂੰ ਪੱਛਮੀ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਦੇ ਪਾਣੀਟੰਕੀ ਵਿੱਚ ਭਾਰਤ-ਨੇਪਾਲ ਸਰਹੱਦ ਪਾਰ ਕਰਕੇ ਵਾਪਸ ਘਰ ਪਰਤਦੇ ਦੇਖਿਆ ਗਿਆ।

ਏਐੱਨਆਈ ਨਾਲ ਗੱਲ ਕਰਦੇ ਹੋਏ ਨੇਪਾਲ ਤੋਂ ਵਾਪਸ ਪਰਤ ਰਹੇ ਇੱਕ ਭਾਰਤੀ ਨਾਗਰਿਕ ਨੇ ਦੱਸਿਆ ਕਿ ਉਹ ਨੇਪਾਲ ਦੇ ਧੂਲਾਬਾਰੀ ਖੇਤਰ ਤੋਂ ਵਾਪਸ ਆ ਰਿਹਾ ਹੈ, ਜਿੱਥੇ ਉਹ ਇੱਕ ਪਲਾਈਵੁੱਡ ਫੈਕਟਰੀ ਵਿੱਚ ਕੰਮ ਕਰਦਾ ਸੀ। ਉਸ ਨੇ ਕਿਹਾ, ÷ਅਸੀਂ ਨੇਪਾਲ ਦੇ ਧੂਲਾਬਾਰੀ ਤੋਂ ਆ ਰਹੇ ਹਾਂ। ਮੈਂ ਉੱਥੇ ਇੱਕ ਪਲਾਈਵੁੱਡ ਫੈਕਟਰੀ ਵਿੱਚ ਕੰਮ ਕਰਦਾ ਸੀ। ਉੱਥੇ ਕੰਮ ਬੰਦ ਹੋ ਗਿਆ ਹੈ, ਇਸ ਲਈ ਅਸੀਂ ਭਾਰਤ ਵਾਪਸ ਆ ਗਏ ਹਾਂ। ਨੇਪਾਲ ਵਿੱਚ ਸਰਕਾਰ ਦੇ ਕਥਿਤ ਭ੍ਰਿਸ਼ਟਾਚਾਰ ਅਤੇ ਇੱਕ ਵਿਵਾਦਪੂਰਨ ਸੋਸ਼ਲ ਮੀਡੀਆ ਪਾਬੰਦੀ ਦੇ ਵਿਰੁੱਧ ਨੌਜਵਾਨਾਂ ਦੀ ਅਗਵਾਈ ਵਿੱਚ ਵਿਰੋਧ ਪ੍ਰਦਰਸ਼ਨਾਂ ਕਾਰਨ ਕਾਫ਼ੀ ਅਸ਼ਾਂਤੀ ਫੈਲੀ ਹੋਈ ਹੈ, ਜਿਸ ਦੇ ਨਤੀਜੇ ਵਜੋਂ ਵਿਆਪਕ ਹਿੰਸਾ, ਅੱਗਜ਼ਨੀ ਅਤੇ ਤੋੜ-ਭੰਨ ਹੋਈ ਹੈ, ਜਿਸ ਨਾਲ ਰੋਜ਼ਾਨਾ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

ਇਹ ਸਥਿਤੀ 8 ਸਤੰਬਰ ਨੂੰ ਕਾਠਮੰਡੂ ਅਤੇ ਪੋਖਰਾ, ਬੁਟਵਾਲ ਅਤੇ ਬੀਰਗੰਜ ਸਮੇਤ ਹੋਰ ਵੱਡੇ ਸ਼ਹਿਰਾਂ ਵਿੱਚ ਸ਼ੁਰੂ ਹੋਏ ਵਿਰੋਧ ਪ੍ਰਦਰਸ਼ਨਾਂ ਦੇ ਵਿਚਕਾਰ ਸ਼ੁਰੂ ਹੋਈ, ਜਦੋਂ ਸਰਕਾਰ ਨੇ ਟੈਕਸ ਮਾਲੀਏ ਅਤੇ ਸਾਈਬਰ ਸੁਰੱਖਿਆ ਬਾਰੇ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ ਪ੍ਰਮੁੱਖ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਪਾਬੰਦੀ ਲਗਾ ਦਿੱਤੀ ਸੀ।

# ਕੇਂਦਰੀ ਗ੍ਰਹਿ ਮੰਤਰੀ ਵੱਲੋਂ ਅੰਮ੍ਰਿਤਸਰ ਸਣੇ ਪੰਜ ਹਵਾਈ ਅੱਡਿਆਂ ’ਤੇ ਤੇਜ਼ ਇਮੀਗ੍ਰੇਸ਼ਨ ਕਲੀਅਰੈਂਸ ਪ੍ਰੋਗਰਾਮ ਦੀ ਸ਼ੁਰੂਆਤ

**ਨਵੀਂ ਦਿੱਲੀ, 12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਦੇਸ਼ ਦੇ ਪੰਜ ਹੋਰ ਹਵਾਈ ਅੱਡਿਆਂ ’ਤੇ ਫਾਸਟ ਟਰੈਕ ਇਮੀਗ੍ਰੇਸ਼ਨ-ਟਰੱਸਟਡ ਟਰੈਵਲਰ ਪ੍ਰੋਗਰਾਮ (ਐਫਟੀਆਈ-ਟੀਟੀਪੀ) ਦੀ ਸ਼ੁਰੂਆਤ ਕੀਤੀ ਹੈ। ਇਹ ਪ੍ਰੋਗਰਾਮ ਪਹਿਲਾਂ ਤੋਂ ਪ੍ਰਮਾਣਿਤ ਭਾਰਤੀ ਨਾਗਰਿਕਾਂ ਅਤੇ ਓਵਰਸੀਜ਼ ਸਿਟੀਜ਼ਨ ਆਫ਼ ਇੰਡੀਆ (ਓਸੀਆਈ) ਕਾਰਡਧਾਰਕਾਂ ਦੀ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ।

ਪੰਜ ਹਵਾਈ ਅੱਡਿਆਂ ਲਖਨਊ, ਤਿਰੂਵਨੰਤਪੁਰਮ, ਤਿਰੂਚਿਰਾਪੱਲੀ, ਕੋਝੀਕੋਡ ਅਤੇ ਅੰਮ੍ਰਿਤਸਰ ਵਿੱਚ FTI-TTP ਲਾਂਚ ਕਰਨ ਤੋਂ ਬਾਅਦ ਸ਼ਾਹ ਨੇ ਕਿਹਾ ਕਿ ਯਾਤਰੀਆਂ ਨੂੰ ਹੁਣ ਲੰਬੀਆਂ ਕਤਾਰਾਂ ਜਾਂ ਮੈਨੂਅਲ ਜਾਂਚ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਅਤੇ ਬਿਨਾਂ ਕਿਸੇ ਦੇਰੀ ਦੇ ਸਿਰਫ਼ 30 ਸਕਿੰਟਾਂ ਵਿੱਚ ਇਮੀਗ੍ਰੇਸ਼ਨ ਕਲੀਅਰੈਂਸ ਪ੍ਰਾਪਤ ਹੋ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਦੀ ਸ਼ੁਰੂਆਤ ਪਹਿਲੀ ਵਾਰ ਜੁਲਾਈ 2024 ਵਿੱਚ ਇੱਥੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਸ਼ੁਰੂ ਕੀਤੀ ਗਈ ਸੀ ਅਤੇ ਦੋ ਮਹੀਨੇ ਬਾਅਦ ਸੱਤ ਹੋਰ ਹਵਾਈ ਅੱਡਿਆਂ ਮੁੰਬਈ, ਚੇਨਈ, ਕੋਲਕਾਤਾ, ਬੰਗਲੌਰ, ਹੈਦਰਾਬਾਦ, ਕੋਚੀਨ ਅਤੇ ਅਹਿਮਦਾਬਾਦ - ਵਿੱਚ ਸ਼ੁਰੂ ਕੀਤੀ ਗਈ ਸੀ। ਸ਼ਾਹ ਨੇ ਕਿਹਾ ਕਿ ਇਹ ਸਹੂਲਤ ਹੁਣ ਦੇਸ਼ ਦੇ ਕੁੱਲ 13 ਹਵਾਈ ਅੱਡਿਆਂ ’ਤੇ ਇੱਕੋ ਸਮੇਂ ਉਪਲਬਧ ਹੈ।



ਉਨ੍ਹਾਂ ਕਿਹਾ ਕਿ ਇਹ ਸਹੂਲਤ ਨਾ ਸਿਰਫ਼ ਯਾਤਰੀਆਂ ਦੀ ਸਹੂਲਤ ਨੂੰ ਵਧਾਏਗੀ ਸਗੋਂ ਉਨ੍ਹਾਂ ਨੂੰ ਦੇਸ਼ ਵਿੱਚ ਹੋ ਰਹੀਆਂ ਤਬਦੀਲੀਆਂ ਨਾਲ ਜਾਣੂ ਕਰਵਾਉਣ ਦਾ ਮੌਕਾ ਵੀ ਪ੍ਰਦਾਨ ਕਰੇਗੀ। ਸ਼ਾਹ ਨੇ ਕਿਹਾ ਕਿ ਇਸ ਪ੍ਰੋਗਰਾਮ ਤੋਂ ਵੱਧ ਤੋਂ ਵੱਧ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਸਾਰੀਆਂ ਤਕਨੀਕੀ ਸੰਭਾਵਨਾਵਾਂ ਦੀ ਪੜਚੋਲ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਇਸ ਪੋਰਟਲ ’ਤੇ ਲਗਪਗ 3 ਲੱਖ ਯਾਤਰੀਆਂ ਨੇ ਰਜਿਸਟਰ ਕੀਤਾ ਹੈ, ਜਿਨ੍ਹਾਂ ਵਿੱਚੋਂ 2.65 ਲੱਖ ਨੇ ਇਸ ਦੀ ਵਰਤੋਂ ਕੀਤੀ ਹੈ ਅਤੇ ਇਸ ਗਿਣਤੀ ਨੂੰ ਲਗਾਤਾਰ ਵਧਾਉਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ।

FTI-TTP ਨੂੰ ਇੱਕ ਆਨਲਾਈਨ ਪੋਰਟਲ, https://ftittp.mha.gov.in ਰਾਹੀਂ ਲਾਗੂ ਕੀਤਾ ਗਿਆ ਹੈ। ਇਸ ਪ੍ਰੋਗਰਾਮ ਵਿੱਚ ਨਾਮ ਦਰਜ ਕਰਵਾਉਣ ਲਈ, ਬਿਨੈਕਾਰਾਂ ਨੂੰ ਆਪਣੇ ਵੇਰਵੇ ਭਰ ਕੇ ਅਤੇ ਲੋੜੀਂਦੇ ਦਸਤਾਵੇਜ਼ ਅਪਲੋਡ ਕਰਕੇ ਪੋਰਟਲ ’ਤੇ ਆਨਲਾਈਨ ਰਜਿਸਟਰ ਕਰਨਾ ਪੈਂਦਾ ਹੈ।

ਰਜਿਸਟਰਡ ਬਿਨੈਕਾਰਾਂ ਦੇ ਬਾਇਓਮੈਟ੍ਰਿਕਸ ਵਿਦੇਸ਼ੀ ਖੇਤਰੀ ਰਜਿਸਟ੍ਰੇਸ਼ਨ ਦਫ਼ਤਰ (FRRO) ਵਿੱਚ ਜਾਂ ਹਵਾਈ ਅੱਡੇ ਤੋਂ ਲੰਘਦੇ ਸਮੇਂ ਲਏ ਜਾਂਦੇ ਹਨ।

# ਬਿੱਲਾਂ ਨੂੰ ਮਨਜ਼ੂਰੀ: ਸੁਪਰੀਮ ਕੋਰਟ ਵੱਲੋਂ ਸਮੇਂ ਸੀਮਾ ਨਿਰਧਾਰਿਤ ਕਰਨ ਦੇ ਸਵਾਲ ’ਤੇ ਫੈਸਲਾ ਰਾਖਵਾਂ

**ਨਵੀਂ ਦਿੱਲੀ, 12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਰਾਸ਼ਟਰਪਤੀ ਦੇ ਹਵਾਲੇ ਬਾਰੇ ਦਸ ਦਿਨਾਂ ਤੱਕ ਦਲੀਲਾਂ ਸੁਣਨ ਮਗਰੋਂ ਵੀਰਵਾਰ ਨੂੰ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ। ਰਾਸ਼ਟਰਪਤੀ ਦੇ ਹਵਾਲੇ ਬਾਰੇ ਪੁੱਛਿਆ ਗਿਆ ਸੀ ਕਿ ਕੀ ਇਕ ਸੰਵਿਧਾਨਕ ਕੋਰਟ ਸੂਬਾਈ ਵਿਧਾਨ ਸਭਾਵਾਂ ਵੱਲੋਂ ਪਾਸ ਕਾਨੂੰਨਾਂ ਨੂੰ ਮਨਜ਼ੂਰੀ ਦੇਣ ਲਈ ਰਾਜਪਾਲਾਂ ਤੇ ਰਾਸ਼ਟਰਪਤੀ ਲਈ ਕੋਈ ਸਮਾਂ ਸੀਮਾ ਨਿਰਧਾਰਿਤ ਕਰ ਸਕਦੀ ਹੈ। ਚੀਫ਼ ਜਸਟਿਸ ਬੀਆਰ ਗਵਈ ਤੇ ਜਸਟਿਸ ਸੂਰਿਆਕਾਂਤ, ਜਸਟਿਸ ਵਿਕਰਮਨਾਥ, ਜਸਟਿਸ ਏਐੱਸ ਚੰਦੂਕਰ ਦੇ ਸੰਵਿਧਾਨਕ ਬੈਂਚ ਨੇ 19 ਅਗਸਤ ਨੂੰ ਇਸ ਸੰਦਰਭ ਵਿਚ ਸੁਣਵਾਈ ਸ਼ੁਰੂ ਕੀਤੀ ਸੀ ਤੇ ਅੱਜ ਫੈਸਲਾ ਸੁਰੱਖਿਅਤ ਰੱਖ ਲਿਆ। ਦੇਸ਼ ਦੇ ਸਰਬਉਚ ਕਾਨੂੰਨ ਅਧਿਕਾਰੀ ਅਟਾਰਨੀ ਜਨਰਲ ਆਰ.ਵੈਂਕਟਰਮਨੀ ਦੀਆਂ ਦਲੀਲਾਂ ਮੁਕੰਮਲ ਹੋਣ ਮਗਰੋਂ ਮਾਮਲੇ ਨੂੰ ਬੈਂਚ ਵੱਲੋਂ ਫੈਸਲੇ ਲਈ ਸੁਰੱਖਿਅਤ ਰੱਖ ਲਿਆ ਗਿਆ। ਕੇਂਦਰ ਵੱਲੋਂ ਪੇਸ਼ ਹੋਏ ਸੌਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਵਿਰੋਧੀ ਧਿਰ ਵੱਲੋਂ ਸ਼ਾਸਿਤ ਤਾਮਿਲਨਾਡੂ, ਪੱਛਮੀ ਬੰਗਾਲ, ਕੇਰਲ, ਕਰਨਾਟਕ, ਤਿਲੰਗਾਨਾ, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀਆਂ ਦਲੀਲਾਂ ਦਾ ਵਿਰੋਧ ਕਰਦੇ ਹੋਏ ਆਪਣੀਆਂ ਦਲੀਲਾਂ ਪੂਰੀਆਂ ਕੀਤੀਆਂ, ਜਿਨ੍ਹਾਂ ਨੇ ਸੰਦਰਭ ਦਾ ਵਿਰੋਧ ਕੀਤਾ ਸੀ। ਮਈ ਵਿੱਚ, ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸੰਵਿਧਾਨ ਦੀ ਧਾਰਾ 143 (1) ਤਹਿਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਸੁਪਰੀਮ ਕੋਰਟ ਤੋਂ ਇਹ ਜਾਣਨ ਦੀ ਮੰਗ ਕੀਤੀ ਸੀ ਕਿ ਕੀ ਰਾਜ ਵਿਧਾਨ ਸਭਾਵਾਂ ਵੱਲੋਂ ਪਾਸ ਕੀਤੇ



ਬਿੱਲਾਂ ’ਤੇ ਵਿਚਾਰ ਕਰਦੇ ਸਮੇਂ ਰਾਸ਼ਟਰਪਤੀ ਵੱਲੋਂ ਵਿਵੇਕ ਦੀ ਵਰਤੋਂ ਲਈ ਨਿਆਂਇਕ ਹੁਕਮਾਂ ਤਹਿਤ ਸਮਾਂ-ਸੀਮਾ ਨਿਰਧਾਰਤ ਕੀਤੀ ਜਾ ਸਕਦੀ ਹੈ।

## ਸਹਿਕਾਰੀ ਸਭਾਵਾਂ ’ਚ ਡੀ.ਏ.ਪੀ. ਦੀ ਕਾਲਾਬਾਜਾਰੀ ਵਿਰੁੱਧ ਮੁਹਿੰਮ

# ਡੀ.ਏ.ਪੀ. ਦੀ ਕਾਲਾਬਾਜਾਰੀ ਰੋਕਣ ਲਈ ਸਖ਼ਤ ਹਦਾਇਤਾਂ ਜਾਰੀ, ਜ਼ਿਲ੍ਹੇ ਦੀਆਂ ਸਹਿਕਾਰੀ ਸਭਾਵਾਂ ਅੰਦਰ 4400 ਮੀਟਰਿਕ ਟਨ ਖਾਦ ਸਪਲਾਈ

**ਪਟਿਆਲਾ, 12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਵਿੱਚ ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਵੱਲੋਂ ਵਰਤੀ ਜਾਂਦੀ ਖਾਦ ਡੀ.ਏ.ਪੀ. ਦੀ ਕਾਲਾ ਬਜਾਰੀ ਨੂੰ ਰੋਕਣ ਲਈ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ, ਪਟਿਆਲਾ ਵੱਲੋਂ ਸਖ਼ਤ ਕਦਮ ਚੁੱਕੇ ਗਏ ਹਨ।ਇਹ ਜਾਣਕਾਰੀ ਦਿੰਦਿਆਂ ਸਹਿਕਾਰਤਾ ਵਿਭਾਗ ਪਟਿਆਲਾ ਦੇ ਉਪ ਰਜਿਸਟਰਾਰ ਸੰਗਰਾਮ ਸਿੰਘ ਸੰਧੂ ਨੇ ਕਿਹਾ ਕਿ ਇਸ ਸਬੰਧੀ ਸਮੂਹ ਸਹਾਇਕ ਰਜਿਸਟਰਾਰ ਅਤੇ ਇੰਸਪੈਕਟਰਜ਼ ਨੂੰ ਹਦਾਇਤ ਕਰ ਦਿੱਤੀ ਗਈ ਹੈ ਕਿ ਉਹ ਆਪਣੇ ਇਲਾਕਿਆਂ ਦੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ’ਚ ਡੀ.ਏ.ਪੀ. ਦੀ ਵਿਕਰੀ ’ਤੇ ਨਿਗਰਾਨੀ ਰੱਖਣ ਅਤੇ ਕਿਸੇ ਵੀ ਤਰ੍ਹਾਂ



ਦੀ ਗ਼ੈਰਕਾਨੂੰਨੀ ਗਤੀਵਿਧੀ ਨੂੰ ਰੋਕਣ ਲਈ ਤੁਰੰਤ ਕਾਰਵਾਈ ਯਕੀਨੀ ਬਣਾਉਣ।

ਸੰਗਰਾਮ ਸਿੰਘ ਸੰਧੂ ਨੇ ਕਿਹਾ ਕਿ ਕਿਸੇ ਵੀ ਸਹਿਕਾਰੀ ਸਭਾ ਵੱਲੋਂ ਡੀ.ਏ.ਪੀ. ਦੀ ਕਾਲਾਬਜਾਰੀ, ਮਾਲ ਸਟੌਕ ਕਰਨਾ ਜਾਂ ਉੱਚੀ ਕੀਮਤ ’ਤੇ ਵਿਕਰੀ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਮੈਂਬਰ ਨੂੰ ਅਜਿਹੀ ਗਤੀਵਿਧੀ ਦੀ ਜਾਣਕਾਰੀ ਮਿਲਦੀ ਹੈ ਜਾਂ ਨਿਰਧਾਰਤ ਕੀਮਤ ਤੋਂ ਵੱਧ ਰੇਟ ’ਤੇ ਖਾਦ ਵੇਚੀ ਜਾਂਦੀ ਹੈ, ਤਾਂ ਉਹ ਤੁਰੰਤ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ, ਜ਼ਿਲ੍ਹਾ ਪਟਿਆਲਾ ਨਾਲ ਉਨ੍ਹਾਂ ਦੇ ਫੋਨ ਨੰਬਰ 81466-01618 ’ਤੇ ਸੰਪਰਕ ਕਰ ਸਕਦੇ ਹਨ।

ਇਸਦੇ ਨਾਲ ਨਾਲ, ਸਹਿਕਾਰੀ ਸਭਾਵਾਂ ਦੇ ਸਮੂਹ ਕਿਸਾਨ ਮੈਂਬਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਅਫਵਾਹਾਂ ਤੋਂ ਸਾਵਧਾਨ ਰਹਿਣ, ਕਿਉਂਕਿ ਹੁਣ ਤਕ ਜ਼ਿਲ੍ਹੇ ਦੀਆਂ ਸਹਿਕਾਰੀ ਸਭਾਵਾਂ ਅੰਦਰ 4400 ਮੀਟਰਿਕ ਟਨ ਖਾਦ ਸਪਲਾਈ ਕੀਤਾ ਜਾ ਚੁੱਕਿਆ ਹੈ।ਜ਼ਿਲ੍ਹੇ ਵਿੱਚ ਖਾਦ ਦੀ ਲੋੜ ਅਨੁਸਾਰ ਪੂਰਤੀ ਲਈ ਸਰਕਾਰ ਵੱਲੋਂ ਲਾਜ਼ਮੀ ਉਪਾਅ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਸਬੰਧੀ ਜ਼ਿੰਮੇਵਾਰਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਉਪ ਰਜਿਸਟਰਾਰ ਨੇ ਕਿਹਾ ਕਿ ਕਣਕ ਤੇ ਸਬਜ਼ੀਆਂ ਦੀ ਬਿਜਾਈ ਲਈ ਕਿਸਾਨਾਂ ਨੂੰ ਲੋੜੀਂਦੀ ਡੀ.ਏ.ਪੀ. ਖਾਦ ਦੀ ਸਪਲਾਈ ਯਕੀਨੀ ਬਣਾਉਣ ਲਈ ਜ਼ਿਲ੍ਹੇ ਅੰਦਰ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਸਹਿਕਾਰਤਾ ਵਿਭਾਗ ਦੇ ਅਧਿਕਾਰੀਆਂ ਵੱਲੋਂ ਨਿਰੰਤਰ ਚੈਕਿੰਗ ਕੀਤੀ ਜਾ ਰਹੀ ਹੈ। ਡੀ.ਏ.ਪੀ. ਦੀ ਸਭਾਵਾਂ ਅੰਦਰ ਕਿਸੇ ਤਰ੍ਹਾਂ ਦੀ ਬਲੈਕਮਾਰਕੀਟਿੰਗ ਅਤੇ ਜਮ੍ਹਾਂਖੋਰੀ ਦੀ ਚੈਕਿੰਗ ਦੇ ਨਾਲ-ਨਾਲ ਕਿਸਾਨਾਂ ਨੂੰ ਡੀ.ਏ.ਪੀ. ਦੀ ਵੰਡ ਹੱਦ ਕਰਜੇ ਮੁਤਾਬਕ ਕੀਤੀ ਜਾਣੀ ਵੀ ਯਕੀਨੀ ਬਣਾਈ ਜਾ ਰਹੀ ਹੈ।ਪਟਿਆਲਾ ਜ਼ਿਲ੍ਹੇ ’ਚ ਸਹਿਕਾਰੀ ਸਭਾਵਾਂ ਦੇ ਉਪ ਰਜਿਸਟਰਾਰ ਸੰਗਰਾਮ ਸਿੰਘ ਸੰਧੂ ਦਾ ਕਹਿਣਾ ਸੀ ਕਿ ਉਨ੍ਹਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਡੀ.ਏ.ਪੀ. ਦੀ ਆ ਰਹੀ ਸਪਲਾਈ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਕਿਸਾਨ ਮੈਂਬਰਾਂ ਨੂੰ ਤਕਸੀਮ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਇਸੇ ਦੌਰਾਨ ਕਿਸਾਨਾਂ ਨੂੰ ਵੀ ਸਲਾਹ ਦਿੱਤੀ ਕਿ ਉਹ ਖੇਤੀਬਾੜੀ ਮਾਹਰਾਂ ਦੀ ਰਾਏ ਮੁਤਾਬਕ ਹੀ ਡੀ.ਏ.ਪੀ. ਦੀ ਵਰਤੋਂ ਆਪਣੇ ਖੇਤਾਂ ਵਿੱਚ ਕਰਨ। ਉਪ ਰਜਿਸਟਰਾਰ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਡੀ.ਏ.ਪੀ. ਦੀ ਬਲੈਕਮਾਰਕੀਟਿੰਗ, ਜਮ੍ਹਾਂਖੋਰੀ ਤੇ ਕਿਸਾਨਾਂ ਨੂੰ ਇਸ ਦੀ ਵੰਡ ਹੱਦ ਕਰਜੇ ਮੁਤਾਬਕ ਕੀਤੇ ਜਾਣ ਦੀ ਚੈਕਿੰਗ ਉਹ ਖ਼ੁਦ ਅਤੇ ਉਨ੍ਹਾਂ ਦੇ ਸਹਾਇਕ ਰਜਿਸਟਰਾਰ ਸਮੇਤ ਸਾਰੇ ਇੰਸਪੈਕਟਰ ਕਰ ਰਹੇ ਹਨ।

# ਮੁੱਖ ਮੰਤਰੀ ਭਗਵੰਤ ਮਾਨ ਨੂੰ ਹਸਪਤਾਲ ’ਚੋਂ ਛੁੱਟੀ ਮਿਲੀ



**ਮੁਹਾਲੀ, 12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅੱਜ ਸ਼ਾਮ ਵੇਲੇ ਹਸਪਤਾਲ ਤੋਂ ਛੁੱਟੀ ਮਿਲ ਗਈ। ਉਹ ਸਾਢੇ ਚਾਰ ਵਜੇ ਹਸਪਤਾਲ ਵਿੱਚੋਂ ਘਰ ਲਈ ਰਵਾਨਾ ਹੋਏ।

ਮੁੱਖ ਮੰਤਰੀ ਭਗਵੰਤ ਮਾਨ ਪੱਤਰਕਾਰਾਂ ਨਾਲ ਕੋਈ ਗੱਲ ਕੀਤੇ ਬਿਨਾਂ ਗੱਡੀ ਵਿੱਚ ਬੈਠਿਆਂ ਹੀ ਸਿਰਫ ਹੱਥ ਜੋੜ ਕੇ ਫਤਿਹ ਬੁਲਾ ਰਵਾਨਾ ਹੋਏ। ਉਹ 5 ਸਤੰਬਰ ਦੀ ਰਾਤ ਤੋਂ ਮੁਹਾਲੀ ਦੇ ਫੇਜ਼ ਅੱਠ ਦੇ ਫੋਰਟਿਸ ਹਸਪਤਾਲ ਵਿੱਚ ਜ਼ੇਰੇ ਇਲਾਜ ਸਨ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਪਿਛਲੇ ਪੰਜ ਦਿਨਾਂ ਤੋਂ ਬੁਖ਼ਾਰ ਅਤੇ ਇਨਫ਼ੈਕਸ਼ਨ ਤੋਂ ਪੀੜਤ ਸਨ। ਉਨ੍ਹਾਂ ਦਾ ਪਹਿਲੇ ਦੋ ਦਿਨ ਮੁੱਖ ਮੰਤਰੀ ਰਿਹਾਇਸ਼ ਉੱਤੇ ਹੀ ਇਲਾਜ ਕੀਤਾ ਗਿਆ ਪਰ ਸ਼ੁੱਕਰਵਾਰ ਰਾਤ ਨੂੰ ਉਨ੍ਹਾਂ ਨੂੰ ਫੋਰਟਿਸ ਹਸਪਤਾਲ ਲਿਆਂਦਾ ਗਿਆ।

# ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼, 6 ਗ੍ਰਿਫ਼ਤਾਰ

**ਚੰਡੀਗੜ੍ਹ,12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲੀਸ ਨੇ ਵੀਰਵਾਰ ਨੂੰ ਸਰਹੱਦ ਪਾਰੋਂ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕਰਦਿਆਂ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਉਨ੍ਹਾਂ ਕੋਲੋਂ ਛੇ ਅਤਿ-ਆਧੁਨਿਕ ਹਥਿਆਰ ਅਤੇ 5.75 ਲੱਖ ਰੁਪਏ ਵੀ ਬਰਾਮਦ ਕੀਤੇ ਗਏ ਹਨ।

ਇਹ ਗਿਰੋਹ ਮਹਿਕਪ੍ਰੀਤ ਸਿੰਘ ਉਰਫ਼ ਰੋਹਿਤ ਵੱਲੋਂ ਉਸਦੇ ਵਿਦੇਸ਼-ਅਧਾਰਤ ਹੈਂਡਲਰਾਂ ਦੇ ਨਿਰਦੇਸ਼ਾਂ ’ਤੇ ਚਲਾਇਆ ਜਾ ਰਿਹਾ ਸੀ। ਉਨ੍ਹਾਂ ਨੇ ਦੱਸਿਆ ਕਿ ਅੰਮ੍ਰਿਤਸਰ ਪੁਲੀਸ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਜਾਂਚ ਦੇ ਵੱਖ-ਵੱਖ ਪੜਾਵਾਂ ’ਤੇ ਕਈ ਬਰਾਮਦਗੀਆਂ ਕੀਤੀਆਂ ਗਈਆਂ।

ਡੀਜੀਪੀ ਨੇ ਐਕਸ ’ਤੇ ਇੱਕ ਪੋਸਟ ਵਿੱਚ ਕਿਹਾ, ÷ਪਰਗਟ ਸਿੰਘ ਨੂੰ ਸ਼ੁਰੂ ਵਿੱਚ ਸਰਹੱਦ ਪਾਰ ਤੋਂ ਆਈ ਖੇਪ ਵਿੱਚੋਂ ਦੋ ਹਥਿਆਰਾਂ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਅਗਲੀ ਜਾਂਚ ਦੌਰਾਨ ਅਜੇਬੀਰ ਸਿੰਘ, ਕਰਨਬੀਰ ਸਿੰਘ ਅਤੇ ਸ਼੍ਰੀ ਰਾਮ ਨੂੰ ਹੋਰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ।

## ਈਡੀ ਵੱਲੋਂ ਹਰਿਆਣਾ ਸਣੇ ਕਈ ਰਾਜਾਂ ਵਿਚ ਛਾਪੇ

**ਨਵੀਂ ਦਿੱਲੀ, 12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਐੱਨਫੋਰਸਮੈਂਟ ਡਾਇਰੈਕਟੋਰੇਟ (54) ਨੇ ਵੀਰਵਾਰ ਨੂੰ 650 ਕਰੋੜ ਰੁਪਏ ਦੇ ਕਥਿਤ ਜਾਅਲੀ ਜੀਐਸਟੀ ਇਨਪੁੱਟ ਟੈਕਸ ਕ੍ਰੈਡਿਟ ਦਾਅਵੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਕਈ ਰਾਜਾਂ ਵਿੱਚ ਛਾਪੇ ਮਾਰੇ।

ਸੂਤਰਾਂ ਨੇ ਦੱਸਿਆ ਕਿ ਸੰਘੀ ਜਾਂਚ ਏਜੰਸੀ ਦੇ ਗੁਹਾਟੀ ਦਫ਼ਤਰ ਵੱਲੋਂ ਅਰੁਣਾਚਲ ਪ੍ਰਦੇਸ਼, ਹਰਿਆਣਾ, ਦਿੱਲੀ, ਤਾਮਿਲਨਾਡੂ ਅਤੇ ਤਿਲੰਗਾਨਾ ਵਿੱਚ ਕਈ ਥਾਵਾਂ ’ਤੇ ਛਾਪੇ ਮਾਰੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਮਨੀ ਲਾਂਡਰਿੰਗ ਰੋਕਥਾਮ ਐਕਟ ਤਹਿਤ ਕੀਤੀ ਜਾ ਰਹੀ ਹੈ।

## ਕੰਗਨਾ ਦੀ ਕੇਸ ਰੱਦ ਬਾਰੇ ਅਰਜ਼ੀ ’ਤੇ ਸੁਣਵਾਈ ਅੱਜ



**ਨਵੀਂ ਦਿੱਲੀ, 12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਦਿੱਲੀ ਦੀਆਂ ਬਰੂਹਾਂ ’ਤੇ ਚੱਲੇ ਅੰਦੋਲਨ ਦੌਰਾਨ ਕੰਗਨਾ ਰਣੌਤ ਵੱਲੋਂ ਇੱਕ ਬਿਰਧ ਮਾਈ ’ਤੇ ਕੀਤੀ ਟਿੱਪਣੀ ਨਾਲ ਸਬੰਧਤ ਮਾਣਹਾਨੀ ਕੇਸ ਨੂੰ ਰੱਦ ਕਰਨ ਲਈ ਰਣੌਤ ਦੀ ਅਰਜ਼ੀ ’ਤੇ ਸੁਪਰੀਮ ਕੋਰਟ ਭਲਕੇ ਸੁਣਵਾਈ ਕਰੇਗੀ। ਇਸ ਤੋਂ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੰਗਨਾ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ। ਜਿਸ ਤੋਂ ਬਾਅਦ ਹੁਣ ਕੰਗਨਾ ਨੇ ਉਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ। ਜਸਟਿਸ ਵਿਕਰਮ ਨਾਥ ਅਤੇ ਸੰਦੀਪ ਮਹਿਤਾ ਦਾ ਬੈਂਚ ਇਸ ਮਾਮਲੇ ਦੀ ਸੁਣਵਾਈ ਕਰੇਗਾ। ਅਦਾਕਾਰਾ ਤੋਂ ਸਿਆਸਤਦਾਨ ਬਣੀ ਕੰਗਨਾ ਰਣੌਤ ਵਿਰੁੱਧ ਇਹ ਕੇਸ ਉਸ ਦੇ ਇੱਕ ਟਵੀਟ ਨਾਲ ਸਬੰਧਤ ਹੈ ਜਿਸ ਵਿੱਚ ਉਸ ਨੇ 2020-21 ਦੇ ਕਿਸਾਨ ਪ੍ਰਦਰਸ਼ਨਾਂ ਦੌਰਾਨ ਇੱਕ ਮਹਿਲਾ ਪ੍ਰਦਰਸ਼ਨਕਾਰੀ ਬਾਰੇ ਆਪਣੀ ਟਿੱਪਣੀ ਕੀਤੀ ਸੀ।

# ਐਚਐਮਡੀ ਉਪਹਾਰੀ ਧਮਾਕਾ: 8 ,999 ਦੀ ਕਿਫਾਇਤੀ ਕੀਮਤ ਐਚਐਮਡੀ ਵਾਈਬ 5ਜੀ ਵਿੱਚ ਉਪਲਬਧ

**ਲੁਧਿਆਣਾ, 12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮਨੁੱਖੀ-ਕੇਂਦਰਿਤ ਮੋਬਾਈਲ ਉਪਕਰਣਾਂ ਦੇ ਵਿਨਿਮਾਤਾ, ਐਚਐਮਡੀ ਨੇ ਅੱਜ ਭਾਰਤੀ ਬਾਜ਼ਾਰ ਲਈ ਆਪਣੇ ਨਵੇਂ ਉਪਕਰਣਾਂ ਦੇ ਪੋਰਟਫੋਲੀਓ ਵਿੱਚ ਤਿੰਨ ਪਸੰਦ ਨਵੇਂ ਉਤਪਾਦ - ਐਚਐਮਡੀ ਵਾਈਬ 5ਜੀ, ਐਚਐਮਡੀ 101 4ਜੀ ਅਤੇ 8$4 102 47 - ਲਾਂਚ ਕਰਨ ਦੀ ਘੋਸ਼ਣਾ ਦੀ। ਇਹ ਨਵੇਂ ਉਤਪਾਦ ਐਚ.ਐਮ.ਡੀ. ਦੇ ਪੋਰਟਫੋਲਿਓ ਦਾ ਵਿਸਤਾਰ ਦਾ ਮਕਸਦ ਹੈ, ਉਪਭੋਗਤਾਵਾਂ ਦੀ ਵੱਖ-ਵੱਖ ਕਿਸਮਾਂ ਨੂੰ ਪੂਰਾ ਕਰਨਾ। ਇਹ ਕਿਫਾਇਤੀ ਬਨਸਪਤੀ ਦੇ 5ਜੀ ਪ੍ਰਦਰਸ਼ਨ ਤੋਂ ਪਾਰਲੀਮੈਂਟ ਅਤੇ ਭਰੋਸੇਯੋਗ 4ਜੀ ਫੀਚਰ ਫੋਨ ਸ਼ਾਮਲ ਹਨ। ਐਚ.ਐਮ.ਡੀ. ਅਤੇ




ਏਸ਼ੀਆ ਪ੍ਰਸ਼ਾਸ਼ਨ ਦੇ ਕਮਿਸ਼ਨਰ ਅਤੇ ਮੁੱਖ ਕਾਰਜਕਾਰੀ ਇੰਡੀਆ, ਰਵੀ ਕੁੰਵਰ ਨੇ ਇਸ ਨੂੰ ਲਾਂਚ ਕੀਤਾ ਹੈ, ਇਸ ਉੱਤੇ ਆਪਣੀ ਟਿੱਪਣੀ ਵਿੱਚ ਕਿਹਾ ਗਿਆ ਹੈ, ਐਚਐਮਡੀ ਵਾਈਬ 5ਜੀ, ਐਚਐਮਡੀ 101 4ਜੀ ਅਤੇ ਐਚਐਮਡੀ 102 4ਜੀ ਨੂੰ ਸਾਡੇ ਗਾਹਕਾਂ ਦੀ ਬਦਲੀ ਨੂੰ ਪੂਰਾ ਕਰਨ ਦੀ ਲੋੜ ਹੈ। 5ਜੀ ਸਮਾਰਟਫੋਨ ਦੇ ਨਾਲ, ਸਾਡੇ ਰੋਜ਼ਾਨਾ ਲਿੰਕਾਂ ਲਈ ਸੰਪਰਕ ਅਤੇ ਹੋਰ ਤੁਹਾਡੇ ਲਈ ਲਿੰਕ ਹਨ, ਅਤੇ ਐਚਐਮਡੀ 101 4ਜੀ ਅਤੇ ਐਚਐਮਡੀ 102 4ਜੀ ਦੇ ਨਾਲ, ਸਾਨੂੰ ਉਹ ਸਧਾਰਨਤਾ ਅਤੇ ਵਿਕਾਸ ਪ੍ਰਦਾਨ ਕਰਦਾ ਹੈ ਜਿਸ ਦੀ ਮਦਦ ਨਾਲ ਕਈ ਉਪਭੋਗਤਾਵਾਂ ਦੇ ਜੀਵਨ ਵਿੱਚ ਸ਼ਾਮਲ ਹੁੰਦੇ ਹਨ। ਐਚਐਮਡੀ ਵਾਈਬ 5ਜੀ ਕੋ ਉਹਾਰ ਕੇ ਮੌਕੇ ’ਤੇ ?8,999 ਦੀ ਵਿਸ਼ੇਸ਼ ਰੂਪ ਤੋਂ ਕਿਫਾਇਤੀ ਕੀਮਤ ਲਾਂਚ ਕੀਤੀ ਜਾ ਰਹੀ ਹੈ। ਇਸਦੇ ਨਾਲ ਹੀ, ਐਚਐਮਡੀ 101 4ਜੀ ਅਤੇ ਐਚਐਮਡੀ 102 4ਜੀ ਕ੍ਰਮ: 1,899 ਅਤੇ 2,199 ਦੀ ਸ਼ੁਰੂਆਤੀ ਕੀਮਤ ’ਤੇ ਉਪਲਬਧ ਹੋਵੇਗੀ। ਇਹ ਫੋਨ ਭਾਰਤ ਵਿੱਚ ਪ੍ਰਮੁੱਖ ਰਿਟੇਲ ਸਟੋਰ, ਪ੍ਰਮੁੱਖ ਈ-ਕਾਮਰਸ ਪਲੇਟਫਾਰਮ ਅਤੇ HMD.com 11 ਸਤੰਬਰ, 2025 ਤੋਂ ਉਪਲਬਧ ਹੋਵੇਗਾ। ਸਾਲ 2025 ਲਈ ਐਚ.ਐਮ.ਡੀ. ਦੁਆਰਾ ਨਿਯੋਜਿਤ ਚੋਣ ਉਪਲਬਧਤਾਵਾਂ ਬਾਰੇ ਵਧੇਰੇ ਜਾਣਕਾਰੀ ਲਈ ਅਸੀਂ ਚੈਕਿੰਗ ਕਰ ਰਹੇ ਹਾਂ। ਐਚਐਮਡੀ ਵਾਈਬ 5ਜੀ - ਵਾਈਬ ਦੇ ਨਾਲ ਸ਼ੁਰੂ ਕਰੋ 5ਜੀ ਦਾ ਸੁਰੱਖਿਅਤ-ਐਚਐਮਡੀ ਵਾਈਬ 5ਜੀ, ਐਚਐਮਡੀ ਕੇ ਕਿਫਾਇਤੀ 5ਜੀ ਸਮਾਰਟ ਸ਼੍ਰੇਣੀ ਵਿੱਚ ਦਾ ਪ੍ਰਤੀਕ ਹੈ, ਜੋ ਉਪਭੋਗਤਾਵਾਂ ਨੂੰ ਸਭ ਤੋਂ ਵਧੀਆ ਪ੍ਰੋਸੈਸਿੰਗ, ਵਧੀਆ ਵਿਜ਼ੁਅਲ ਅਤੇ ਸ਼ਾਨਦਾਰ ਕੈਮਰਾ ਸੈਟਅਪ ਦਾ ਸੰਗ੍ਰਹਿ ਪ੍ਰਦਾਨ ਕਰਦਾ ਹੈ।

# ਟਰੰਪ ਦੇ ਨਜ਼ਦੀਕੀ ਚਾਰਲੀ ਕਿਰਕ ਦੀ ਗੋਲੀ ਮਾਰ ਕੇ ਹੱਤਿਆ

**ਓਰੇਮ, 12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਰੂੜ੍ਹੀਵਾਦੀ ਕਾਰਕੁਨ ਅਤੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਨਜ਼ਦੀਕੀ ਸਹਿਯੋਗੀ ਚਾਰਲੀ ਕਿਰਕ(31) ਨੂੰ ਬੁੱਧਵਾਰ ਨੂੰ ਯੂਟਾ ਕਾਲਜ ਦੇ ਇੱਕ ਸਮਾਗਮ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਕਤਲ ਨੂੰ ਰਾਜ ਦੇ ਗਵਰਨਰ ਨੇ ‘ਰਾਜਨੀਤਿਕ ਕਤਲ’ ਕਿਹਾ ਹੈ। ਯੂਟਾ ਦੇ ਗਵਰਨਰ ਸਪੈਨਸਰ ਕੌਕਸ ਨੇ ਕਿਹਾ ਕਿ ਬੁੱਧਵਾਰ ਸ਼ਾਮ ਨੂੰ ਇੱਕ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ, ਹਾਲਾਂਕਿ ਤੁਰੰਤ ਕੋਈ ਦੋਸ਼ ਐਲਾਨ ਨਹੀਂ ਕੀਤੇ ਗਏ।

ਕੌਕਸ ਨੇ ਕਿਹਾ, ਇਹ ਸਾਡੇ ਰਾਜ ਲਈ ਇੱਕ ਕਾਲਾ ਦਿਨ ਹੈ, ਅਸੀਂ ਹਰ ਉਸ ਵਿਅਕਤੀ ਦੀ ਸਰਗਰਮੀ ਨਾਲ ਭਾਲ ਕਰ ਰਹੇ ਹਾਂ ਜਿਸ ਕੋਲ ਗੋਲੀਬਾਰੀ ਨਾਲ ਸਬੰਧਤ ਕੋਈ ਵੀ ਜਾਣਕਾਰੀ ਹੈ।



ਯੂਟਾ ਦੇ ਅਧਿਕਾਰੀਆਂ ਨੇ ਕਿਹਾ ਕਿ ਹਮਲਾਵਰ ਨੇ ਕਾਲੇ ਰੰਗ ਦੇ ਕੱਪੜੇ ਪਾਏ ਹੋਏ ਸਨ ਅਤੇ ਕੈਂਪਸ ਵਿੱਚ ਕੁਝ ਦੂਰੀ ’ਤੇ ਇੱਕ ਛੱਤ ਤੋਂ ਗੋਲੀ ਚਲਾਈ ਸੀ। ਟਰੰਪ ਨੇ ਸੋਸ਼ਲ ਮੀਡੀਆ ’ਤੇ ਕਿਰਕ ਦੀ ਮੌਤ ਦਾ ਐਲਾਨ ਕਰਦਿਆਂ ਉਸ ਨੂੰ ਮਹਾਨ ਕਹਿ ਕੇ ਪ੍ਰਸ਼ੰਸਾ ਕੀਤੀ।

ਕਿਰਕ ਨੌਜਵਾਨ ਸੰਗਠਨ ਟਰਨਿੰਗ ਪੁਆਇੰਟ ਯੂਐਸਏ ਦੇ ਸਹਿ-ਸੰਸਥਾਪਕ ਅਤੇ ਸੀਈਓ ਸੀ। ਟਰੰਪ ਨੇ ਆਪਣੇ ਟਰੂਥ ਸੋਸ਼ਲ ਅਕਾਊਂਟ ’ਤੇ ਪੋਸਟ ਕੀਤਾ, ਸੰਯੁਕਤ ਰਾਜ ਅਮਰੀਕਾ ਵਿੱਚ ਚਾਰਲੀ ਨਾਲੋਂ ਵੱਧ ਨੌਜਵਾਨਾਂ ਦੇ ਦਿਲਾਂ ਨੂੰ ਕੋਈ ਨਹੀਂ ਸਮਝ ਸਕਿਆ।

ਯੂਟਾ ਵੈਲੀ ਯੂਨੀਵਰਸਿਟੀ ਤੋਂ ਸੋਸ਼ਲ ਮੀਡੀਆ ’ਤੇ ਪੋਸਟ ਕੀਤੇ ਗਏ ਵੀਡੀਓਜ਼ ਵਿੱਚ ਕਿਰਕ ਨੂੰ ਮਾਈਕ ਵਿੱਚ ਬੋਲਦੇ ਹੋਏ ਦਿਖਾਇਆ ਗਿਆ ਹੈ ਜਦੋਂ ਉਹ ਦਿ ਅਮਰੀਕਨ ਕਮਬੈਕ ਅਤੇ ਪਰੂਵ ਮੀ ਰੌਂਗ ਦੇ ਨਾਅਰਿਆਂ ਵਾਲੇ ਇੱਕ ਚਿੱਟੇ ਤੰਬੂ ਦੇ ਹੇਠਾਂ ਬੈਠਾ ਸੀ। ਇੱਕ ਗੋਲੀ ਚੱਲਣ ਦੀ ਆਵਾਜ਼ ਆਉਂਦੀ ਹੈ ਅਤੇ ਕਿਰਕ ਨੂੰ ਆਪਣੇ ਸੱਜੇ ਹੱਥ ਨਾਲ ਉੱਪਰ ਜਾਂਦੇ ਹੋਏ ਦੇਖਿਆ ਜਾ ਸਕਦਾ ਹੈ ਕਿਉਂਕਿ ਉਸ ਦੀ ਗਰਦਨ ਦੇ ਖੱਬੇ ਪਾਸੇ ਤੋਂ ਵੱਡੀ ਮਾਤਰਾ ਵਿੱਚ ਖ਼ੂਨ ਨਿਕਲਦਾ ਹੈ।

ਡਰ ਕਾਰਨ ਲੋਕਾਂ ਨੂੰ ਉੱਥੋਂ ਭੱਜਦੇ ਅਤੇ ਚੀਕਦੇ ਸੁਣਿਆ ਜਾਂਦਾ ਹੈ। ਏਪੀ ਨੇ ਪੁਸ਼ਟੀ ਕੀਤੀ ਕਿ ਵੀਡੀਓ ਯੂਟਾ ਵੈਲੀ ਯੂਨੀਵਰਸਿਟੀ ਕੈਂਪਸ ਵਿੱਚ ਸੋਰੇਨਸਨ ਸੈਂਟਰ ਦਾ ਸੀ।

# ਨੇਪਾਲ ’ਚ ਪ੍ਰਦਰਸ਼ਨਾਂ ਦੌਰਾਨ ਮ੍ਰਿਤਕਾਂ ਦੀ ਗਿਣਤੀ 31 ਹੋਈ, ਅੰਤਰਿਮ ਸਰਕਾਰ ਲਈ ਗੱਲਬਾਤ ਜਾਰੀ



**ਕਾਠਮੰਡੂ, 12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਕਾਠਮੰਡੂ ਘਾਟੀ ਵਿੱਚ ਚੱਲ ਰਹੇ Gen Z ਦੇ ਪ੍ਰਦਰਸ਼ਨਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ 31 ਹੋ ਗਈ ਹੈ। ਇਹ ਜਾਣਕਾਰੀ ਤ੍ਰਿਭੁਵਨ ਯੂਨੀਵਰਸਿਟੀ ਟੀਚਿੰਗ ਹਸਪਤਾਲ ਦੇ ਫੋਰੈਂਸਿਕ ਮੈਡੀਸਨ ਵਿਭਾਗ ਦੇ ਅਧਿਕਾਰੀਆਂ ਨੇ ਦਿੱਤੀ ਹੈ, ਜਿੱਥੇ ਪੋਸਟਮਾਰਟਮ ਲਈ ਲਾਸ਼ਾਂ ਲਿਆਂਦੀਆਂ ਗਈਆਂ ਹਨ। ਦ ਕਾਠਮੰਡੂ ਪੋਸਟ ਦੀ ਬੁੱਧਵਾਰ ਦੀ ਰਿਪੋਰਟ ਅਨੁਸਾਰ ਹੁਣ ਤੱਕ 25 ਪੀੜਤਾਂ ਦੀ ਪਛਾਣ ਦੀ ਮੁੱਢਲੀ ਪੁਸ਼ਟੀ ਹੋ ਚੁੱਕੀ ਹੈ। ਬਾਕੀ ਛੇ ਵਿਅਕਤੀਆਂ ਜਿਨ੍ਹਾਂ ਵਿੱਚ ਪੰਜ ਪੁਰਸ਼ ਅਤੇ ਇੱਕ ਔਰਤ ਸ਼ਾਮਲ ਹਨ, ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ।

ਇਸ ਦੌਰਾਨ ਦ ਕਾਠਮੰਡੂ ਪੋਸਟ ਦੀ ਰਿਪੋਰਟ ਅਨੁਸਾਰ ਸਾਬਕਾ ਨੇਪਾਲੀ ਪ੍ਰਧਾਨ ਮੰਤਰੀ ਖਨਾਲ ਦੀ ਪਤਨੀ ਦੀ ਹਾਲਤ ਇਸ ਸਮੇਂ ਗੰਭੀਰ ਹੈ। ਇਹ ਹਾਲਤ ਦੇਸ਼ ਭਰ ਵਿੱਚ ਹਿੰਸਕ ਪ੍ਰਦਰਸ਼ਨਾਂ ਦੌਰਾਨ ਹੋਏ ਇੱਕ ਅੱਗਜ਼ਨੀ ਹਮਲੇ ਕਾਰਨ ਹੋਈ ਹੈ। ਹਲਾਂਕਿ ਪਹਿਲਾਂ ਖ਼ਬਰਾਂ ਆ ਰਹੀਆਂ ਸਨ ਕਿ ਉਨ੍ਹਾਂ ਦੀ ਮੌਤ ਹੋ ਗਈ ਹੈ।

# ਪੰਜਾਬ ਵੱਲੋਂ 2024-25 ਪਿੜਾਈ ਸੀਜ਼ਨ ਲਈ ਗੰਨੇ ਦੀ ਅਦਾਇਗੀ ਲਈ 679.37 ਕਰੋੜ ਰੁਪਏ ਜਾਰੀ: ਹਰਪਾਲ ਸਿੰਘ ਚੀਮਾ

**ਚੰਡੀਗੜ੍ਹ,11 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਿਸਾਨ ਭਾਈਚਾਰੇ ਦੀ ਵਿੱਤੀ ਭਲਾਈ ਵੱਲ ਇੱਕ ਫੈਸਲਾਕੁੰਨ ਕਦਮ ਚੁੱਕਦਿਆਂ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਐਲਾਨ ਕੀਤਾ ਕਿ ਸੂਬਾ ਸਰਕਾਰ, ਜਿਸਨੇ ਦੇਸ਼ ਭਰ ਵਿੱਚ ਸਭ ਤੋਂ ਵੱਧ 401 ਰੁਪਏ ਪ੍ਰਤੀ ਕੁਇੰਟਲ ਗੰਨੇ ਦੀ ਖਰੀਦ ਦਰ ਦੀ ਪੇਸ਼ਕਸ਼ ਕੀਤੀ, ਵੱਲੋਂ ਸਾਲ 2024-25 ਦੇ ਪਿੜਾਈ ਸੀਜ਼ਨ ਲਈ ਗੰਨੇ ਦੀ ਅਦਾਇਗੀ ਲਈ 679.37 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ। ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਬੇ ਦੀਆਂ 9 ਸਹਿਕਾਰੀ ਮਿੱਲਾਂ ਨੂੰ ਗੰਨਾ ਮਿੱਲਾਂ, ਜਿਨ੍ਹਾਂ ਵੱਲੋਂ ਸੀਜ਼ਨ ਦੌਰਾਨ ਕੁੱਲ 194.66 ਲੱਖ ਕੁਇੰਟਲ ਗੰਨੇ ਦੀ ਪੀੜਾਈ ਕੀਤੀ ਕੀਤੀ ਗਈ, ਨੂੰ ਗੰਨਾ ਸਪਲਾਈ ਕਰਨ ਵਾਲੇ ਰਾਜ ਭਰ ਦੇ 18,771 ਕਿਸਾਨਾਂ ਨੂੰ ਇਸ ਅਦਾਇਗੀ ਦਾ ਲਾਭ ਪਹੁੰਚਿਆ ਹੈ। ਉਨ੍ਹਾਂ ਕਿਹਾ



ਕਿ 401 ਰੁਪਏ ਪ੍ਰਤੀ ਕੁਇੰਟਲ ਦੀ ਅਦਾਇਗੀ ਦਰ ਦੇ ਹਿਸਾਲ ਨਾਲ ਕਿਸਾਨਾਂ ਦਾ ਕੁੱਲ ਬਕਾਇਆ 779.86 ਕਰੋੜ ਰੁਪਏ ਸੀ ਅਤੇ ਬਾਕੀ ਰਹਿੰਦੇ 100.49 ਕਰੋੜ ਰੁਪਏ ਦੀ ਅਦਾਇਗੀ ਵੀ ਇਸ ਸਬੰਧੀ ਕੇਂਦਰੀ ਸਹਾਇਤਾ ਪ੍ਰਾਪਤ ਹੋਣ ‘ਤੇ ਜਲਦੀ ਹੀ ਕਰ ਦਿੱਤੀ ਜਾਵੇਗੀ। ਵਿੱਤ ਮੰਤਰੀ ਨੇ ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ 87 ਫੀਸਦੀ ਤੋਂ ਵੱਧ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ 9 ਸਹਿਕਾਰੀ ਖੰਡ ਮਿੱਲਾਂ ਵਿੱਚੋਂ ਅਜਨਾਲਾ ਲਈ 10 ਮਾਰਚ ਤੱਕ, ਬਟਾਲਾ ਲਈ 18 ਮਾਰਚ, ਭੋਗਪੁਰ ਲਈ 27 ਮਾਰਚ, ਬੁੱਢੇਵਾਲ ਲਈ 13 ਮਾਰਚ, ਫਾਜ਼ਿਲਕਾ ਲਈ 1 ਮਾਰਚ, ਗੁਰਦਾਸਪੁਰ ਲਈ 25 ਮਾਰਚ, ਮੋਰਿੰਡਾ ਲਈ 30 ਮਾਰਚ, ਨਵਾਂਸ਼ਹਿਰ ਲਈ 31 ਮਾਰਚ ਅਤੇ ਨਕੋਦਰ ਲਈ 22 ਫਰਵਰੀ ਤੱਕ ਗੰਨੇ ਦੀ ਖਰੀਦ ਦੇ ਬਕਾਏ ਕਲੀਅਰ ਕਰ ਦਿੱਤੇ ਗਏ ਹਨ। ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਸਮੇਂ ਸਿਰ ਭੁਗਤਾਨ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਗੰਨਾ ਉਤਪਾਦਕਾਂ ਦੀ ਵਿੱਤੀ ਸਥਿਰਤਾ ਨੂੰ ਤਰਜੀਹ ਦਿੰਦਿਆਂ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਦੇਸ ਦੇ ਅੰਨ ਭੰਡਾਰ ਵਿੱਚ ਯੋਗਦਾਨ ਪਾਉਣ ਵਾਲਿਆਂ ਦੇ ਮਾਣ ਸਤਕਾਰ ਨੂੰ ਬਹਾਲ ਰੱਖਣ ਅਤੇ ਇੱਕ ਲਚਕੀਲੇ ਖੇਤੀਬਾੜੀ ਅਰਥਚਾਰੇ ਨੂੰ ਉਤਸ਼ਾਹਿਤ ਕਰਨ ਦੀ ਨੀਤੀ ਦਾ ਪ੍ਰਮਾਣ ਹੈ।

# ਰਾਧਾਕ੍ਰਿਸ਼ਨਨ ਨੇ ਰਾਜਪਾਲ ਵਜੋਂ ਅਹੁਦਾ ਛੱਡਿਆ, ਉਪ ਰਾਸ਼ਟਰਪਤੀ ਵਜੋਂ ਅੱਜ ਚੁੱਕਣਗੇ ਸਹੁੰ



**ਨਵੀਂ ਦਿੱਲੀ, 12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੇ 15ਵੇਂ ਉਪ-ਰਾਸ਼ਟਰਪਤੀ ਚੁਣੇ ਗਏ ਸੀਪੀ ਰਾਧਾਕ੍ਰਿਸ਼ਨਨ ਨੇ ਅੱਜ ਮਹਾਰਾਸ਼ਟਰ ਦੇ ਰਾਜਪਾਲ ਵਜੋਂ ਅਹੁਦਾ ਛੱਡ ਦਿੱਤਾ ਹੈ ਅਤੇ ਗੁਜਰਾਤ ਦੇ ਰਾਜਪਾਲ ਆਚਾਰੀਆ ਦੇਵਵ੍ਰਤ ਨੂੰ ਸੂਬੇ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਰਾਧਾਕ੍ਰਿਸ਼ਨਨ ਨੂੰ ਭਲਕੇ ਰਾਸ਼ਟਰਪਤੀ ਭਵਨ ਵਿੱਚ ਰਾਸ਼ਟਰਪਤੀ ਦਰੋਪਦੀ ਮੁਰਮੂ ਵੱਲੋਂ ਅਹੁਦੇ ਦੀ ਸਹੁੰ ਚੁਕਾਈ ਜਾਵੇਗੀ।

ਸਹੁੰ ਚੁੱਕਣ ਤੋਂ ਪਹਿਲਾਂ ਰਾਸ਼ਟਰਪਤੀ ਭਵਨ ’ਤੇ ਇੱਕ ਕਮਿਊਨਿਸਟ ਨੇ ਕਿਹਾ, “ਸੀਪੀ ਰਾਧਾਕ੍ਰਿਸ਼ਨਨ ਵੱਲੋਂ ਮਹਾਰਾਸ਼ਟਰ ਦੇ ਰਾਜਪਾਲ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦੇ ਨਤੀਜੇ ਵਜੋਂ ਭਾਰਤ ਦੇ ਉਪ-ਰਾਸ਼ਟਰਪਤੀ ਵਜੋਂ ਚੁਣੇ ਜਾਣ ਕਾਰਨ, ਭਾਰਤ ਦੇ ਰਾਸ਼ਟਰਪਤੀ ਨੇ ਗੁਜਰਾਤ ਦੇ ਰਾਜਪਾਲ ਆਚਾਰੀਆ ਦੇਵਵ੍ਰਤ ਨੂੰ ਉਨ੍ਹਾਂ ਦੇ ਆਪਣੇ ਫਰਜ਼ਾਂ ਤੋਂ ਇਲਾਵਾ ਮਹਾਰਾਸ਼ਟਰ ਦੇ ਰਾਜਪਾਲ ਦੇ ਕਾਰਜਾਂ ਨੂੰ ਨਿਭਾਉਣ ਲਈ ਨਿਯੁਕਤ ਕੀਤਾ ਹੈ।”

ਰਾਧਾਕ੍ਰਿਸ਼ਨਨ ਨੂੰ ਬੀਤੇ ਦਿਨ ਚੋਣ ਕਮਿਸ਼ਨ ਵੱਲੋਂ ਜੇਤੂ ਸਰਟੀਫਿਕੇਟ ਦਿੱਤਾ ਗਿਆ ਸੀ।

ਉਨ੍ਹਾਂ ਮੰਗਲਵਾਰ ਨੂੰ ਉਪ-ਰਾਸ਼ਟਰਪਤੀ ਦੀ ਚੋਣ ਜਿੱਤੀ, ਜਿਸ ਵਿੱਚ ਕੁੱਲ 752 ਵੈਧ ਵੋਟਾਂ ਪਈਆਂ, ਜਿਨ੍ਹਾਂ ਵਿੱਚੋਂ 452 ਵੋਟਾਂ ਪ੍ਰਾਪਤ ਹੋਈਆਂ ਅਤੇ ਵਿਰੋਧੀ ਧਿਰ ਦੇ ਉਮੀਦਵਾਰ ਬੀ ਸੁਦਰਸ਼ਨ ਰੈੱਡੀ ਨੂੰ ਕਰਾਸ ਵੋਟਿੰਗ ਦੌਰਾਨ ਹਰਾਇਆ।

# ‘ਭੁੱਖਣ-ਭਾਣੇ ਲੜਨ ਲਈ ਮਜਬੂਰ ਕੀਤਾ ਜਾਂਦੈ’; ਰੂਸ-ਯੂਕਰੇਨ ਯੁੱਧ ’ਚ ਫਸੇ ਭਾਰਤੀਆਂ ਨੇ ਕੀਤਾ ਦਾਅਵਾ; ਵਿਦੇਸ਼ ਮੰਤਰਾਲੇ ਵੱਲੋਂ ਚਿਤਾਵਨੀ ਜਾਰੀ

**ਨਵੀਂ ਦਿੱਲੀ, 12 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਹਾਲ ਹੀ ਵਿੱਚ ਲਗਭਗ ਨੌਂ ਭਾਰਤੀ ਨਾਗਰਿਕਾਂ ਨੂੰ ਚੱਲ ਰਹੇ ਰੂਸ-ਯੂਕਰੇਨ ਯੁੱਧ ’ਚ ਲੜਨ ਲਈ ਰੂਸੀ ਫੌਜ ਵਿੱਚ ਭਰਤੀ ਕੀਤਾ ਗਿਆ ਹੈ। ਵਿਦੇਸ਼ ਮੰਤਰਾਲੇ (MEA) ਨੇ ਅੱਜ ਇੱਕ ਨਵੀਂ ਅਡਵਾਇਜ਼ਰੀ ਜਾਰੀ ਕੀਤੀ, ਜਿਸ ਵਿੱਚ ਨਾਗਰਿਕਾਂ ਨੂੰ ਅਜਿਹੀਆਂ ਪੇਸ਼ਕਸ਼ਾਂ ਤੋਂ ਸੁਚੇਤ ਰਹਿਣ ਦੀ ਤਾੜਨਾ ਕੀਤੀ ਅਤੇ ਇਸ ਰਸਤੇ ਨੂੰ ‘ਖ਼ਤਰੇ ਨਾਲ ਭਰਿਆ’ ਦੱਸਿਆ।

ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਦੱਸਿਆ, “ਅਸੀਂ ਹਾਲ ਹੀ ਵਿੱਚ ਰੂਸੀ ਫੌਜ ’ਚ ਭਾਰਤੀ ਨਾਗਰਿਕਾਂ ਨੂੰ ਭਰਤੀ ਕਰਨ ਬਾਰੇ ਰਿਪੋਰਟਾਂ ਦੇਖੀਆਂ ਹਨ। ਸਰਕਾਰ ਨੇ, ਪਿਛਲੇ ਸਾਲ ਕਈ ਮੌਕਿਆਂ ’ਤੇ, ਇਸ ਕਾਰਵਾਈ ਦੇ ਰਾਹ ਵਿੱਚ ਮੌਜੂਦ ਜੋਖਮਾਂ ਅਤੇ ਖ਼ਤਰਿਆਂ ਨੂੰ ਰੇਖਾਂਕਿਤ ਕੀਤਾ ਹੈ ਅਤੇ ਭਾਰਤੀ ਨਾਗਰਿਕਾਂ ਨੂੰ ਉਸ ਅਨੁਸਾਰ ਸਾਵਧਾਨ ਕੀਤਾ ਹੈ।”

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਾਰਤ ਨੇ ਮਾਸਕੋ ਨਾਲ ਵਾਰ-ਵਾਰ ਇਹ ਮੁੱਦਾ ਉਠਾਇਆ ਹੈ ਅਤੇ ਪਰਿਵਾਰਾਂ ਨੂੰ ਅਧਿਕਾਰੀਆਂ ਨਾਲ ਨਜ਼ਦੀਕੀ ਸੰਪਰਕ ਬਣਾਈ ਰੱਖਣ ਦੀ ਅਪੀਲ ਕੀਤੀ ਹੈ।

ਜੈਸਵਾਲ ਨੇ ਕਿਹਾ, “ਅਸੀਂ ਇਸ ਪ੍ਰਥਾ ਨੂੰ ਖਤਮ ਕਰਨ ਅਤੇ ਸਾਡੇ ਨਾਗਰਿਕਾਂ ਦੀ ਰਿਹਾਈ ਦੀ ਮੰਗ ਕਰਦਿਆਂ ਦਿੱਲੀ ਅਤੇ ਮਾਸਕੋ ਦੋਵਾਂ ਵਿੱਚ ਰੂਸੀ ਅਧਿਕਾਰੀਆਂ ਕੋਲ ਵੀ ਮਾਮਲਾ ਉਠਾਇਆ ਹੈ, ਅਸੀਂ ਪ੍ਰਭਾਵਿਤ ਭਾਰਤੀ ਨਾਗਰਿਕਾਂ ਦੇ ਪਰਿਵਾਰਾਂ ਨਾਲ ਵੀ ਸੰਪਰਕ ਵਿੱਚ ਹਾਂ।”

ਫਰੰਟਲਾਈਨ ਤੋਂ ਦੁਖਦਾਈ ਕਾਲਾਂ ਦੁਖੀ ਪਰਿਵਾਰਾਂ ਵੱਲੋਂ ਸਾਂਝੇ ਕੀਤੇ ਗਏ ਵੀਡੀਓ ਸੁਨੇਹਿਆਂ ਵਿੱਚ ਨੌਜਵਾਨ, ਬਹੁਤ ਸਾਰੇ ਪੰਜਾਬ, ਹਰਿਆਣਾ ਅਤੇ ਜੰਮੂ ਤੋਂ, ਰੂਸੀ ਫ਼ੌਜੀ ਵਰਦੀ ਪਹਿਨੇ ਹੋਏ ਅਤੇ ਤੁਰੰਤ ਦਖ਼ਲ ਦੀ ਅਪੀਲ ਕਰਦੇ ਦਿਖਾਈ ਦੇ ਰਹੇ ਹਨ।

ਲੁਧਿਆਣਾ ਤੋਂ ਸਮਰਜੀਤ ਸਿੰਘ ਨੇ ਪੰਜਾਬੀ ਵਿੱਚ ਬੋਲਦਿਆਂ ਕਿਹਾ, “ਅਸੀਂ ਰੂਸੀ ਫੌਜ ਵਿੱਚ ਫਸ ਗਏ ਹਾਂ। ਅਸੀਂ ਨੌਂ ਮੁੰਡੇ ਹਾਂ। ਅਸੀਂ ਇੱਥੇ ਵਿਦਿਆਰਥੀ ਵੀਜ਼ਾ ’ਤੇ ਆਏ ਸੀ। ਸਾਡੇ ਨਾਲ ਬਹੁਤ ਬੁਰਾ ਸਲੂਕ ਕੀਤਾ ਜਾ ਰਿਹਾ ਹੈ। ਸਾਨੂੰ ਖਾਣਾ ਨਹੀਂ ਮਿਲ ਰਿਹਾ ਹੈ ਅਤੇ ਸਾਨੂੰ ਰੋਜ਼ਾਨਾ ਫਰੰਟਲਾਈਨ ’ਤੇ ਭੇਜਿਆ ਜਾ ਰਿਹਾ ਹੈ।” ਜੰਮੂ ਤੋਂ ਸੁਮੀਤ ਸ਼ਰਮਾ ਨੇ ਵੀ ਇਸੇ ਤਰ੍ਹਾਂ ਦੇ ਡਰ ਨੂੰ ਦੁਹਰਾਉਂਦਿਆਂ ਕਿਹਾ, ਸਾਨੂੰ ਏਜੰਟਾਂ ਨੇ ਧੋਖਾ ਦਿੱਤਾ ਹੈ। ਅਸੀਂ ਭਾਜਪਾ ਸਰਕਾਰ ਨੂੰ ਜਲਦੀ ਤੋਂ ਜਲਦੀ ਸਾਡੀ ਮਦਦ ਕਰਨ ਦੀ ਅਪੀਲ ਕਰਦੇ ਹਾਂ।

ਇੱਕ ਹੋਰ ਵਿਅਕਤੀ ਬੂਟਾ ਸਿੰਘ ਨੇ ਦਾਅਵਾ ਕੀਤਾ ਕਿ ਉਨ੍ਹਾਂ ਵਿੱਚੋਂ ਕੁਝ ਪਹਿਲਾਂ ਹੀ ਲੜਾਈ ਵਿੱਚ ਮਰ ਚੁੱਕੇ ਹਨ। ਉਸ ਨੇ ਕਿਹਾ, “ਸਾਨੂੰ ਮਾਸਕੋ ਵਿੱਚ ਕੰਮ ਦੇਣ ਦਾ ਵਾਅਦਾ ਕੀਤਾ ਗਿਆ ਸੀ। ਇਸ ਦੀ ਬਜਾਏ, ਅਸੀਂ ਇਸ ਜੰਗ ਵਿੱਚ ਫਸ ਗਏ ਹਾਂ। ਸਥਿਤੀ ਭਿਆਨਕ ਹੈ, ਸਾਨੂੰ ਤੁਰੰਤ ਬਾਹਰ ਕੱਢੋ।”

ਸਰਕਾਰ ਤੋਂ ਜਵਾਬ ਮੰਗ ਰਹੇ ਨੇ ਪਰਿਵਾਰ ਪਿਛਲੇ ਸਾਲ ਦੌਰਾਨ ਟ੍ਰਿਬਿਊਨ ਨੇ ਉਨ੍ਹਾਂ ਦੇ ਪਰਿਵਾਰਾਂ ਵਿੱਚ ਵਧ ਰਹੀ ਪ੍ਰੇਸ਼ਾਨੀ ਬਾਰੇ ਵਿਆਪਕ ਤੌਰ ’ਤੇ ਰਿਪੋਰਟ ਇਕੱਠੀ ਕੀਤੀ ਹੈ ਜੋ 15 ਮਹੀਨਿਆਂ ਤੋਂ ਵੱਧ ਸਮੇਂ ਤੋਂ ਲਾਪਤਾ ਹਨ, ਜਿਨ੍ਹਾਂ ਨੂੰ ਕਥਿਤ ਤੌਰ ’ਤੇ ਯੂਕਰੇਨ ਨਾਲ ਰੂਸ ਦੀ ਜੰਗ ਵਿੱਚ ਸ਼ਾਮਲ ਹੋਣ ਲਈ ਮਜਬੂਰ ਕੀਤਾ ਗਿਆ ਸੀ। ਇਨ੍ਹਾਂ ਵਿੱਚੋਂ ਬਹੁਤ ਸਾਰੇ ਨੌਜਵਾਨ ਪੰਜਾਬ ਅਤੇ ਹਰਿਆਣਾ ਦੇ ਹਨ। ਇਸ ਗਰਮੀਆਂ ਦੇ ਸ਼ੁਰੂ ਵਿੱਚ ਲਾਪਤਾ ਲੋਕਾਂ ਦੇ ਰਿਸ਼ਤੇਦਾਰਾਂ ਨੇ ਨਵੀਂ ਦਿੱਲੀ ਦੇ ਜੰਤਰ-ਮੰਤਰ ’ਤੇ ਇੱਕ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਸਰਕਾਰ ਤੋਂ ਜਵਾਬ ਮੰਗੇ।

## ਕੁਝ ਕਹਿੰਦੀ ਐ ਤਸਵੀਰ...

• ਯਸ਼ਵੀਰ ਗੋਇਲ, ਬਠਿੰਡਾ



*ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ **ਕੌਮੀ ਪੱਤ੍ਰਿਕਾ** ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

ਵਿਅੰਗ

# ਲੀਡਰ ਜ਼ਿੰਦਾਬਾਦ!



*ਤੁਸੀਂ ਭਾਵੇਂ ਸਾਨੂੰ ਕੁੱਟੋ ਭਾਵੇਂ ਮਾਰੋ ਸਾਡੀ ਵਫ਼ਾਦਾਰੀ 'ਚ ਕਦੇ ਕੋਈ ਕਮੀ ਨਹੀਂ ਆਉਣੀ। ਅਸੀਂ ਸਦਾ ਤੁਹਾਡੇ ਨਾਲ ਹਾਂ। ਅਸੀਂ ਤਾਂ ਧੜੇਬੰਦੀਆਂ ਵਿਚ ਵੰਡੇ ਹੋਏ ਤੁਹਾਡੇ ਗ਼ੁਲਾਮ ਹਾਂ। ਗ਼ੁਲਾਮ ਕਦੇ ਹੱਕ ਨਹੀਂ ਮੰਗਦੇ ਹੁੰਦੇ। ਤੁਹਾਡੀ ਲੀਡਰੀ ਤੁਹਾਨੂੰ ਮੁਬਾਰਕ! ਸਾਡੀ ਗ਼ੁਲਾਮੀ ਸਾਨੂੰ ਮੁਬਾਰਕ ਹੋਵੇ...*



• ਜਸਵਿੰਦਰ ਸਿੰਘ ਢਿੱਲੋਂ
82849-16049

ਆਹ ਰਵਾਇਤੀ ਲੀਡਰ ਤਾਂ ਸਾਡੀ ਜ਼ਿੰਦਜਾਨ ਨੇ। ਅਸੀਂ ਪੰਜਾਬ ਦੇ ਮਹਾਨ ਲੋਕ ਆਪਣੇ ਪਰਿਵਾਰਾਂ ਦੀ ਓਨੀ ਫ਼ਿਕਰ ਨਹੀਂ ਕਰਦੇ ਜਿੰਨੀ ਅਸੀਂ ਪਰਿਵਾਰਵਾਦੀ, ਰਾਜਾਸ਼ਾਹੀ ਅਤੇ ਰਜਵਾੜਾਸ਼ਾਹੀ ਲੀਡਰਾਂ ਦੀ ਕਰਦੇ ਹਾਂ..? ਲੀਡਰੋ ਤੁਸੀਂ ਬੇਫ਼ਿਕਰ ਹੋ ਕੇ ਆਪਣੇ ਢਿੱਡ ਭਰੋ ਸਾਨੂੰ ਕੋਈ ਗੁੱਸਾ-ਗਿਲਾ ਨਹੀਂ। ਸਾਡੇ ਆਹ ਧਰਨਿਆਂ-ਧੁਰਨਿਆਂ ਦਾ ਅਤੇ ਹੜਤਾਲਾਂ-ਹੁੜਤਾਲਾਂ ਦਾ ਬਹੁਤਾ ਫ਼ਿਕਰ ਨਾ ਕਰਿਆ ਕਰੋ। ਇਹ ਤਾਂ ਅਸੀਂ ਵੈਸੇ ਹੀ ਸ਼ੁਗਲ-ਮੇਲਾ ਜਿਹਾ ਕਰ ਲੈਂਦੇ ਹਾਂ ਨਾਲੇ ਸਾਡੇ ਕਿਸਾਨਾਂ ਦੇ ਆਪੇ ਬਣੇ ਲੀਡਰਾਂ ਨੇ ਵੀ ਆਪਣੀ ਬੇਤੁਕੀ ਲੀਡਰੀ ਜਿਹੀ ਚਮਕਉਣੀ ਹੁੰਦੀ ਹੈ ਤਾਂ ਕਿ ਵੋਟਾਂ ਵੇਲੇ ਤੁਸੀਂ ਉਨ੍ਹਾਂ ਦਾ ਮਾੜਾ ਮੋਟਾ ਜਿਹਾ ਮੁੱਲ ਪਾ ਦਿਉਂ।

ਸਾਡੇ ਕੰਨਿਓਂ ਬੇਫ਼ਿਕਰ ਰਿਹਾ ਕਰੋ। ਜੇ ਅਸੀਂ ਫ਼ਸਲਾਂ ਦੇ ਭਾਅ ਲੈਣੇ ਹੋਣ, ਨਕਲੀ ਰੇਹਾਂ-ਸਪਰੇਹਾਂ ਤੋਂ ਬੱਚਣਾ ਹੋਵੇ, ਸਾਨੂੰ ਸੋਧੇ ਹੋਏ ਚੰਗੇ ਬੀ ਮਿਲਣ, ਜੇ ਅਸੀਂ ਝੋਨੇ ਵਰਗੀ ਮਾਰੂ ਫ਼ਸਲ ਤੋਂ ਖਹਿੜਾ ਛੁਡਾਉਣਾ ਹੋਵੇ, ਜੇ ਸਾਨੂੰ ਚੰਗੀਆਂ ਸਿਹਤ ਸਹੂਲਤਾਂ ਦੀ ਲੋੜ ਹੋਵੇ, ਜੇ ਅਸੀਂ ਆਪਣੇ ਬੱਚਿਆਂ ਲਈ ਮਿਆਰੀ ਸਿੱਖਿਆ ਚਾਹੁੰਦੇ ਹੋਈਏ... ਜੇ ਅਸੀਂ ਤਹਿਸੀਲਾਂ, ਥਾਣਿਆਂ ਤੇ ਕਚਹਿਰੀਆਂ ਵਿਚ ਬਿਨਾਂ ਰਿਸ਼ਵਤ ਤੋਂ ਕੰਮ ਕਰਾਉਣਾ ਹੋਵੇ ਜਾਂ ਜੇ ਅਸੀਂ ਆਪਣੇ ਧੀਆਂ-ਪੁੱਤਾਂ ਨੂੰ ਨੌਕਰੀ 'ਤੇ ਲਵਾਉਣਾ ਹੋਵੇ... ਮੁੱਕਦੀ ਗੱਲ ਬਈ ਜੇ ਅਸੀਂ ਆਵਦਾ ਭਲਾ ਚਾਹੁੰਦੇ ਹੋਈਏ ਤੇ ਫੇਰ ਅਸੀਂ ਵੋਟਾਂ ਵੇਲੇ ਥੋਡੀ ਗਿੱਚੀ ਨਾ ਫੜ੍ਹੀਏ...? ਜੇ ਅਸੀਂ ਚੰਗਾ ਚਾਹੁੰਦੇ ਹੋਈਏ ਫੇਰ ਅਸੀਂ ਇਮਾਨਦਾਰ ਆਵਦੇ ਲੀਡਰ ਨਾ ਚੁਣ ਲਈਏ?

ਤੁਹਾਨੂੰ ਫ਼ਿਕਰਮੰਦ ਹੋਣ ਦੀ ਕੋਈ ਲੋੜ ਨਹੀਂ। ਡੁਹਾਡਾ ਅਤੇ ਤੁਹਾਡੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਹੈ। ਸਾਡੀ ਵਫ਼ਾਦਾਰੀ ਦਾ ਤਾਂ ਤੁਹਾਨੂੰ ਵੀ ਅੰਦਾਜ਼ਾ ਹੋਣਾ। ਤੁਸੀਂ ਜਦੋਂ ਵੀ ਸਾਡੇ ਪਿੰਡ ਆਉਂਦੇ ਹੋ ਅਸੀਂ ਕਦੇ ਵਿਰੋਧ ਨਹੀਂ ਕੀਤਾ। ਅਸੀਂ ਤੁਹਾਡੇ ਸਵਾਗਤ ਲਈ ਕਈ-ਕਈ ਘੰਟੇ ਹੱਥਾਂ 'ਚ ਹਾਰ ਲੈ ਕੇ ਖੜ੍ਹੇ ਰਹਿੰਦੇ ਹਾਂ। ਕਦੇ ਤੁਹਾਨੂੰ ਕੋਈ ਸਵਾਲ ਕੀਤਾ ਹੈ? ਸਗੋਂ ਅਸੀਂ ਤਾਂ ਕਰਜ਼ਾ ਲੈ ਕੇ ਪੱਲਿਓਂ ਪੈਸੇ ਖ਼ਰਚ ਕਰ ਕੇ ਤੁਹਾਡੀਆਂ ਰੈਲੀਆਂ ਵਿਚ ਹਾਜ਼ਰੀ ਭਰਦੇ ਹਾਂ। ਜੇ ਕੀਤੇ ਤੁਸੀਂ ਸਾਡੇ ਘਰੇ ਆਉਣਾ ਹੋਵੇ... ਫ਼ੇਰ ਤਾਂ ਸਾਡੇ ਸਾਰੇ ਟੱਬਰ ਦਾ ਚਾਅ ਨਹੀਂ ਚੁੱਕਿਆ ਜਾਂਦਾ। ਅਸੀਂ ਆਵਦੇ ਜਵਾਕ ਨੂੰ ਭਾਵੇਂ ਪੰਜ ਰੁਪਇਆਂ ਦਾ ਬਿਸਕੁਟਾਂ ਦਾ ਪੈਕੇਟ ਨਾ ਦਵਾਇਆ ਹੋਵੇ... ਪਰ ਥੋਡੇ ਮੂਹਰੇ ਅਸੀਂ ਵਿਆਜ 'ਤੇ ਪੈਸੇ ਲੈ ਕੇ ਪੰਜ-ਪੰਜ ਹਜ਼ਾਰ ਦੇ ਕਾਜੂ-ਬਦਾਮਾਂ ਦੇ ਢੇਰ ਲਾ ਦਿੰਦੇ ਹਾਂ। ਤੁਸੀਂ ਭਾਵੇਂ ਸਾਨੂੰ ਗਿਆਂ ਨੂੰ ਆਪਣੇ ਦਫ਼ਤਰ ਵਿਚ ਵੜਨ ਨਾ ਦਿਉਂ ਪਰ ਅਸੀਂ ਤਾਂ ਪੂਰੇ ਹੁੱਬਕੇ ਆਪਣਿਆਂ ਕਮਰਿਆਂ ਵਿਚ ਬਿਠਾ ਕੇ ਤੁਹਾਡੀ ਸੇਵਾ ਕਰਦੇ ਹਾਂ।

ਲੀਡਰੋ ਤੁਸੀਂ ਸਾਡਾ ਬਾਹਲਾ ਫ਼ਿਕਰ ਨਾ ਕਰਿਆ ਕਰੋ। ਜਦੋਂ ਸਾਨੂੰ ਖ਼ੁਦ ਨੂੰ ਆਪਣਾ ਕੋਈ ਫ਼ਿਕਰ ਨਹੀਂ ਅਤੇ ਨਾ ਸਾਨੂੰ ਆਪਣੇ ਜੁਆਕਾਂ ਦਾ ਕੋਈ ਫ਼ਿਕਰ ਹੈ ਫੇਰ ਤੁਹਾਨੂੰ ਕਾਹਦਾ ਫ਼ਿਕਰ? ਸਾਨੂੰ ਤਾਂ ਤੁਹਾਡਾ ਅਤੇ ਤੁਹਾਡੇ ਜੁਆਕਾਂ ਦਾ ਹੀ ਫ਼ਿਕਰ ਦਿਨ ਰਾਤ ਵੱਢ-ਵੱਢ ਖਾਈ ਜਾਂਦਾ ਹੈ। ਤੁਸੀਂ ਦੇਖਿਆ ਨਹੀਂ ਵੋਟਾਂ ਵੇਲੇ ਕਿਵੇਂ ਸਾਡਾ ਜ਼ੋਰ ਲੱਗਿਆ ਹੁੰਦਾ ਹੈ। ਬਈ ਫਲਾਣਾ ਲੀਡਰ ਨਾ ਹਰਜੇ... ਫਲਾਣੇ ਲੀਡਰ ਦਾ ਮੁੰਡਾ ਜਾਂ ਕੁੜੀ ਨਾ ਹਾਰਜੇ। ਸਾਨੂੰ ਤਾਂ ਤੁਹਾਡੇ ਭਤੀਜੇ-ਭਤੀਜੀਆਂ, ਜਵਾਈਆਂ-ਸਾਲਿਆਂ, ਭੈਣਾਂ ਅਤੇ ਭਾਣਜੇ-ਭਾਣਜੀਆਂ ਦਾ ਹੀ ਫ਼ਿਕਰ ਨਹੀਂ ਮੁੱਕਦਾ... ਅਸੀਂ ਆਪਣਾ ਜਾਂ ਆਪਣੇ ਜੁਆਕਾਂ ਦਾ ਸੁਆਹ ਫ਼ਿਕਰ ਕਰਨਾ ਹੈ..?.. ਆਹ ਅਸੀਂ ਪੰਜ ਸਾਲ ਤੁਹਾਡੀ ਰੱਜਕੇ ਸੇਵਾ ਕਰਦੇ ਹਾਂ, ਵੋਟਾਂ ਵੇਲੇ ਜਿਹੜੀ ਤੁਸੀਂ ਚਾਰ-ਪੰਜ ਦਿਨ ਗੋਲੀਆਂ ਆਲੀ ਦੋ ਨੰਬਰ ਦੀ ਸ਼ਰਾਬ ਜੀ ਪਿਆਕੇ ਤੁਸੀਂ ਸਾਡੀ ਸੇਵਾ ਕਰਦੇ ਓ... ਉਹਦੇ ਨਾਲ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ... ਬਈ ਚਲੋ ਸਾਡਾ ਲੀਡਰ ਸਾਡੀ ਵੀ ਸੇਵਾ ਕਰਦਾ ਹੈ। ਉਂ ਜੇ ਤੁਸੀਂ ਉਹ ਵੀ ਨਾ ਕਰੋ ਤਾਂ ਕੋਈ ਗੱਲ ਨਹੀਂ ਵੋਟਾਂ ਤਾਂ ਫੇਰ ਵੀ ਅਸੀਂ ਤੁਹਾਨੂੰ ਹੀ ਪਾਉਣੀਆਂ ਹਨ।

ਸਾਨੂੰ ਜਦੋਂ ਕੋਈ ਆ ਕੇ ਦੱਸਦਾ ਹੈ ਬਈ ਫਲਾਣੇ ਲੀਡਰ ਦੀਆਂ ਪੰਜ ਤੋਂ ਪੰਜ ਸੌ ਬੱਸਾਂ ਹੋ ਗਈਆਂ ਧਰਮ ਨਾਲ ਸਾਡਾ ਸੀਨਾ ਮਾਣ ਨਾਲ ਗੱਜ ਚੌੜਾ ਹੋ ਜਾਂਦਾ ਹੈ। ਸਾਡੀ ਆਵਦੀ ਭਾਵੇਂ ਪੰਜ ਕਿੱਲਿਆਂ ਤੋਂ ਪੰਜ ਕਨਾਲਾਂ ਰਹਿਜੇ... ਕੋਈ ਫ਼ਿਕਰ ਨਹੀਂ। ਪਿਛਲੇ ਸੱਤਰ ਸਾਲਾਂ ਤੋਂ ਸਾਡੀਆਂ ਸੱਤ ਪੀੜ੍ਹੀਆਂ ਅੱਖਾਂ ਬੰਦ ਕਰ ਕੇ ਤੁਹਾਨੂੰ ਵੋਟਾਂ ਪਾਈ ਜਾਂਦੀਆਂ ਨੇ। ਤੁਸੀਂ ਭਾਵੇਂ ਸਾਨੂੰ ਖ਼ੁਦਕੁਸ਼ੀਆਂ ਦੇ ਰਾਹ ਪਾ ਦਿੱਤਾ ਪਰ ਅਸੀਂ ਕਦੇ ਥੋਨੂੰ ਸਵਾਲ ਕੀਤਾ ਹੈ। ਸਾਡੇ ਮੂੰਹੋਂ ਕਦੇ ਸੁਣਿਆ ਹੈ ਬਈ ਅਸੀਂ ਤੁਹਾਨੂੰ ਵੋਟ ਨਹੀਂ ਪਾਉਂਦੇ। ਅਸੀਂ ਪੀੜ੍ਹੀਆਂ ਤੋਂ ਤੁਹਾਡੇ ਮੁਰੀਦ ਹਾਂ। ਤੁਸੀਂ ਭਾਵੇਂ ਸਾਨੂੰ ਕੁੱਟੋ ਭਾਵੇਂ ਮਾਰੋ ਸਾਡੀ ਵਫ਼ਾਦਾਰੀ 'ਚ ਕਦੇ ਕੋਈ ਕਮੀ ਨਹੀਂ ਆਉਣੀ। •

ਕਹਾਣੀ

# ਠੰਢੀ ਰਾਖ



• ਰਾਜਿੰਦਰ ਸਿੰਘ ਢੱਡਾ
82849-16049




*ਕਹਿੰਦੇ ਨੇ ਸ਼ਰੀਕ ਮਿੱਟੀ ਦਾ ਵੀ ਮਾੜਾ ਹੁੰਦਾ ਪਰ ਇਸ ਕਹਾਣੀ ਵਿਚਲੇ ਸ਼ਰੀਕ ਤਾਂ ਧਨਾਢ ਹਨ। ਅਮੀਰ ਬੰਦਾ ਕਦੋਂ ਬਰਦਾਸ਼ਤ ਕਰਦਾ ਕਿ ਕੋਈ ਉਸ ਨੂੰ ਨਾਂਹ ਕਰੇ। ਆਪਣੀ ਹਿੰਡ ਪੁਗਾਉਣ ਅਤੇ ਜ਼ਮੀਨ ਹੜੱਪਣ ਲਈ ਉਸ ਇਕ ਮਾਸੂਮ ਦੀ ਬਲੀ ਲੈ ਲਈ...*

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਸਨੇ ਅਸਲੀ ਰੁੱਕਾ ਅੰਦਰ ਟਰੰਕ ਵਿਚ ਰੱਖ ਦਿੱਤਾ ਅਤੇ ਉਹ ਫੋਟੋ ਸਟੇਟ ਵਾਲੀ ਕਾਪੀ ਆਪਣੇ ਖੀਸੇ ਵਿਚ ਪਾ ਕੇ ਧੀ ਨੂੰ ਲੈਣ ਅੱਡੇ ਵੱਲ ਚੱਲ ਗਿਆ। ਧੀ ਬਾਰੇ ਉਸ ਨੂੰ ਬੁਰੇ-ਬੁਰੇ ਖ਼ਿਆਲਾਂ ਨੇ ਉਸ ਨੂੰ ਜਕੜ ਲਿਆ ਸੀ। ਫਿਰ ਉਹ ਸੋਚਣ ਲੱਗਾ ਅਗਰ ਉਹ ਇਕੱਲਾ ਧੀ ਨੂੰ ਲੈਣ ਉਨ੍ਹਾਂ ਦੇ ਘਰ ਗਿਆ ਤਾਂ ਉਹ ਸ਼ਾਇਦ ਉਸ ਨੂੰ ਧੀ ਨਾਲ ਮਿਲਣ ਹੀ ਨਾ ਦੇਣ। ਕਿਉਂ ਨਾ ਪੁਲਿਸ ਦੀ ਮਦਦ ਲਈ ਜਾਵੇ। ਲਾਗਲੇ ਪੁਲਿਸ ਥਾਣੇ ਦਾ ਪਤਾ ਕਰ ਕੇ ਬਾਬਾ ਉੱਥੇ ਪਹੁੰਚ ਗਿਆ। ਥਾਣਾ ਮੁਖੀ ਆਪਣੇ ਦਫ਼ਤਰ ਅੰਦਰ ਹੀ ਬੈਠਾ ਸੀ। ਬਾਬੇ ਨੇ ਹੱਥ ਜੋੜ ਕੇ ਫ਼ਤਹਿ ਬੁਲਾਈ। ਥਾਣੇਦਾਰ ਨੇ ਬਾਬੇ ਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ।

'ਬਾਬਾ ਜੀ ਕਿਵੇਂ ਆਉਣਾ ਹੋਇਆ?'

'ਜਨਾਬ ਇੱਥੇ ਲਾਗੇ ਹੀ ਕੁਰਾਲੀਆ ਪਿੰਡ ਵਿਚ ਮੇਰੀ ਧੀ ਵਿਆਹੀ ਹੋਈ ਹੈ, ਉਸ ਦੇ ਸਹੁਰੇ ਉਸ ਨੂੰ ਬਹੁਤ ਤੰਗ-ਪਰੇਸ਼ਾਨ ਕਰਦੇ ਹਨ। ਘਰ ਵਿਚ ਉਸ ਨੂੰ ਇਕ ਕਿਸਮ ਦਾ ਗ਼ੁਲਾਮ ਬਣਾ ਕੇ ਹੀ ਰੱਖਿਆ ਹੋਇਆ ਹੈ। ਕਿਰਪਾ ਕਰ ਕੇ ਮੇਰੀ ਧੀ ਨੂੰ ਉਨ੍ਹਾਂ ਦੇ ਚੁੰਗਲ ਵਿੱਚੋਂ ਛੁਡਾਉਣ ਲਈ ਮੇਰੀ ਮਦਦ ਕਰੋ।'

'ਅੱਛਾ...ਅੱਛਾ.... ਤਾਂ ਤੂੰ ਉਨ੍ਹਾਂ ਏਜੰਟਾਂ ਦੀ ਨੂੰਹ ਦੀ ਗੱਲ ਕਰਦਾਂ?"

'ਜੀ ਜਨਾਬ!'

'ਬਾਬਾ ਤੇਰੀ ਧੀ ਨੇ ਤਾਂ ਕਲ੍ਹ ਹੀ ਮਿੱਟੀ ਦਾ ਤੇਲ ਪਾ ਕੇ ਸੁਸਾਇਡ ਕਰ ਲਿਆ।'

'ਕੀ ਕਰ ਲਿਆ?'

'ਸੁਸਾਇਡ ਮਤਲਬ ਆਤਮ ਹੱਤਿਆ।' ਉਸ ਦੇ ਹੱਥਾਂ ਦਾ ਲਿਖਿਆ ਸੁਸਾਇਡ ਤੈਨੂੰ ਮੈਂ ਪੜ੍ਹ ਕੇ ਸੁਣਾਉਂਦਾਂ।

"ਮੈਂ ਆਪਣੀ ਮਰਜ਼ੀ ਨਾਲ ਸੁਸਾਇਡ ਕਰ ਰਹੀ ਹਾਂ। ਇਨ੍ਹਾਂ ਨੂੰ ਮੇਰਾ ਬਾਹਰਲੇ ਬੰਦਿਆਂ ਨਾਲ ਮਿਲਣਾ ਜੁਲਣਾ ਪਸੰਦ ਨਹੀਂ ਸੀ। ਮੈਂ ਇਸ ਤਰ੍ਹਾਂ ਘਰ ਦੀ ਬੰਦਿਸ਼ ਵਿਚ ਨਹੀਂ ਰਹਿ ਸਕਦੀ। ਮੈਂ ਸੁਸਾਇਡ ਕਰ ਰਹੀ ਹਾਂ ਇਸ ਵਿਚ ਇਸ ਘਰ ਦੇ ਕਿਸੇ ਵੀ ਫੈਮਿਲੀ ਮੈਂਬਰ ਦਾ ਕੋਈ ਫਾਲਟ ਨਹੀਂ ਹੈ ਇਨ੍ਹਾਂ 'ਤੇ ਕੋਈ ਐਕਸ਼ਨ ਨਾ ਲਿਆ ਜਾਵੇ।'

ਸਿਮਰਜੀਤ ਕੌਰ

ਇਹ ਸਭ ਸੁਣ ਕੇ ਬਾਬੇ ਬਿਸ਼ਨੇ ਦੇ ਹੋਸ਼ ਉੱਡ ਗਏ।

'ਤਾਂ ਉਨ੍ਹਾਂ ਮੇਰੀ ਧੀ ਨੂੰ ਮਾਰ ਹੀ ਦਿੱਤਾ।'

'ਉਨ੍ਹਾਂ ਨੀਂ ਮਾਰਿਆ ਉਹ ਤਾਂ ਖ਼ੁਦ ਮਰੀ। ਇਹੋ ਜਿਹੀ ਅਯਾਸ਼ ਕੁੜੀ ਨੂੰ ਤਾਂ ਬਾਬਾ ਘਰੇ ਹੀ ਮਾਰ ਦਿੰਦਾ।'

'ਥਾਣੇਦਾਰਾ ਕੁਝ ਉੱਪਰ ਵਾਲੇ ਦਾ ਖ਼ੌਫ਼ ਖਾਹ। ਤੂੰ ਵੀ ਨਿੱਕਿਆਂ ਨਿਆਣਿਆਂ ਵਾਲਾ ਲੱਗਦਾਂ, ਇਕ ਰੁੱਕਾ ਜਿਹਾ ਖ਼ੁਦ ਲਿਖ ਕੇ ਤੈਨੂੰ ਉਨ੍ਹਾਂ ਫੜ੍ਹਾ ਦਿੱਤਾ ਤੇ ਤੂੰ ਇਸ ਕਤਲ ਦੀ ਕੋਈ ਤਫਤੀਸ਼ ਨਹੀਂ ਕੀਤੀ। ਉਨ੍ਹਾਂ ਧੋਖੇ ਨਾਲ ਅੱਠ ਕਿੱਲੇ ਪੈਲੀ ਇਕ ਕਰੋੜ ਦੀ ਵੇਚ ਦਿੱਤੀ ਜੋ ਮੇਰੀ ਧੀ ਦੇ ਨਾਂ ਸੀ ਅਤੇ ਮੇਰੀ ਧੀ ਨੂੰ ਉਨ੍ਹਾਂ ਮਾਰ ਦਿੱਤਾ। ਉਸ ਇਕ ਕਰੋੜ ਵਿੱਚੋਂ ਕੁਝ ਹਿੱਸਾ ਤੇਰੀ ਜੇਬ ਵਿਚ ਵੀ ਪੈ ਗਿਆ ਹੋਣਾ ਤਾਂ ਤੇਰੀ ਜ਼ਬਾਨ ਬੰਦ ਹੋ ਗਈ।'

'ਯਾਦ ਰੱਖੀਂ ਜੁਰਮ ਕਰਨ ਵਾਲਾ ਕਿਤੇ ਨਾ ਕਿਤੇ ਕੋਈ ਨਾ ਕੋਈ ਸਬੂਤ ਛੱਡ ਹੀ ਜਾਂਦਾ। ਸ਼ਾਇਦ ਤੈਨੂੰ ਪਤਾ ਨੀਂ ਹੋਣਾ ਕਿ ਮੇਰੀ ਧੀ ਤਾਂ ਪੰਜਵੀਂ ਤਕ ਹੀ ਪੜ੍ਹੀ ਸੀ। ਉਹ ਆਹ ਗਰੇਜੀ ਗਰੂਜੀ ਦੇ ਅੱਖਰ ਤਾਂ ਜਾਣਦੀ ਹੀ ਨਹੀਂ ਸੀ। ਜੋ ਇਸ ਰੁੱਕੇ ਵਿਚ ਲਿਖਕੇ ਤੈਨੂੰ ਦਿੱਤੇ ਗਏ। ਆ ਦੇਖ ਇਕ ਚਿੱਠੀ ਜੋ ਮੇਰੀ ਧੀ ਨੇ ਮੈਨੂੰ ਲਿਖੀ ਜਿਸ ਵਿਚ ਉਸ 'ਤੇ ਹੋ ਰਹੇ ਜ਼ੁਲਮਾਂ ਬਾਰੇ ਲਿਖਿਆ।'

ਬਾਬੇ ਬਿਸ਼ਨੇ ਨੇ ਉਹੀ ਫੋਟੋ ਕਾਪੀ ਥਾਣੇਦਾਰ ਨੂੰ ਦਿੱਤੀ। ਥਾਣੇਦਾਰ ਨੇ ਸਾਰੀ ਚਿੱਠੀ ਪੜ੍ਹੀ।

'ਇਸ ਦੀ ਅਸਲੀ ਕਾਪੀ ਕਿੱਥੇ ਆ?'

'ਥਾਣੇਦਾਰਾ ਇਸ ਦੀ ਅਸਲੀ ਕਾਪੀ ਮੈਂ ਉੱਪਰ ਪੇਸ਼ ਕਰੂੰ। ਯਾਦ ਰੱਖੀਂ ਮੇਰੀ ਧੀ ਦੇ ਕਤਲ ਵਿਚ ਤੂੰ ਵੀ ਓਨਾ ਹੀ ਭਾਈਵਾਲ ਏ ਜਿੰਨੇ ਉਹ।'

ਇੰਨੀ ਗੱਲ ਕਹਿ ਕੇ ਬਾਬਾ ਉੱਠ ਕੇ ਬਾਹਰ ਨੂੰ ਜਾਣ ਲੱਗਾ ਤਾਂ ਇਕਦਮ ਥਾਣੇਦਾਰ ਉੱਠ ਕੇ ਬਾਬੇ ਦੇ ਗੋਡਿਆਂ ਨੂੰ ਹੱਥ ਲਾ ਕੇ ਬੋਲਿਆ।

'ਬਾਬਾ ਜੀ ਮੈਂ ਹੱਥ ਜੋੜ ਕੇ ਤੁਹਾਡੇ ਕੋਲੋਂ ਮਾਫ਼ੀ ਮੰਗਦਾ ਮੈਨੂੰ ਮੇਰੇ ਬੱਚਿਆਂ ਦੀ ਸਹੁੰ, ਮੈਨੂੰ ਮੇਰੇ ਰੱਬ ਦੀ ਸਹੁੰ, ਮੈਂ ਕੁੱਤੀ ਦਾ ਪੁੱਤ ਹੋਵਾਂ ਜੇ ਮੈਨੂੰ ਸੱਚਾਈ ਦਾ ਪਤਾ ਹੋਵੇ। ਇਕ ਮਿੰਟ ਬੈਠੋ ਮੈਂ ਤੁਹਾਨੂੰ ਸਭ ਸੱਚੋ ਸੱਚ ਦੱਸਦਾਂ।'

ਬਾਬਾ ਬਿਸ਼ਨਾ ਉੱਥੇ ਬੈਠਣਾ ਨਹੀਂ ਸੀ ਚਾਹੁੰਦਾ। ਉਸ ਦਾ ਦਿਲ ਫਟਦਾ ਜਾ ਰਿਹਾ ਸੀ। ਉਸ ਦੀ ਧੀ ਦੂਰ ਜਾ ਚੁੱਕੀ ਸੀ। ਫਿਰ ਵੀ ਥਾਣੇਦਾਰ ਨੇ ਮਿੰਨਤਾਂ ਤਰਲੇ ਕਰ ਕੇ ਬਾਬੇ ਨੂੰ ਬਿਠਾ ਲਿਆ।

"ਬਾਬਾ ਜੀ ਮੈਨੂੰ ਨਹੀਂ ਸੀ ਪਤਾ ਇਹ ਸਾਲੇ ਇੰਨੇ ਘਟੀਆ ਬੰਦੇ ਆ ਤੁਸੀਂ ਯਕੀਨ ਕਰਿਓ ਕਦੀ ਏਜੰਟ ਆਪ ਆਉਂਦਾ, ਕਦੀ ਕਿਸੇ ਨੂੰ ਭੇਜਦਾ ਕਿ ਉਨ੍ਹਾਂ ਦੀ ਵਹੁਟੀ ਨੇ ਜੀਣਾ ਹਰਾਮ ਕੀਤਾ ਹੋਇਆ ਹੈ। ਉਹ ਬਾਹਰਲੇ ਬੰਦਿਆਂ ਨਾਲ ਮਿਲਦੀ-ਜੁਲਦੀ ਹੈ। ਵੱਖ-ਵੱਖ ਬੰਦੇ ਆ ਕੇ ਮੇਰੇ ਪਾਸ ਉਹੀ ਬੋਲੀ ਬੋਲਦੇ। ਮੇਰਾ ਤਾਂ ਉਨ੍ਹਾਂ ਨੇ ਪੂਰੀ ਤਰ੍ਹਾਂ ਬਰੇਨ ਵਾਸ਼ ਕਰ ਦਿੱਤਾ ਸੀ। ਪਰ ਤੁਸੀਂ ਵੇਖਦੇ ਜਾਓ ਮੈਂ ਕਿੱਦਾਂ ਸੱਚਾਈ ਉਗਲਾ ਲੈਨਾਂ ਹੁਣੇ। ਇਨ੍ਹਾਂ ਕੁੱਤੀ ਦੇ ਪੁੱਤਾਂ ਨੇ ਮੈਨੂੰ ਹੀ ਬੇਵਕੂਫ਼ ਬਣਾ ਦਿੱਤਾ। ਪਰ ਸ਼ਾਇਦ ਇਨ੍ਹਾਂ ਨੂੰ ਪਤਾ ਨਹੀਂ ਮੇਰਾ ਨਾਂ ਵੀ ਖੁਸ਼ਵੰਤ ਸਿੰਘ ਠੁੱਡਮਾਰ ਆ। ਮੈਂ ਤਾਂ ਠੁੱਡੇ ਮਾਰ-ਮਾਰ ਅਗਲੇ ਦੀ ਭੜੀਂ ਕੱਢ ਦਿੰਦਾ ਹੁੰਨਾ। ਆ ਬਾਬਾ ਤੇਰੀ ਧੀ ਦਾ ਲਿਖਿਆ ਰੁੱਕਾ ਹੀ ਉਨ੍ਹਾਂ ਨੂੰ ਫਾਂਸੀ ਦੇ ਫੰਦੇ ਤਕ ਪਹੁੰਚਾਉਣ ਲਈ ਕਾਫ਼ੀ ਆ। ਬਾਬਾ ਉਹ ਤੇਰੀ ਧੀ ਨਹੀਂ ਸੀ ਉਹ ਮੇਰੀ ਵੀ ਧੀ ਸੀ। ਜਿਸ ਨੂੰ ਉਨ੍ਹਾਂ ਕੰਜਰਾਂ ਨੇ ਖ਼ੁਦ ਅੱਗ ਲਾ ਕੇ ਫੂਕ ਦਿੱਤਾ। ਤੂੰ ਦੇਖਦਾ ਜਾਈਂ 302 ਦਾ ਬਣਾਊਂ ਕੇਸ ਤੇ ਜਾਅਲੀ ਰਜਿਸਟਰੀ ਕਰਾਉਣ ਲਈ ਉਨ੍ਹਾਂ ਦੀ ਕੁੜੀ 'ਤੇ ਪਾਉਂ 420 ਤੇ ਧੋਖਾਧੜੀ ਦਾ ਕੇਸ ਤੇ ਨਾਲੇ ਉਨ੍ਹਾਂ ਦੇ ਮੁੰਡੇ ਦੀ ਕਰਾਊਂ ਡਾਕਟਰੀ ਜੋ ਸਾਲਾ ਖ਼ੁਦ ਬਿਮਾਰੀ ਦਾ ਮਾਰਿਆ ਸੀ। ਇਕ ਭੋਲੀ ਭਾਲੀ ਕੁੜੀ ਦੀ ਜ਼ਿੰਦਗੀ ਕਾਹਤੋਂ ਖਰਾਬ ਕੀਤੀ। ਬਸ ਬਾਬਾ ਜੀ ਦੇਖਦੇ ਜਾਓ ਮੈਂ ਕਿੱਦਾਂ ਇਨ੍ਹਾਂ ਦੇ ਡੰਡਾ ਚਾੜ੍ਹਦਾਂ।"

ਥਾਣੇਦਾਰ ਨੇ ਇਕ ਏ.ਐੱਸ.ਆਈ ਤੇ ਤਿੰਨ ਸਿਪਾਹੀਆਂ ਨੂੰ ਹੁਕਮ ਦਿੱਤਾ,'ਓਏ ਅਵਤਾਰ ਉਨ੍ਹਾਂ ਚਾਰਾਂ ਨੂੰ ਮੁਸ਼ਕਾਂ ਬੰਨ੍ਹ ਕੇ ਮੇਰੇ ਪਾਸ ਲੈ ਕੇ ਆਓ, ਖ਼ਾਲੀ ਹੱਥੀਂ ਨਹੀਂ ਆਉਣਾ।'

ਅਵਤਾਰ ਸਿੰਘ ਏ.ਐਸ.ਆਈ ਥਾਣੇ ਦੀ ਗੱਡੀ ਵਿਚ ਪੁਲਿਸ ਕਰਮਚਾਰੀਆਂ ਨੂੰ ਬਿਠਾ ਕੇ ਨਾਜ਼ਰ ਸਿੰਘ ਤੇ ਉਸਦੇ ਪਰਿਵਾਰ ਨੂੰ ਲੈਣ ਚਲਾ ਗਿਆ।

ਦਫ਼ਤਰ ਵਿਚ ਬੈਠ ਕੇ ਥਾਣੇਦਾਰ ਨੇ ਬਾਬੇ ਨੂੰ ਜ਼ਮੀਨ ਸਬੰਧੀ ਪੁੱਛਿਆ ਕਿ ਉਸ ਕਿਸ ਪਾਸ ਤੇ ਕਿਵੇਂ ਵੇਚੀ। ਬਾਬੇ ਨੇ ਪਿੰਡ ਦੇ ਸਵਰਨੇ ਬਾਰੇ ਸਾਰਾ ਕੁੱਝ ਥਾਣੇਦਾਰ ਨੂੰ ਦੱਸ ਦਿੱਤਾ। ਤਕਰੀਬਨ ਪੰਜ ਕੁ ਵਜੇ ਪੁਲਿਸ ਕਰਮਚਾਰੀ ਏਜੰਟ ਨਾਜ਼ਰ ਸਿੰਘ ਨੂੰ ਫੜ ਕੇ ਲੈ ਆਏ। ਬਾਕੀ ਤਿੰਨੋਂ ਘਰ ਨਹੀਂ ਸਨ।

"ਅਵਤਾਰ ਸਿਆਂ ਦੋ ਲੇਡੀਜ਼ ਸਟਾਫ਼ ਨੂੰ ਲੈ ਕੇ ਮਾਂ ਤੇ ਧੀ ਨੂੰ ਵੀ ਫੜ ਕੇ ਜਿੱਥੇ ਉਹ ਹੋਣ ਅੱਜ ਹੀ ਰਾਤ ਲੈ ਕੇ ਆਓ ਤੇ ਨਾਲੇ ਉਸ ਸਾਲੇ ਗੰਦੀ ਨਾਲੀ ਦੇ ਕੀੜੇ ਨੂੰ ਵੀ। ਭੈਣ ਚੋ ਰੰਡੀਆਂ ਕੋਲ ਜਾ-ਜਾ ਕੇ ਆਪ ਤਾਂ ਕੀੜੇ ਪਵਾ ਲਏ ਤੇ ਇਕ ਭੋਲੀ ਭਾਲੀ ਕੁੜੀ ਨਾਲ ਵਿਆਹ ਕਰ ਕੇ ਜ਼ਮੀਨ ਖ਼ਾਤਰ ਉਸ ਨੂੰ ਵੀ ਮਾਰ ਦਿੱਤਾ ਕੁੱਤੀ ਦੇ ਪੁੱਤਾਂ ਨੇ। ਓਏ ਮੀਕੇ ਪਾ ਇਸ ਧੀ ਦੇ ਖਸਮ ਨੂੰ ਪੁੱਠਾ ਲੰਮਾ ਤੇ ਬੈਠ ਇਹਦੇ ਚੂਹੇ 'ਤੇ। ਫੜ ਇਹ ਦੀਆਂ ਲੱਤਾਂ ਗਿੱਟਿਆਂ ਤੋਂ।'

ਅਮਰੀਕ ਸਿੰਘ ਸਿਪਾਹੀ ਨੇ ਏਜੰਟ ਨੂੰ ਪੁੱਠਾ ਲੰਮਾ ਪਾ ਕੇ ਉਸਨੂੰ ਗਿੱਟਿਆਂ ਤੋਂ ਫੜ ਲਿਆ ਤੇ ਥਾਣੇਦਾਰ ਨੇ ਪੰਜ-ਛੇ ਬੈਂਤਾਂ ਪੂਰੇ ਜ਼ੋਰ ਨਾਲ ਏਜੰਟ ਦੇ ਪੈਰਾਂ 'ਤੇ ਮਾਰੀਆਂ। ਏਜੰਟ ਦਾ ਅੜ੍ਹਾਟ ਪੂਰੇ ਥਾਣੇ ਵਿਚ ਸੁਣਾਈ ਦਿੱਤਾ।

"ਕਿਉਂ ਸਾਲਿਆਂ ਤੂੰ ਤੇ ਆਂਦਾ ਸੀ ਸਾਡੀ ਵਹੁਟੀ ਬਾਹਰੋਂ ਬੰਦੇ ਬੁਲਾਉਂਦੀ ਹੈ। ਕੰਜਰਾ ਬੰਦੇ ਤਾਂ ਤੇਰੀ ਧੀ ਬਾਹਰੋਂ ਬੁਲਾਉਂਦੀ ਸੀ। ਖੋਤੇ ਦੇ ਖੁਰਾ ਧੀ ਨੂੰ ਵਹੁਟੀ ਬਣਾ ਕੇ ਤਹਿਸੀਲੇ ਜਾ ਕੇ ਫੋਟੋ ਖਿੱਚਵਾ ਲਈ ਤੇ ਜ਼ਮੀਨ ਦਾ ਇਕ ਕਰੋੜ ਹਜ਼ਮ ਕਰ ਲਿਆ। ਕੱਲ੍ਹ ਨੂੰ ਪੇਸ਼ ਕਰਕੇ ਅਦਾਲਤ ਵਿਚ ਲੈਂਨਾ ਤੁਹਾਡਾ ਰਿਮਾਂਡ..... ਕਰ ਉਏ ਇਸ ਸਾਲੇ ਨੂੰ ਅੰਦਰ।"

ਥੋੜ੍ਹਾ-ਥੋੜ੍ਹਾ ਹਨੇਰਾ ਹੋ ਚੱਲਿਆ ਸੀ। ਥਾਣੇਦਾਰ ਨੇ ਚਾਹ ਮੰਗਵਾਈ ਤੇ ਚਾਹ ਪੀਂਦੇ-ਪੀਂਦੇ ਥਾਣੇਦਾਰ ਬੋਲਿਆ, "ਬਾਬਾ ਜੀ ਇਹੋ ਜਿਹੇ ਬੰਦਿਆਂ ਦਾ ਵਿਆਹ ਤੋਂ ਪਹਿਲਾਂ ਪਤਾ ਕਰ ਲੈਣਾ ਸੀ। ਚਲੋ ਉਸ ਵਿਚਾਰੀ ਦੇ ਸਾਹ ਇੰਨੇ ਹੀ ਲਿਖੇ ਹੋਏ ਸੀ। ਪਰ ਯਕੀਨ ਕਰਿਓ ਛੱਡਦਾ ਮੈਂ ਇਨ੍ਹਾਂ ਨੂੰ ਵੀ ਨਹੀਂ। ਬਾਬਾ ਜੀ ਤੁਸੀਂ ਸਹਿਮਤ ਹੋਵੋ ਤਾਂ ਇਉਂ ਕਰੀਏ ਬੇਟੀ ਦੇ ਅਸਥ ਚੁੱਗ ਲਈਏ। ਇਨ੍ਹਾਂ ਨੂੰ ਤਾਂ ਮੈਂ ਹੁਣ ਥਾਣਿਉਂ ਬਾਹਰ ਨਿਕਲ ਨਹੀਂ ਦੇਣਾ। ਇਸ ਤਰ੍ਹਾਂ ਹੋਰ ਕਿਸੇ ਨੇ ਬੇਟੀ ਦੇ ਅਸਥ ਨਹੀਂ ਚੁੱਗਣੇ ਕਿਉਂ ਨਾ ਆਪਾਂ ਜਾ ਕੇ ਹੁਣੇ ਹੀ ਬੇਟੀ ਦੇ ਅਸਥ ਚੁੱਗ ਲਿਆਈਏ। ਬੇਟੀ ਦਾ ਦਾਗ ਕੱਲ੍ਹ ਦਾ ਦਿੱਤਾ ਹੋਇਆ, ਰਾਖ ਤਾਂ ਕਲ੍ਹ ਦੀ ਹੀ ਠੰਢੀ ਹੋ ਗਈ ਹੋਣੀ ਆ।"

"ਜਿਵੇਂ ਤੁਹਾਡੀ ਮਰਜ਼ੀ" ਬਾਬਾ ਇੰਨਾ ਹੀ ਆਖ ਸਕਿਆ। ਥਾਣੇਦਾਰ ਨੇ ਮੀਕੇ ਨੂੰ ਆਵਾਜ਼ ਮਾਰੀ। ਅਮਰੀਕ ਸਿੰਘ ਜਿਸ ਨੂੰ ਥਾਣੇ ਵਿਚ ਸਾਰੇ ਮੀਕਾ ਹੀ ਸੱਦਦੇ ਸਨ ਥਾਣੇਦਾਰ ਦਾ ਖ਼ਾਸਮਖ਼ਾਸ ਬੰਦਾ ਸੀ। ਉਹ ਥਾਣੇਦਾਰ ਦੇ ਸਾਰੇ ਇੱਕਾ-ਦੁੱਕਾ ਕੰਮਾਂ ਦਾ ਰਾਜ਼ਦਾਰ ਸੀ। ਥਾਣੇਦਾਰ ਦਾ ਸਾਰਾ ਲੈਣ-ਦੇਣ ਉਸਦੇ ਜਰੀਏ ਹੀ ਹੁੰਦਾ ਸੀ। ਮੀਕਾ ਗੱਡੀ ਦਾ ਡਰਾਈਵਰ ਵੀ ਸੀ।

"ਬਾਬਾ ਜੀ ਆਓ ਮੇਰੇ ਨਾਲ।"

"ਥਾਣੇਦਾਰ ਬਾਬੇ ਬਿਸ਼ਨੇ ਨੂੰ ਲੈ ਕੇ ਗੱਡੀ ਵਿਚ ਬੈਠ ਗਿਆ। ਮੀਕਿਆ ਕੋਈ ਥੈਲੀ ਵਗੈਰਾ ਵੀ ਅਸਥ ਰੱਖਣ ਲਈ ਆਪਣੇ ਨਾਲ ਲੈ ਲੈਣੀ ਸੀ।"

"ਜਨਾਬ ਮੈਂ ਲਿਫ਼ਾਫ਼ਾ ਲੈ ਲਿਆ। ਕੋਈ ਅੱਧੇ ਘੰਟੇ ਵਿਚ ਹੀ ਗੱਡੀ ਪਿੰਡ ਦੇ ਸਿਵਿਆਂ ਵਿਚ ਪਹੁੰਚ ਗਈ। ਗੱਡੀ ਦੀਆਂ ਲਾਈਟਾਂ ਵਿਚ ਥਾਣੇਦਾਰ ਅਤੇ ਮੀਕੇ ਨੇ ਸਿਮਰ ਦੀ ਠੰਢੀ ਹੋਈ ਰਾਖ ਵਿੱਚੋਂ ਅਸਥੀਆਂ ਚੁੱਗਕੇ ਲਿਫ਼ਾਫ਼ੇ ਵਿਚ ਪਾ ਲਈਆਂ। ਬਾਬਾ ਬਿਸ਼ਨਾ ਗੱਡੀ ਨਾਲ ਢੋਅ ਲਾ ਕੇ ਬੁੱਤ ਬਣਿਆ ਧੀ ਦੀ ਠੰਢੀ ਹੋਈ ਰਾਖ ਨੂੰ ਵੇਖ ਰਿਹਾ ਸੀ। ਅੱਖਾਂ ਵਿਚ ਤਾਂ ਹੁਣ ਪਾਣੀ ਵੀ ਨਹੀਂ ਸੀ। ਉਹ ਬੇਵੱਸ ਲਚਾਰ ਬੁੱਢਾ ਆਦਮੀ ਇਸ ਮਤਲਬਪ੍ਰਸਤ ਦੁਨੀਆ ਵਿਰੁੱਧ ਕਰ ਵੀ ਕੀ ਸਕਦਾ ਸੀ।"

"ਜਨਾਬ ਅਸਥੀਆਂ ਤਾਂ ਚੁੱਗ ਲਈਆਂ ਜੇ ਕਹੋ ਤਾਂ ਦਰਿਆ ਇੱਥੋਂ ਲਾਗੇ ਹੀ ਪੈਂਦਾ ਬਾਬਾ ਜੀ ਉੱਥੇ ਅਸਥੀਆਂ ਜਲ-ਪ੍ਰਵਾਹ ਕਰ ਦੇਣਗੇ ਤਾਂ ਅਸੀਂ ਇਨ੍ਹਾਂ ਨੂੰ ਪਿੰਡ ਛੱਡਕੇ ਵਾਪਸ ਆ ਜਾਵਾਂਗੇ।"

"ਗੱਲ ਤਾਂ ਤੇਰੀ ਮੀਕੇ ਠੀਕ ਆ। ਮੇਰੇ ਤਾਂ ਧਿਆਨ ਵਿਚ ਹੀ ਨੀਂ ਆਇਆ। ਪਾਣੀ ਵਿਚ ਧੀ ਦੀਆਂ ਅਸਥੀਆਂ ਤਾਰ ਕੇ ਰੱਬ ਅੱਗੇ ਉਸ ਦੀ ਆਤਮਾ ਲਈ ਸ਼ਾਂਤੀ ਦੀ ਅਰਦਾਸ ਕਰਾਂਗੇ। ਗੱਡੀ ਦਰਿਆ ਵੱਲ ਮੁੜ ਗਈ। ਥੋੜ੍ਹੀ ਦੇਰ ਬਾਅਦ ਦਰਿਆ ਆ ਗਿਆ।

"ਬਾਬਾ ਜੀ ਆ ਲਉ ਧੀ ਦੀਆਂ ਅਸਥੀਆਂ, ਚੱਲੋ ਮੈਂ ਵੀ ਤੁਹਾਡੇ ਨਾਲ ਚੱਲਦਾਂ ਮੇਰੀ ਵੀ ਤਾਂ ਉਹ ਧੀ ਹੀ ਸੀ।"

ਬਾਬੇ ਬਿਸ਼ਨੇ ਨੂੰ ਮੋਢੇ ਤੋਂ ਫੜ ਕੇ ਸਹਾਰਾ ਦਿੰਦਾ ਥਾਣੇਦਾਰ ਬਾਬੇ ਨੂੰ ਵਗਦੇ ਦਰਿਆ ਵੱਲ ਲੈ ਗਿਆ।

"ਬਾਬਾ ਜੀ ਲਓ ਰੱਬ ਦਾ ਨਾਂ ਧੀ ਦੀਆਂ ਅਸਥੀਆਂ ਨੂੰ ਜਲ ਪ੍ਰਵਾਹ ਕਰ ਕੇ ਰੱਬ ਅੱਗੇ ਅਰਦਾਸ ਕਰੋ ਕਿ ਉਹ ਉਸਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇ ਕੇ ਚੁਰਾਸੀ ਦੇ ਗੇੜ ਤੋਂ ਮੁਕਤ ਕਰੇ।"

ਬਾਬੇ ਬਿਸ਼ਨੇ ਨੇ ਥੋੜ੍ਹਾ ਅੱਗੇ ਹੋ ਕੇ ਅਸਥੀਆਂ ਨੂੰ ਪਾਣੀ ਵਿਚ ਸੁੱਟਿਆ। ਇਸ ਦੇ ਨਾਲ ਹੀ 'ਧੜੱਮ' ਦੀ ਇਕ ਆਵਾਜ਼ ਨੇ ਸ਼ਾਂਤ ਚੱਲ ਰਹੇ ਪਾਣੀ ਵਿਚ ਹਲ-ਚੱਲ ਪੈਦਾ ਤਕ ਦਿੱਤੀ। ਥੋੜ੍ਹੀ ਦੇਰ ਪਾਣੀ ਦੀ ਉੱਥਲ-ਪੁੱਥਲ ਹੋਈ ਫਿਰ ਪਾਣੀ ਆਪਣੀ ਤੋਰ ਤੁਰਦਾ ਗਿਆ।

ਜੀਪ ਵਾਪਸ ਥਾਣੇ ਵੱਲ ਮੁੜ ਪਈ। ਮੀਕਾ ਥਾਣੇਦਾਰ ਵੱਲ ਵੇਖ ਕੇ ਥੋੜ੍ਹਾ ਮੁਸਕਰਾਇਆ। ਗੱਡੀ ਵਿਚ ਹੁਣ ਮੀਕਾ ਤੇ ਥਾਣੇਦਾਰ ਹੀ ਸਨ ਪਰ ਬਾਬਾ ਬਿਸ਼ਨਾ ਨਹੀਂ ਸੀ। •



# ਖ਼ਾਲੀ ਹੱਥ ਆਏ ਸਾਂ ਤੇ ਕੀ ਲੈ ਕੇ ਜਾਵਾਂਗੇ?

'ਖ਼ਾਲੀ ਹੱਥ ਆਏ ਹਾਂ ਤੇ ਖ਼ਾਲੀ ਹੱਥ ਜਾਵਾਂਗੇ' ਕਹਾਵਤ ਸਦੀਆਂ ਤੋਂ ਸੁਣਦੇ ਆ ਰਹੇ ਹਾਂ। ਪ੍ਰੰਤੂ ਜਦ ਇਸ ਦਾ ਆਲੋਚਨਾਤਮਿਕ ਵਿਸ਼ਲੇਸ਼ਣ ਕੀਤਾ ਤਾਂ ਇਹ ਗੱਲ ਤੱਥਾਂ ਉੱਪਰ ਪੂਰੀ ਉਤਰਦੀ ਨਜ਼ਰ ਨਹੀਂ ਆਈ। ਮਾਫ਼ ਕਰਨਾ ਮੈਂ ਇਕ ਉਦਾਹਰਣ ਦੇਣ ਲੱਗਿਆ ਹਾਂ। ਸਾਡਾ ਬੱਚਾ ਤਿੰਨ ਚਾਰ ਸਾਲ ਦਾ ਸਾਡੀ ਨੌਕਰਾਣੀ ਦੇ ਛੋਟੇ ਬੱਚੇ ਨਾਲ ਬਹੁਤ ਪਿਆਰ ਨਾਲ ਖੇਡਦਾ ਹੈ ਉਸ ਬੱਚੇ ਦੇ ਕੱਪੜੇ ਸਾਫ਼ ਸੁਥਰੇ ਨਾ ਹੋਣ ਕਾਰਨ ਤੇ ਨਾਲ ਹੀ ਨੌਕਰਾਣੀ ਦਾ ਬੱਚਾ ਹੋਣ ਕਾਰਨ ਅਸੀਂ ਕਈ ਤਰੀਕਿਆਂ ਨਾਲ ਆਪਣੇ ਬੱਚੇ ਨੂੰ ਉਸ ਨਾਲ ਖੇਡਣੋਂ ਰੋਕਣ ਦੀ ਕੋਸ਼ਿਸ਼ ਕਰਦੇ ਹਾਂ ਪ੍ਰੰਤੂ ਅਸੀਂ ਕਾਮਯਾਬ ਨਹੀਂ ਹੁੰਦੇ। ਸਾਡਾ ਬੱਚਾ ਆਪਣੇ ਖਿਡੌਣੇ ਤਕ ਵੀ ਉਸ ਨੂੰ ਦੇ ਦਿੰਦਾ ਹੈ।

ਇਸ ਦਾ ਕਾਰਨ ਹੈ ਕਿ ਜਦ ਅਸੀਂ ਸੰਸਾਰ 'ਤੇ ਆਉਂਦੇ ਹਾਂ ਤਾਂ ਰੱਬ ਸਾਨੂੰ ਆਪਣੇ ਗੁਣਾਂ ਨਾਲ ਭਰਪੂਰ ਭੇਜਦਾ ਹੈ। ਇਸ ਦੇ ਨਾਲ ਹੀ ਵਰਦਾਨ ਹੈ ਕਿ ਇਹ ਗੁਣ ਲੋੜਵੰਦਾਂ ਵਿਚ ਵੰਡਣ ਨਾਲ ਘਟਣਗੇ ਨਹੀਂ ਸਗੋਂ ਵਧਣਗੇ। ਇਨ੍ਹਾਂ ਦੀ ਪੂਰਤੀ ਕਿਸੇ ਨਾ ਕਿਸੇ ਰੂਪ ਵਿਚ ਨਾਲ ਦੀ ਨਾਲ ਹੁੰਦੀ ਰਹੇਗੀ।

ਤਿੰਨ ਚਾਰ ਸਾਲ ਦੀ ਉਮਰ ਤਕ ਸਾਡੇ ਕੋਲ ਰੱਬੀ ਗੁਣ ਹੀ ਹੁੰਦੇ ਹਨ ਤੇ ਸੰਸਾਰਕ ਔਗੁਣਾਂ ਤੋਂ ਵਾਂਝੇ ਹੁੰਦੇ ਹਾਂ। ਜਿਉਂ-ਜਿਉਂ ਅਸੀਂ ਵੱਡੇ ਹੁੰਦੇ ਜਾਂਦੇ ਹਾਂ ਤਾਂ ਪਰਿਵਾਰ ਦੇ ਮੈਂਬਰਾਂ ਤੋਂ ਔਗੁਣ ਸਿੱਖਣ ਲਗ ਜਾਂਦੇ ਹਾਂ ਅਤੇ ਹੌਲੀ-ਹੌਲੀ ਆਪਣੇ ਗੁਣ ਤਿਆਗਦੇ ਜਾਂਦੇ ਹਾਂ। ਹੌਲੀ-ਹੌਲੀ ਮੁਹਾਰਤ ਇੰਨੀ ਹੋ ਜਾਂਦੀ ਹੈ ਕਿ ਸਾਡੇ ਔਗੁਣਾਂ ਦਾ ਪੱਲੜਾ ਗੁਣਾਂ ਦੇ ਪੱਲੜੇ ਨਾਲੋਂ ਭਾਰੂ ਹੋ ਜਾਂਦਾ ਹੈ। ਇੱਥੋਂ ਸ਼ੁਰੂ ਹੁੰਦਾ ਹੈ ਸਾਡੀ ਬੇਚੈਨੀ ਤੇ ਬੇਅਰਾਮੀ ਦਾ ਸਫ਼ਰ ਜਾਂ ਜ਼ਿੰਦਗੀ ਦੇ ਮਾਨਸਿਕ ਤੇ ਸਰੀਰਕ ਦੁੱਖਾਂ ਦਾ ਸਿਲਸਿਲਾ। ਜਿਸ 'ਚ ਲਗਾਤਾਰਤਾ ਆਉਂਦੀ ਰਹਿੰਦੀ ਹੈ।

ਇਸ ਮਾੜੇ ਰੁਝਾਨ ਤੋਂ ਬਚਿਆ ਜਾ ਸਕਦਾ ਹੈ। ਉਸ ਲਈ ਸਾਨੂੰ ਖ਼ਿਆਲ ਰੱਖਣਾ ਹੋਵੇਗਾ ਕਿ ਸਾਡਾ ਔਗੁਣਾਂ ਵਾਲਾ ਪੱਲੜਾ ਭਾਰੂ ਨਾ ਹੋਵੇ। ਜ਼ਿੰਦਗੀ ਜਿਉਂਦਿਆਂ ਕੋਸ਼ਿਸ਼ ਕੀਤੀ ਜਾਵੇ ਜਿਸ ਨਾਲ ਗੁਣ ਕਮਾਏ ਜਾਣ ਤੇ ਔਗੁਣਾਂ ਤੋਂ ਦੂਰ ਰਿਹਾ ਜਾਵੇ। ਇਸ ਪ੍ਰਕਿਰਿਆ ਨੂੰ ਹੀ ਪੂਜਾ ਕਿਹਾ ਗਿਆ ਹੈ। ਇਹ ਕਰਨਾ ਔਖਾ ਹੈ ਤੇ ਅਸੀਂ ਸੱਚੇ ਹੋਣ ਲਈ ਹੋਰ ਸੌਖੇ ਤਰੀਕੇ ਲਭ ਲਏ ਹਨ ਤੇ ਲੋਕਾਂ ਦੀਆਂ ਨਜ਼ਰਾਂ ਵਿਚ ਧਾਰਮਿਕ ਬਣ ਜਾਂਦੇ ਹਾਂ।

• ਸੁਖਦੇਵ ਸਿੰਘ, 9417191916

## ਪੁਸਤਕ ਚਰਚਾ



ਡਾ. ਅਮਰ ਕੋਮਲ ਨਿਰੰਤਰਤਾ ਨਾਲ ਸਾਹਿਤਕ ਰਚਨਾ ਕਰਨ ਵਾਲਾ ਸਾਹਿਤਕਾਰ ਹੈ। ਉਸ ਦੀ ਸਾਹਿਤਕ ਸਾਧਨਾ ਦਾ ਹੀ ਸਿੱਟਾ ਹੈ ਕਿ ਉਸ ਨੇ ਦਰਜਨਾਂ ਸਾਹਿਤਕ ਪੁਸਤਕਾਂ ਦੀ ਰਚਨਾ ਅਤੇ ਸੰਪਾਦਨਾ ਕੀਤੀ ਹੈ। ਡਾ. ਬਲਦੇਵ ਸਿੰਘ ਬੱਦਨ ਦੁਆਰਾ ਡਾ. ਅਮਰ ਕੋਮਲ ਦੀ ਕਾਵਿ-ਰਚਨਾ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਉਸ ਦੇ ਕਾਵਿ ਸੰਗ੍ਰਹਿਆਂ ਦੀ ਪਰਖ ਪੜਚੋਲ ਦੇ ਰੂਪ ਵਿਚ ਆਪਣੀ ਨਵੀਂ ਪੁਸਤਕ 'ਦਾਰਸ਼ਨਿਕ ਤੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਡਾ. ਅਮਰ ਕੋਮਲ ਦੀ ਕਾਵਿ ਚੇਤਨਾ ਦੇ ਮਾਨਵੀ ਸਰੋਕਾਰ' ਪਾਠਕਾਂ ਦੇ ਰੂ-ਬ-ਰੂ ਕੀਤੀ ਗਈ ਹੈ। ਉਸ ਦੀਆਂ ਪਹਿਲੀਆਂ ਤਿੰਨ ਪੁਸਤਕਾਂ 'ਨੂਰ ਦੇ ਫੁੱਲ','ਬੰਦਨਬਾਰ' ਅਤੇ 'ਕਿਰਨਾਂ ਦੇ ਸਿਰਨਾਵੇਂ' ਬਾਰੇ ਅਧਿਐਨ ਪ੍ਰਸਤੁਤ ਕਰਦਿਆਂ ਡਾ. ਬੱਦਨ ਨੇ ਆਪਣੀ ਧਾਰਨਾ ਪੇਸ਼ ਕੀਤੀ ਹੈ ਕਿ ਉਸਦੀ ਮਾਨਵੀ ਦ੍ਰਿਸ਼ਟੀ ਸਮੁੱਚੀ ਦੁਨੀਆ ਲਈ ਸ਼ਾਂਤੀ, ਸੁੱਖ ਅਤੇ ਸੁਤੰਤਰਤਾ ਦਾ ਸੁਨੇਹਾ ਦਿੰਦੀ ਹੈ। ਉਸ ਦਾ ਵਿਚਾਰ ਹੈ ਕਿ ਇਨ੍ਹਾਂ ਕਵਿਤਾਵਾਂ ਵਿਚ ਉਸ ਦੀ ਆਸ਼ਾਵਾਦੀ ਪਹੁੰਚ ਦੀ ਥਹੁ ਵੀ ਲਗਦੀ ਹੈ।

ਇਸ ਤੋਂ ਪਿੱਛੋਂ ਉਸ ਦੇ ਤਿੰਨ ਹੋਰ ਕਾਵਿ ਸੰਗ੍ਰਹਿਆਂ 'ਮੇਰਾ ਸਲਾਮ', 'ਸਤਯਮੇਵ ਜਯਤੇ' ਅਤੇ 'ਤਥਾ ਅਸਤੂ' ਵਿਚ ਸਮੁੱਚੇ ਰੂਪ ਵਿਚ ਉਸ ਦੀ ਧਾਰਨਾ ਹੈ ਕਿ ਸੂਚਨਾ ਅਤੇ ਤਕਨਾਲੋਜੀ ਨੇ ਪੂੰਜੀਵਾਦ ਦਾ ਫੈਲਾਓ ਕੀਤਾ ਹੈ ਪਰ ਮਿਹਨਤੀ ਵਿਅਕਤੀ ਦੇ ਹੱਕ ਹਮੇਸ਼ਾ ਹੀ ਨਿਗੂਣੇ ਹੀ ਰਹੇ। ਤੀਜੇ ਅਧਿਆਇ ਵਿਚ ਅਧਿਐਨ ਕਰਤਾ ਨੇ 'ਉਸ ਨੂੰ ਮੇਰਾ ਸਲਾਮ' ਕਵਿਤਾ ਦੀਆਂ ਪਾਠਗਤ ਵਿਸ਼ੇਸ਼ਤਾਵਾਂ ਦਾ ਵਿਹਾਰਕ ਅਧਿਐਨ ਪ੍ਰਸਤੁਤ ਕੀਤਾ ਹੈ।

ਇਸ ਤੋਂ ਇਲਾਵਾ ਪੁਸਤਕ ਵਿਚ 'ਮੇਰੇ ਸਾਹਿਬ ਜੀਓ' ਕਾਵਿ ਸੰਗ੍ਰਹਿ ਬਾਰੇ ਡਾ. ਬੱਦਨ ਨੇ ਇਸ ਨੂੰ ਪਰਮਾਤਮਾ ਅਤੇ ਆਤਮ ਦੇ ਬੌਧਿਕ ਸੰਕਟ ਦੀ ਕਵਿਤਾ ਕਿਹਾ ਹੈ ਜਿਸ ਵਿਚ ਕਵੀ ਨੇ ਦਾਰਸ਼ਨਿਕ ਸ਼ੈਲੀ ਵਿਚ ਹਕੀਕਤ ਦੀ ਪਛਾਣ ਕਰਨ ਅਤੇ ਜਾਗ੍ਰਿਤ ਅਵਸਥਾ ਵਿਚ ਵਿਚਰਨ ਬਾਰੇ ਕਾਵਿਕ ਸਿਰਜਣਾ ਪੇਸ਼ ਕੀਤੀ ਹੈ। ਸਮੁੱਚੇ ਰੂਪ ਵਿਚ ਡਾ. ਅਮਰ ਕੋਮਲ ਦੇ ਸਾਹਿਤਕ ਸੰਸਾਰ ਨੂੰ ਸਮਝਣ ਲਈ ਇਹ ਪੁਸਤਕ ਭਰਪੂਰ ਰੂਪ ਵਿਚ ਆਲੋਚਨਾਤਮਕ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ।



ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ ਸਨ ਜਿਨ੍ਹਾਂ ਨੇ ਸਿੱਖ ਧਰਮ ਅਤੇ ਹਿੰਦੁਸਤਾਨ ਦੇ ਇਤਿਹਾਸ ਵਿਚ ਗੁਰੂ ਰੂਪ, ਯੋਧੇ ਸੂਰਬੀਰ, ਦਾਨੀ ਦਾਇਆਵਾਨ ਅਤੇ ਇਕ ਬਹੁਤ ਵੱਡੇ ਸਾਹਿਤਕਾਰ ਦੇ ਰੂਪ ਵਿਚ ਉੱਚਤਮ ਅਤੇ ਮਹੱਤਵਪੂਰਨ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਦੁਆਰਾ 42 ਸਾਲ ਦੀ ਛੋਟੀ ਜਿਹੀ ਉਮਰ ਵਿਚ ਕੀਤੇ ਕਾਰਜ ਇਤਿਹਾਸ ਨੂੰ ਖੋਜਣ ਵਾਚਣ ਵਾਲੇ ਵਿਦਵਾਨਾਂ ਨੂੰ ਹੈਰਾਨੀ ਵਿਚ ਪਾ ਦਿੰਦਾ ਹਨ ਕਿ ਇੰਨੀ ਛੋਟੀ ਉਮਰ ਵਿਚ ਇੰਨੇ ਵੱਡੇ ਕੰਮ ਉਨ੍ਹਾਂ ਨੇ ਸਾਰੀ ਜ਼ਿੰਦਗੀ ਬਗ਼ੈਰ ਰੁਕੇ ਜਾਂ ਆਰਾਮ ਕੀਤੇ ਕਿਵੇਂ ਕਰ ਵਿਖਾਏ ਪਰ ਇਹ ਉਨ੍ਹਾਂ ਦੀ ਅਗੰਮੀ ਸ਼ਖ਼ਸੀਅਤ ਦਾ ਪ੍ਰਮਾਣ ਹੈ ਕਿ ਉਹ ਦੁਨਿਆਵੀ ਅਤੇ ਪਰਮਾਰਥ ਦੇ ਖੇਤਰ ਵਿਚ ਬਰਾਬਰ ਵਿਚਰਦੇ ਰਹੇ।

ਡਾ. ਸਵਿੰਦਰ ਪਾਲ ਦੁਆਰਾ ਲਿਖੀ ਪੁਸਤਕ 'ਯੁੱਗ ਪਰਿਵਰਤਕ ਮਹਾਂਪੁਰਸ਼ ਗੁਰੂ ਗੋਬਿੰਦ ਸਿੰਘ' ਗੁਰੂ ਗੋਬਿੰਦ ਸਿੰਘ ਜੀ ਦੁਆਰਾ ਆਪਣੇ ਜੀਵਨ ਕਾਲ ਦੌਰਾਨ ਕੀਤੇ ਮਹਾਨ ਕਾਰਜਾਂ ਬਾਰੇ ਚਾਨਣਾ ਪਾਉਂਦੀ ਪੁਸਤਕ ਹੈ। ਭਾਵੇਂ ਕਿ ਬਹੁਤੇ ਪਾਠਕ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਤੇ ਕਾਰਜਾਂ ਤੋਂ ਪਹਿਲਾਂ ਹੀ ਵਾਕਿਫ਼ ਹਨ ਪਰ ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਲੇਖਕ ਨੇ ਗੁਰੂ ਗੋਬਿੰਦ ਸਿੰਘ ਜੀ ਬਾਰੇ ਸ਼ੁਰੂ ਵਿਚ ਸਮੁੱਚਾ ਜੀਵਨ ਬਿਓਰਾ ਦੇਣ ਤੋਂ ਬਾਅਦ ਉਨ੍ਹਾਂ ਬਾਰੇ ਵੱਖ-ਵੱਖ ਸਿਰਲੇਖਾਂ ਤਹਿਤ ਵਿਸਥਾਰਤ ਵੇਰਵੇ ਦਿੱਤੇ ਹਨ। ਗਿਆਨ ਵਜੋਂ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੀਆਂ ਲੜਾਈਆਂ/ਯੁੱਧਾਂ ਦਾ ਇਕੱਲਾ-ਇਕੱਲਾ ਵੇਰਵਾ ਦਰਜ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਉਨ੍ਹਾਂ ਦੁਆਰਾ ਰਚੀ ਬਾਣੀ ਬਾਰੇ ਵੀ ਵਿਸਥਾਰਤ ਰੂਪ ਵਿਚ ਚਰਚਾ ਕੀਤੀ ਹੈ ਅਤੇ ਬਾਣੀ ਦੇ ਰੂਪਕ ਪੱਖ ਬਾਰੇ ਵੀ ਚਾਨਣਾ ਪਾਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ, 52 ਕਵੀਆਂ ਬਾਰੇ ਵੇਰਵੇ ਤੋਂ ਇਲਾਵਾ ਖ਼ਾਲਸਾ ਪੰਥ ਦੀ ਸਾਜਨਾ ਦਾ ਇਤਿਹਾਸ, ਗੁਰੂ ਗੋਬਿੰਦ ਸਿੰਘ ਜੀ ਦੇ 52 ਹੁਕਮ ਵੀ ਪੁਸਤਕ ਵਿਚ ਦਰਜ ਕੀਤੇ ਗਏ ਹਨ।

• ਡਾ. ਸਰਦੂਲ ਸਿੰਘ ਔਜਲਾ



ਰਾਜੇਸ਼ ਜੋਸ਼ੀ ਹਿੰਦੀ ਸਾਹਿਤ ਦਾ ਮੰਨਿਆ-ਪ੍ਰਮੰਨਿਆ ਹਸਤਾਖ਼ਰ ਹੈ। ਨਰਸਿੰਘਗੜ੍ਹ (ਮੱਧ ਪ੍ਰਦੇਸ਼) ਦੇ ਇਸ ਸ਼ਾਇਰ ਨੇ ਹਿੰਦੀ ਸਾਹਿਤ ਦੀ ਝੋਲੀ 'ਚ ਕਈ ਦਰਜਨਾਂ ਕਾਵਿ ਪੁਸਤਕਾਂ ਪਈਆਂ ਹਨ ਅਤੇ ਦਰਜਨਾਂ ਪੁਸਤਕਾਂ ਦੀ ਸੰਪਾਦਨਾ ਵੀ ਕੀਤੀ। ਕਵਿਤਾ ਤੋਂ ਇਲਾਵਾ ਉਸ ਨੇ ਕਹਾਣੀਆਂ ਅਤੇ ਨਾਟਕਾਂ ਦੀ ਰਚਨਾ ਵੀ ਕੀਤੀ ਹੈ। ਰਾਜੇਸ਼ ਜੋਸ਼ੀ ਦੀਆਂ ਪੁਸਤਕਾਂ ਦਾ ਅਨੁਵਾਦ ਭਾਰਤੀ ਭਾਸ਼ਾਵਾਂ 'ਚ ਹੀ ਨਹੀਂ ਅੰਗਰੇਜ਼ੀ, ਰੂਸੀ ਅਤੇ ਜਰਮਨੀ ਭਾਸ਼ਾ 'ਚ ਵੀ ਹੋਇਆ ਹੈ। 'ਮਾਰੇ ਜਾਣਗੇ' ਕਾਵਿ ਸੰਗ੍ਰਹਿ ਵੀ ਇਸੇ ਲੜੀ ਦਾ ਹਿੱਸਾ ਹੈ। ਇਸ ਪੁਸਤਕ ਨੂੰ ਪੰਜਾਬੀ ਦੇ ਬਹੁਤ ਹੀ ਸੁਹਿਰਦ ਤੇ ਸੁਲਝੇ ਅਨੁਵਾਦਕ ਸ਼ਾਇਰ ਅਮਰਜੀਤ ਕੌਂਕੇ ਨੇ ਅਨੁਵਾਦ ਕੀਤਾ ਹੈ।

ਇਸ ਕਾਵਿ ਸੰਗ੍ਰਹਿ 'ਚ ਰਾਜੇਸ਼ ਜੋਸ਼ੀ ਦੀਆਂ 50 ਛੋਟੀਆਂ-ਵੱਡੀਆਂ ਕਵਿਤਾਵਾਂ ਸ਼ਾਮਿਲ ਹਨ। ਇਹ ਕਵਿਤਾਵਾਂ ਸਮਾਜਿਕ ਤਾਣੇ-ਬਾਣੇ ਦੀਆਂ ਉਲਝਣਾਂ ਨੂੰ ਬਹੁਤ ਹੀ ਸਰਲ ਤੇ ਕਲਾਤਮਤਿਕ ਢੰਗ ਨਾਲ ਪੇਸ਼ ਕਰਦੀਆਂ ਹਨ। ਕਵੀ ਚੌਗਿਰਦੇ 'ਚ ਵਾਪਰ ਰਹੀ ਹਰ ਛੋਟੀ ਵੱਡੀ ਘਟਨਾ ਨੂੰ ਬਹੁਤ ਹੀ ਧਿਆਨ ਨਾਲ ਵਾਚਦਾ ਹੈ ਅਤੇ ਫਿਰ ਇਸ ਘਟਨਾ ਨੂੰ ਆਪਣੀ ਕਵਿਤਾ ਦੇ ਵਿਸ਼ਾ-ਵਸਤੂ ਦੇ ਤੌਰ 'ਤੇ ਇਸਤੇਮਾਲ ਕਰਦਾ ਹੈ। ਉਸ ਦੀ ਕਵਿਤਾ ਦਾ ਵਿਸ਼ਾ ਬਰਸਾਤ 'ਚ ਬਿਜਲੀ ਖ਼ਰਾਬ ਹੋਣ 'ਤੇ ਉਸ ਨੂੰ ਠੀਕ ਕਰਨ ਆਏ ਮੁਲਾਜ਼ਮ, ਮਸਤੀ ਕਰਦੀ ਚਿੜੀ, ਨਾਨੇ ਦੀ ਸਾਇਕਲ, ਬਜ਼ੁਰਗ ਬੰਦੇ ਦਾ ਕਾਰ ਚਲਾਉਣੀ ਸਿੱਖਣਾ, ਕਿਸੇ ਦੁਖਦਾਇਕ ਘਟਨਾ ਨੂੰ ਹੋਣ ਤੋਂ ਰੋਕਣ ਦੀ ਅਪੀਲ ਲਿਖਣਾ ਅਤੇ ਝਾੜੂ ਦੀ ਨੀਤੀ ਕਥਾ ਆਦਿ ਹਨ।

ਰਾਜੇਸ਼ ਜੋਸ਼ੀ ਦੀ ਕਵਿਤਾ 'ਚ ਅਥਾਹ ਰਵਾਨੀ ਹੈ। ਸੁਰਸੰਗੀਤਮਈ ਹੈ। ਦੇਖਣ ਨੂੰ ਸਧਾਰਨ ਪਰ ਪੜ੍ਹਨ 'ਤੇ ਅਰਥ ਸਮਝ ਆਉਣ ਵਿਚ ਅਤਿ ਦਰਜੇ ਦੀ ਸੂਖਮ ਤੇ ਭਾਵਨਾਵਾਂ ਨਾਲ ਜੁੜੀ ਕਵਿਤਾ ਸਾਡੇ ਸਾਹਮਣੇ ਆਉਂਦੀ ਹੈ। ਇਕ ਵਾਰੀ ਪੜ੍ਹਨਾ ਸ਼ੁਰੂ ਕਰਨ ਉਪਰੰਤ ਕਾਵਿ ਸੰਗ੍ਰਹਿ 'ਮਾਰੇ ਜਾਣਗੇ' ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਪੁਸਤਕ ਦਾ ਸਵਾਗਤ ਹੈ।



ਮਲਵਿੰਦਰ ਪੰਜਾਬੀ ਸਾਹਿਤ ਦਾ ਸਥਾਪਿਤ ਹਸਤਾਖ਼ਰ ਹੈ। ਹੱਥਲਾ ਸੰਗ੍ਰਹਿ 'ਸੁਪਨਿਆਂ ਦਾ ਪਿੱਛਾ ਕਰਦਿਆਂ' ਉਸ ਦਾ ਛੇਵਾਂ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ 'ਗ਼ੈਰਹਾਜ਼ਰ, ਕਾਇਆ ਦੇ ਹਰਫ਼, ਚਿੜੀਆਂ ਦਾ ਪਿੰਡ, ਬਿਨ ਸਿਰਲੇਖ, ਸਵਾਲ ਨਾ ਕਰ' ਨਾਲ ਪਾਠਕਾਂ ਦੇ ਸਨਮੁੱਖ ਹੋ ਚੁੱਕਾ ਹੈ। ਇਸ ਪੁਸਤਕ 'ਚ ਮਲਵਿੰਦਰ ਨੇ ਪਾਠਕਾਂ ਨੂੰ 85 ਛੋਟੀਆਂ-ਵੱਡੀਆਂ ਕਵਿਤਾਵਾਂ ਪਰੋਸੀਆਂ ਹਨ। ਇਨ੍ਹਾਂ ਕਵਿਤਾਵਾਂ 'ਚ ਦੇਸ਼ ਦੀ ਵਿਗੜ ਰਹੀ ਰਾਜਨੀਤਕ ਵਿਵਸਥਾ ਦੇ ਨਾਲ-ਨਾਲ ਰਾਜਸੀਆਂ ਪਾਰਟੀਆਂ ਦੇ ਨੁਮਾਇੰਦਿਆਂ ਵੱਲੋਂ ਲੋਕਾਂ ਦੇ ਭੋਲੇਪਨ ਦਾ ਫ਼ਾਇਦਾ ਉਠਾਉਣ ਦੀ ਬਾਖ਼ਬੀ ਵਿਆਖਿਆ ਕੀਤੀ ਗਈ। ਮਲਵਿੰਦਰ ਸਿੰਘ ਦੀ ਕਵਿਤਾ ਪੜ੍ਹਦਿਆਂ-ਪੜ੍ਹਦਿਆਂ ਰੁਕਣਾ ਤੇ ਸੋਚਣਾ ਪੈਂਦਾ ਹੈ। ਇਸ ਤਰ੍ਹਾਂ ਵੀ ਹੋ ਸਕਦਾ ਹੈ। ਮੇਰੇ ਇਸ ਕਥਨ ਦੀ ਸਾਦਗੀ ਉਸ ਦੀ ਕਵਿਤਾ ਰੋਗ (ਪੰਨਾ 63) ਭਰਦੀ ਹੈ। ਦੇਖੋ :

ਮੇਰਾ ਅਧਿਆਪਕ ਦੋਸਤ ਦੱਸਦਾ ਹੈ
ਮੈਂ ਸਾਰੀ ਉਮਰ ਸ਼ਬਦਾਂ 'ਤੇ
ਨਿਗਾਹ ਨਹੀਂ ਟਿਕਾਈ
ਉਪਰੀ ਜਿਹੀ ਨਜ਼ਰ ਨਾਲ ਹੀ
ਕੰਮ ਸਾਰਿਆ ਹੈ
ਤਾਂ ਹੀ ਅੱਖਾਂ ਕਾਇਮ ਨੇ
ਅਜੇ ਐਨਕ ਵੀ ਨਹੀਂ ਲੱਗੀ।

ਇਸੇ ਤਰ੍ਹਾਂ ਇਕ ਹੋਰ ਮਿਸਾਲ ਦੇਖੋ ਰਾਜਸੀ ਪਾਰਟੀਆਂ ਵੱਲੋਂ ਲੋਕਾਂ ਨੂੰ ਕਿੱਦਾਂ ਅਪਾਹਜ ਬਣਾਇਆ ਜਾਂਦਾ ਹੈ। ਉਸ ਦੀ ਵਿਆਖਿਆ ਕਰਦੀ ਕਵਿਤਾ

ਸੱਤਾ ਜਿਸ ਨੂੰ ਸਬਸਿਡੀ ਦਾ ਰਾਸ਼ਨ ਕਹਿੰਦੀ ਹੈ
ਪਾਵਰ ਵਾਲੇ ਜਾਣਦੇ ਉਨ੍ਹਾਂ ਨੂੰ ਅਪਾਹਜ ਕੀਤਾ ਜਾ ਰਿਹਾ ਹੈ।

ਮਲਵਿੰਦਰ ਦੀ ਕਵਿਤਾ ਲੋਕਈ ਮਸਲਿਆਂ ਦਾ ਦਰਦ ਹੈ। ਆਮ ਆਦਮੀ ਦੀ ਅਜੋਕੇ ਸਮੇਂ ਵਿਚ ਹੋ ਰਹੀ ਹੈ ਦੁਰਦਸ਼ਾ ਦੀ ਕਥਾ ਹੈ। ਉਹ ਲੜਨਾ ਲੋਚਦਾ ਹੈ ਪਰ ਆਪਣੇ ਆਂਢੀਆਂ ਗਵਾਂਢੀਆਂ ਨਾਲ ਨਹੀ ਵਿਸ਼ਵ ਪੱਧਰੀ ਫੈਲੀਆਂ ਬੁਰਾਈਆਂ ਨਾਲ। ਉਸ ਦਾ ਮਨ ਪ੍ਰੇਮ ਨਾਲ ਲਬਰੇਜ਼ ਹੈ। ਉਸ ਦੀ ਅੱਖ ਗ਼ਰੀਬੀ ਭੋਗਦੇ ਇਨਸਾਨ ਨੂੰ ਦੇਖਦੇ ਅੱਥਰੂ ਕੇਰਦੀ ਹੈ। ਚੋਂਦੀਆਂ ਛੱਤਾਂ ਦੇਖ ਕੇ ਉਸ ਦੇ ਦਿਲ 'ਚ ਖਲਬਲੀ ਹੁੰਦੀ ਹੈ। ਪੁਸਤਕ ਪੜ੍ਹਨ ਹੀ ਨਹੀਂ ਸਾਂਭਣਯੋਗ ਵੀ ਹੈ।

• ਜਸਵਿੰਦਰ ਦੂਹੜਾ

# ਹਿਮਾਂਸ਼ੂ ਅਗਰਵਾਲ ਨੇ ਸੰਭਾਲਿਆ 43 ਗੁਰਦਾਸਪੁਰ ਦਾ ਆਰਜ਼ੀ ਚਾਰਜ, ਦਿੱਤੀਆਂ ਨਵੀਆਂ ਹਦਾਇਤਾਂ

**ਕੌਮੀ ਪਤ੍ਰਿਕਾ**

ਗੁਰਦਾਸਪੁਰ 13 ਸਤੰਬਰ। ਹਿਮਾਂਸ਼ੂ ਅਗਰਵਾਲ ਵੱਲੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਾ ਆਰਜ਼ੀ ਚਾਰਜ ਸੰਭਾਲਣ ਤੋਂ ਤੁਰੰਤ ਬਾਅਦ ਅੱਜ ਸਵੇਰੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਚੱਲ ਰਹੇ ਰਾਹਤ ਅਤੇ ਪੁਨਰਵਾਸ ਕਾਰਜਾਂ ਨੂੰ ਹੋਰ ਤੇਜ਼ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਦਲਵਿੰਦਰਜੀਤ ਸਿੰਘ ਦੇ ਛੁੱਟੀ ਜਾਣ ਕਾਰਨ ਪੰਜਾਬ ਸਰਕਾਰ ਵੱਲੋਂ ਜਲੰਧਰ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਨੂੰ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਅੱਜ ਸਵੇਰੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਚ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜ ਲਗਾਤਾਰ ਜਾਰੀ ਹਨ ਅਤੇ ਜ਼ਿਲਾ ਪ੍ਰਸ਼ਾਸਨ ਦੀਆਂ ਟੀਮਾਂ ਹਰ ਪ੍ਰਭਾਵਿਤ ਪਿੰਡ ਦੇ ਘਰ-ਘਰ ਤੱਕ ਪਹੁੰਚ ਕਰ ਰਹੀਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕੋਈ ਵੀ ਲੋੜਵੰਦ ਵਿਅਕਤੀ ਸਰਕਾਰੀ ਰਾਹਤ ਤੇ ਮਦਦ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਜਿਨ੍ਹਾਂ ਵਿਅਕਤੀਆਂ ਦੇ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ ਉਨ੍ਹਾਂ ਨੂੰ ਬਿਨ੍ਹਾਂ ਕਿਸੇ ਦੇਰੀ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਸ਼ੁਰੂ ਕੀਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਲੋਕ ਨਿਰਮਾਣ ਵਿਭਾਗ ਅਤੇ ਪੰਜਾਬ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਹੜ੍ਹਾਂ ਕਾਰਨ ਜ਼ਿਲ੍ਹੇ ਵਿਚ ਬੁਨਿਆਦੀ ਢਾਂਚੇ ਨੂੰ ਪਹੁੰਚੇ ਨੁਕਸਾਨ ਦੀ ਰਿਪੋਰਟ ਤਿਆਰ ਕਰਕੇ 48 ਘੰਟਿਆਂ ਦੇ ਅੰਦਰ-ਅੰਦਰ



ਜਮ?ਹਾਂ ਕਰਵਾਉਣ ਤਾਂ ਜੋ ਨੁਕਸਾਨੇ ਗਏ ਢਾਂਚੇ ਨੂੰ ਠੀਕ ਕਰਨ ਦੀ ਕਾਰਵਾਈ ਅਰੰਭੀ ਜਾ ਸਕੇ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਲਗਾਏ ਜਾ ਰਹੇ ਮੈਡੀਕਲ ਕੈਂਪਾਂ ਦੀ ਗਿਣਤੀ ਵਧਾਈ ਜਾਵੇ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਜਾਗਰੂਕ ਕਰਨ। ਇਸ ਦੇ ਨਾਲ ਹੀ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਸਿਹਤ ਵਿਭਾਗ, ਸਥਾਨਿਕ ਸਰਕਾਰਾਂ ਅਤੇ ਪੰਚਾਇਤ ਵਿਭਾਗ ਦੀਆਂ ਟੀਮਾਂ ਵੱਲੋਂ ਲਗਾਤਾਰ ਫੌਗਿੰਗ ਕੀਤੀ ਜਾਵੇ ਤਾਂ ਜੋ ਹੜ੍ਹਾਂ ਦੇ ਪਾਣੀ ਕਾਰਨ ਮੱਛਰ-ਮੱਖੀਆਂ ਪੈਦਾ ਨਾ ਹੋ ਸਕਣ। ਉਨ੍ਹਾਂ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਸ਼ੂਆਂ ਦਾ ਇਲਾਜ ਕਰਨ ਦੇ ਨਾਲ ਪਸ਼ੂਆਂ ਦੇ ਚਾਰੇ ਦਾ ਵੀ ਪ੍ਰਬੰਧ ਕਰਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਫਸਲਾਂ ਨੂੰ ਵੀ ਕਾਫ਼ੀ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਅਜੇ ਵੀ ਕਈ ਪਿੰਡਾਂ ਵਿੱਚ ਫਸਲਾਂ ਪਾਣੀ ਵਿਚ ਡੁੱਬੀਆਂ ਹੋਈਆਂ ਹਨ। ਉਨ੍ਹਾਂ ਨੇ ਖੇਤੀਬਾੜੀ ਵਿਭਾਗ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਾਣੀ ਘਟਣ ਤੋਂ ਬਾਅਦ ਬਿਨ੍ਹਾਂ ਕਿਸੇ ਦੇਰੀ ਫਸਲਾਂ ਦੇ ਹੋਏ ਨੁਕਸਾਨ ਦੀ ਰਿਪੋਰਟ ਤਿਆਰ ਕੀਤੀ ਜਾਵੇ ਤਾਂ ਜੋ ਸਰਕਾਰ ਵੱਲੋਂ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦਿਵਾਇਆ ਜਾ ਸਕੇ। ਉਨ੍ਹਾਂ ਐਕਸੀਅਨ ਡਰੇਨਜ਼ ਨੂੰ ਕਿਹਾ ਕਿ ਉਹ ਧੁੱਸੀ ਬੰਨ੍ਹ ਨੂੰ ਹੋਏ ਨੁਕਸਾਨ ਦੀ ਰਿਪੋਰਟ ਤਿਆਰ ਕਰਨ ਅਤੇ ਬੰਨ੍ਹ ਵਿੱਚ ਪਏ ਪਾੜਾਂ ਨੂੰ ਭਰਨ ਦਾ ਕੰਮ ਵੀ ਤੁਰੰਤ ਸ਼ੁਰੂ ਕੀਤਾ ਜਾਵੇ। ਮੀਟਿੰਗ ਦੌਰਾਨ ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ, ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਐੱਸ.ਡੀ.ਐੱਮ. ਕਲਾਨੌਰ ਜਯੋਤਸਨਾ ਸਿੰਘ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਡਾ. ਆਦਿੱਤਯ ਸ਼ਰਮਾ, ਐੱਸ.ਡੀ.ਐੱਮ. ਗੁਰਦਾਸਪੁਰ ਮਨਜੀਤ ਸਿੰਘ ਰਾਜਲਾ, ਐੱਸ.ਡੀ.ਐੱਮ. ਫ਼ਤਹਿਗੜ੍ਹ ਚੂੜੀਆਂ ਗੁਰਮੰਦਰ ਸਿੰਘ, ਸਹਾਇਕ ਕਮਿਸ਼ਨਰ (ਜਨਰਲ) ਆਦਿੱਤਯ ਗੁਪਤਾ, ਸਹਾਇਕ ਕਮਿਸ਼ਨਰ ਕੁਲਦੀਪ ਰਾਜ, ਸਹਾਇਕ ਕਮਿਸ਼ਨਰ ਰੁਪਿੰਦਰਪਾਲ ਸਿੰਘ, ਆਰ.ਟੀ.ਓ. ਨਵਜੋਤ ਸ਼ਰਮਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ।

## ਬਠਿੰਡਾ 'ਚ ਡੇਂਗੂ ਦੇ 15 ਮਾਮਲੇ ਪਾਜ਼ੇਟਿਵ, ਲਾਰਵਾ ਮਿਲਣ 'ਤੇ 195 ਲੋਕਾਂ ਨੂੰ ਜੁਰਮਾਨਾ

ਬਠਿੰਡਾ 12 ਸਤੰਬਰ। ਬਰਸਾਤ ਦੇ ਮੌਸਮ ਦੌਰਾਨ ਮੱਛਰਾਂ ਦੀ ਬਹੁਤਾਤ ਕਾਰਨ ਡੇਂਗੂ ਦਾ ਖ਼ਤਰਾ ਲਗਾਤਾਰ ਵੱਧਦਾ ਜਾ ਰਿਹਾ ਹੈ, ਜਦੋਂ ਕਿ ਜ਼ਿਲ੍ਹਾ ਸਿਹਤ ਵਿਭਾਗ ਵੀ ਡੇਂਗੂ ਨਾਲ ਨਜਿੱਠਣ ਲਈ ਪ੍ਰਬੰਧ ਕਰ ਰਿਹਾ ਹੈ। ਸਿਹਤ ਵਿਭਾਗ ਵਲੋਂ ਡੇਂਗੂ ਦੇ ਸ਼ੱਕ 'ਤੇ ਕੁੱਲ 496 ਲੋਕਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿਚੋਂ 15 ਲੋਕ ਪਾਜ਼ੇਟਿਵ ਪਾਏ ਗਏ ਅਤੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕਰੀਬ 200 ਚਿਕਨਗੁਨੀਆ ਟੈਸਟ ਕੀਤੇ ਗਏ,



ਜਿਨ੍ਹਾਂ ਵਿੱਚੋਂ 2 ਲੋਕ ਪਾਜ਼ੇਟਿਵ ਪਾਏ ਗਏ। ਸਿਹਤ ਵਿਭਾਗ ਵਲੋਂ ਡੇਂਗੂ ਦੇ ਮਰੀਜ਼ਾਂ ਦੇ ਇਲਾਜ ਲਈ ਸਿਵਲ ਹਸਪਤਾਲ ਵਿੱਚ 47 ਬੈੱਡਾਂ ਦਾ ਡੇਂਗੂ ਵਾਰਡ ਬਣਾਇਆ ਗਿਆ ਹੈ, ਜਿਸ ਵਿਚ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਹਨ। ਸਿਹਤ ਵਿਭਾਗ ਦੀਆਂ ਟੀਮਾਂ ਡੇਂਗੂ ਦੇ ਲਾਰਵੇ ਦੀ ਭਾਲ ਵਿਚ ਲਗਾਤਾਰ ਸਰਵੇਖਣ ਕਰ ਰਹੀਆਂ ਹਨ ਅਤੇ ਜੇਕਰ ਡੇਂਗੂ ਦਾ ਲਾਰਵਾ ਮਿਲਦਾ ਹੈ ਤਾਂ ਉਨ੍ਹਾਂ ਨੂੰ ਨਸ਼ਟ ਕਰ ਦਿੱਤਾ ਜਾਂਦਾ ਹੈ। ਸਿਹਤ ਵਿਭਾਗ ਵਲੋਂ ਮਿਲੇ ਡੇਂਗੂ ਦੇ ਲਾਰਵੇ ਦੇ 237 ਕੇਸ ਚਲਾਨ ਲਈ ਨਿਗਮ ਨੂੰ ਭੇਜੇ ਗਏ ਸਨ, ਜਿਨ੍ਹਾਂ ਵਿਚੋਂ ਨਿਗਮ ਨੇ 195 ਕੇਸਾਂ ਦਾ ਚਲਾਨ ਕੀਤਾ ਹੈ। ਸਿਵਲ ਸਰਜਨ ਡਾ. ਤਪਿੰਦਰਜੋਤ ਨੇ ਦੱਸਿਆ ਕਿ ਸਿਵਲ ਹਸਪਤਾਲ ਬਠਿੰਡਾ ਅਤੇ ਸਿਵਲ ਹਸਪਤਾਲ ਰਾਮਪੁਰਾ ਵਿਚ ਡੇਂਗੂ ਦੇ ਟੈਸਟ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਡੇਂਗੂ ਮੱਛਰਾਂ ਦੀ ਪੈਦਾਵਾਰ ਨੂੰ ਰੋਕਣ ਲਈ ਹਰ ਸ਼ੁੱਕਰਵਾਰ ਨੂੰ ਡਰਾਈ ਡੇਅ ਮਨਾਇਆ ਜਾਣਾ ਚਾਹੀਦਾ ਹੈ ਅਤੇ ਉਸ ਦਿਨ ਕੂਲਰਾਂ, ਗਮਲਿਆਂ, ਪੁਰਾਣੇ ਟਾਇਰਾਂ ਆਦਿ ਤੋਂ ਪਾਣੀ ਕੱਢਿਆ ਜਾਣਾ ਚਾਹੀਦਾ ਹੈ ਤਾਂ ਜੋ ਡੇਂਗੂ ਮੱਛਰਾਂ ਦੀ ਪੈਦਾਵਾਰ ਦੀ ਲੜੀ ਨੂੰ ਤੋੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਡੇਂਗੂ ਨਾਲ ਨਜਿੱਠਣ ਲਈ ਵਿਭਾਗ ਵਲੋਂ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

### ਡੇਰਾ ਬਿਆਸ ਦੀ ਸੰਗਤ ਲਈ ਅਹਿਮ ਖ਼ਬਰ, ਬਾਬਾ ਗੁਰਿੰਦਰ ਸਿੰਘ ਵੱਲੋਂ ਆਇਆ ਜ਼ਰੂਰੀ ਸੁਨੇਹਾ

ਫਾਜ਼ਿਲਕਾ 12 ਸਤੰਬਰ। ਰਾਧਾ ਸੁਆਮੀ ਸਤਿਸੰਗ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਮੰਗਲਵਾਰ ਨੂੰ ਫਾਜ਼ਿਲਕਾ ਅਤੇ ਜਲਾਲਾਬਾਦ ਖੇਤਰਾਂ 'ਚ ਆਪਣੇ ਪੈਰੋਕਾਰਾਂ ਨੂੰ ਹੜ੍ਹ ਪੀੜਤਾਂ ਨੂੰ ਪੂਰੀ ਸਹਾਇਤਾ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਪੈਰੋਕਾਰਾਂ ਨੂੰ ਰਾਹਤ ਕਾਰਜਾਂ ਲਈ ਅੱਗੇ ਆਉਣ ਦੀ ਅਪੀਲ ਕੀਤੀ ਹੈ, ਜਿਸ 'ਚ ਆਫ਼ਤਾਂ ਤੋਂ ਪ੍ਰਭਾਵਿਤ ਪਰਿਵਾਰਾਂ ਨੂੰ ਭੋਜਨ-ਆਸਰਾ ਅਤੇ ਹੋਰ ਜ਼ਰੂਰੀ ਚੀਜ਼ਾਂ ਪ੍ਰਦਾਨ ਕਰਨਾ ਸ਼ਾਮਲ ਹੈ। ਉਨ੍ਹਾਂ ਅਪੀਲ ਕੀਤੀ ਕਿ ਕੁਦਰਤੀ ਆਫ਼ਤ ਨੂੰ ਦੂਰ ਕਰਨ ਲਈ ਸਮੂਹਿਕ ਯਤਨਾਂ ਦੀ ਲੋੜ ਹੈ। ਡੇਰਾ ਮੁਖੀ ਨੇ ਮੰਗਲਵਾਰ ਦੁਪਹਿਰ ਨੂੰ ਜਲਾਲਾਬਾਦ ਅਤੇ ਬਾਅਦ ਦੁਪਹਿਰ ਫਾਜ਼ਿਲਕਾ ਦੇ ਡੇਰਿਆਂ ਦਾ ਦੌਰਾ ਕੀਤਾ ਜਿੱਥੇ ਹਜ਼ਾਰਾਂ ਦੀ ਗਿਣਤੀ ਸ਼ਰਧਾਲੂ ਸਤਿਸੰਗ ਘਰ 'ਚ ਪਹੁੰਚੇ ਹੋਏ ਸਨ। ਸਥਾਨਕ ਡੇਰਾ ਪ੍ਰਬੰਧਨ ਵਲੋਂ ਹੜ੍ਹ ਪੀੜਤਾਂ ਨੂੰ ਦਿਨ 'ਚ ਦੋ ਵਾਰ 1100 ਪੈਕੇਟ ਭੋਜਨ ਦਿੱਤਾ ਜਾਂਦਾ ਹੈ। ਦੱਸਿਆ ਜਾ ਰਿਹਾ ਹੈ ਕਿ ਡੇਰਾ ਮੁਖੀ ਹੜ੍ਹ ਪ੍ਰਭਾਵਿਤ ਪਿੰਡਾਂ ਨੂੰ ਗੋਦ ਲੈਣ ਲਈ ਨਿਰਦੇਸ਼ ਦੇ ਸਕਦੇ ਹਨ ਤਾਂ ਜੋ ਡੇਰਾ ਬਿਆਸ ਵੱਲੋਂ ਉਨ੍ਹਾਂ ਨੂੰ ਹਰ ਜ਼ਰੂਰੀ ਸਮਾਨ ਮੁਹੱਈਆ ਕਰਵਾਇਆ ਜਾ ਸਕੇ। ਹਾਲਾਂਕਿ ਡੇਰਾ ਮੁਖੀ ਡੇਰੇ 'ਚ ਕੁਝ ਮਿੰਟਾਂ ਲਈ ਹੀ ਰੁਕੇ ਸਨ, ਉਨ੍ਹਾਂ ਨੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ, ਐੱਸ.ਐੱਸ.ਪੀ. ਗੁਰਮੀਤ ਸਿੰਘ, ਏ.ਡੀ.ਸੀ. ਮਨਦੀਪ ਕੌਰ, ਫਾਜ਼ਿਲਕਾ ਦੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਅਤੇ ਕੁਝ ਪੈਰੋਕਾਰਾਂ ਨੂੰ ਮਿਲੇ ਅਤੇ ਡੇਰਾ ਪਰਿਸਰ 'ਚ ਸ਼ਰਧਾਲੂਆਂ ਨੂੰ 'ਦਰਸ਼ਨ'ਦਿੱਤੇ।

## ਪੰਜਾਬ ਕੈਬਨਿਟ ਦੇ ਮੰਤਰੀਆਂ ਨੇ ਹੜ੍ਹ ਪੀੜਤ ਪਰਿਵਾਰਾਂ ਨੂੰ ਦਿੱਤੇ 51-51 ਹਜ਼ਾਰ

ਪਠਾਨਕੋਟ 12 ਸਤੰਬਰ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਤੇ ਡਾ. ਬਲਬੀਰ ਸਿੰਘ ਨੇ ਭੋਆ ਵਿਧਾਨ ਸਭਾ ਖੇਤਰ ਦੇ 12 ਹੜ੍ਹ ਪੀੜਤ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ 51 ਹਜ਼ਾਰ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਆਫ਼ਤ ਦੀ ਘੜ੍ਹੀ ਵਿਚ ਮਦਦ ਲਈ ਅੱਗੇ ਆਏ ਦਾਨੀਆਂ ਦਾ ਵੀ ਧੰਨਵਾਦ ਕੀਤਾ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਤੇ ਲਾਲ ਚੰਦ ਕਟਾਰੂਚੱਕ ਵੱਲੋਂ ਭੋਆ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ ਤੇ ਹੜ੍ਹ ਦੀ ਮਾਰ ਝੱਲ ਰਹੇ 12 ਪਰਿਵਾਰਾਂ ਨੂੰ 51-51 ਹਜ਼ਾਰ ਰੁਪਏ ਪ੍ਰਤੀ ਪਰਿਵਾਰ ਦਿੱਤੇ। ਉਨ੍ਹਾਂ ਨੇ ਅੱਜ ਪਿੰਡ ਬਕਨੌਰ, ਪੰਮਾ, ਅੰਬੀ ਖੜਖੜਾ, ਕੋਹਲੀਆਂ ਅੱਡਾ ਤੇ ਅਨਿਆਲ ਪਿੰਡਾਂ ਵਿਚ ਪਹੁੰਚ ਕੇ ਲੋਕਾਂ ਨਾਲ ਮੁਲਾਕਾਤ ਕੀਤੀ ਤੇ ਹੜ੍ਹ ਪ੍ਰਭਾਵਿਤ ਲੋਕਾਂ ਦੇ ਘਰਾਂ ਵਿਚ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਲਈ। ਇਸ ਮੌਕੇ ਜਾਣਕਾਰੀ ਦਿੰਦਿਆਂ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਇਸ ਵਾਰ ਹੜ੍ਹ ਨੇ ਪੂਰੇ ਪੰਜਾਬ ਨੂੰ ਪ੍ਰਭਾਵਿਤ ਕੀਤਾ ਹੈ ਤੇ ਲੋਕ ਹੜ੍ਹ ਤੋਂ ਉੱਭਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਅੱਜ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਇਕ ਐੱਨ.ਜੀ.ਓ. ਦੀ ਸਥਾਪਨਾ ਕੀਤੀ ਗਈ ਹੈ।

## ਪਤਨੀ ਨਾਲ ਹਰ ਮਹੀਨੇ ਕਰੋ 5000 ਦਾ ਨਿਵੇਸ਼, ਮਿਲੇਗਾ 26.63 ਲੱਖ ਦਾ ਫੰਡ

ਬਿਜ਼ਨੈੱਸ ਡੈਸਕ 12 ਸਤੰਬਰ। ਜੇਕਰ ਤੁਸੀਂ ਛੋਟੀਆਂ ਬੱਚਤਾਂ ਤੋਂ ਇੱਕ ਵੱਡਾ ਫੰਡ ਬਣਾਉਣਾ ਚਾਹੁੰਦੇ ਹੋ, ਤਾਂ ਡਾਕਘਰ ਦੀ ਪਬਲਿਕ ਪ੍ਰੋਵੀਡੈਂਟ ਫੰਡ (PPF) ਯੋਜਨਾ ਤੁਹਾਡੇ ਲਈ ਇੱਕ ਵਧੀਆ ਵਿਕਲਪ ਹੋ ਸਕਦੀ ਹੈ। ਇਹ ਯੋਜਨਾ ਸੁਰੱਖਿਅਤ ਹੈ, ਸਰਕਾਰ ਦੀ ਗਰੰਟੀ ਹੈ ਅਤੇ ਟੈਕਸ ਮੁਕਤ ਰਿਟਰਨ ਦਿੰਦੀ ਹੈ। ਇਸ ਵਿੱਚ, ਤੁਸੀਂ ਹਰ ਮਹੀਨੇ ਇੱਕ ਨਿਸ਼ਚਿਤ ਰਕਮ ਜਮ?ਹਾ ਕਰਕੇ ਲੰਬੇ ਸਮੇਂ ਵਿੱਚ ਚੰਗੀ ਰਕਮ ਇਕੱਠੀ ਕਰ ਸਕਦੇ ਹੋ। ਪਬਲਿਕ ਪ੍ਰੋਵੀਡੈਂਟ ਫੰਡ ਇੱਕ ਲੰਬੀ ਮਿਆਦ ਦੀ ਬੱਚਤ ਯੋਜਨਾ ਹੈ, ਜੋ ਕਿ ਭਾਰਤ ਸਰਕਾਰ ਦੁਆਰਾ ਪੇਸ਼ ਕੀਤੀ ਗਈ ਹੈ। ਇਸ ਯੋਜਨਾ ਦਾ ਉਦੇਸ਼ ਆਮ ਆਦਮੀ ਨੂੰ ਸੁਰੱਖਿਅਤ ਅਤੇ ਟੈਕਸ ਮੁਕਤ ਰਿਟਰਨ ਦੇ ਨਾਲ ਬੱਚਤ ਸਹੂਲਤ ਪ੍ਰਦਾਨ ਕਰਨਾ ਹੈ। ਇਹ ਯੋਜਨਾ ਡਾਕਘਰਾਂ ਅਤੇ ਜ਼ਿਆਦਾਤਰ ਬੈਂਕਾਂ ਵਿੱਚ ਉਪਲਬਧ ਹੈ। ਤੁਸੀਂ ਇਸ ਖਾਤੇ ਵਿੱਚ ਘੱਟੋ-ਘੱਟ 500 ਰੁਪਏ ਅਤੇ ਵੱਧ ਤੋਂ ਵੱਧ 1,50,000 ਰੁਪਏ ਸਾਲਾਨਾ ਨਿਵੇਸ਼ ਕਰ ਸਕਦੇ ਹੋ। ਨਿਵੇਸ਼ ਇੱਕ ਵਾਰ ਵਿੱਚ ਜਾਂ ਕਈ ਕਿਸ਼ਤਾਂ ਵਿੱਚ ਕੀਤਾ ਜਾ ਸਕਦਾ ਹੈ (ਵੱਧ ਤੋਂ ਵੱਧ 12 ਵਾਰ ਪ੍ਰਤੀ ਸਾਲ)। ਇਹ ਰਕਮ ਆਮਦਨ ਕਰ ਕਾਨੂੰਨ ਦੀ ਧਾਰਾ 803 ਦੇ ਤਹਿਤ ਟੈਕਸ ਛੋਟ ਲਈ ਯੋਗ ਹੈ। 15 ਸਾਲ ਪੂਰੇ ਹੋਣ ਤੋਂ ਬਾਅਦ, ਇਸਨੂੰ ਹੋਰ 5 ਸਾਲਾਂ ਲਈ ਵਧਾਇਆ ਜਾ ਸਕਦਾ ਹੈ - ਅਤੇ ਤੁਸੀਂ ਇਹ ਕਈ ਵਾਰ ਕਰ ਸਕਦੇ ਹੋ। ਜੇਕਰ ਤੁਸੀਂ ਚਾਹੋ, ਤਾਂ ਤੁਸੀਂ ਪਰਿਪੱਕਤਾ ਤੋਂ ਬਾਅਦ ਕੋਈ ਨਵਾਂ ਨਿਵੇਸ਼ ਕੀਤੇ ਬਿਨਾਂ ਖਾਤਾ ਜਾਰੀ ਰੱਖ ਸਕਦੇ ਹੋ ਅਤੇ ਵਿਆਜ ਕਮਾਉਂਦੇ ਰਹੋਗੇ।

## ਸਸਤਾ ਹੋਣ ਜਾ ਰਿਹਾ ਦੁੱਧ? 22 ਸਤੰਬਰ ਤੋਂ ਘੱਟਣਗੇ ਭਾਅ ਜਾਂ ਨਹੀਂ, ਅਮੂਲ ਨੇ ਦੱਸਿਆ ਸੱਚ

ਬਿਜ਼ਨਸ ਡੈਸਕ 12 ਸਤੰਬਰ। ਸਰਕਾਰ ਵੱਲੋਂ 400 ਚੀਜ਼ਾਂ 'ਤੇ ਜੀਐੱਸਟੀ ਦਰ ਘਟਾਉਣ ਦੇ ਫੈਸਲੇ ਤੋਂ ਬਾਅਦ, ਸੋਸ਼ਲ ਮੀਡੀਆ ਅਤੇ ਕੁਝ ਮੀਡੀਆ ਰਿਪੋਰਟਾਂ 'ਤੇ ਇਹ ਦਾਅਵਾ ਕੀਤਾ ਜਾ ਰਿਹਾ ਸੀ ਕਿ 22 ਸਤੰਬਰ ਤੋਂ ਪੈਕ ਕੀਤੇ ਦੁੱਧ ਦੀ ਕੀਮਤ 3-4 ਰੁਪਏ ਪ੍ਰਤੀ ਲੀਟਰ ਘੱਟ ਸਕਦੀ ਹੈ। ਇਨ੍ਹਾਂ ਰਿਪੋਰਟਾਂ ਵਿੱਚ ਕਿਹਾ ਗਿਆ ਸੀ ਕਿ ਅਮੂਲ ਅਤੇ ਮਦਰ ਡੇਅਰੀ ਵਰਗੀਆਂ ਕੰਪਨੀਆਂ ਦੁੱਧ ਸਸਤਾ ਕਰਨਗੀਆਂ, ਪਰ ਅਮੂਲ ਨੇ ਇਨ੍ਹਾਂ ਰਿਪੋਰਟਾਂ ਨੂੰ ਪੂਰੀ ਤਰ੍ਹਾਂ ਝੂਠਾ ਕਰਾਰ ਦਿੱਤਾ ਹੈ। ਕੰਪਨੀ ਦਾ ਕਹਿਣਾ ਹੈ ਕਿ ਪਾਊਚ ਵਾਲੇ ਦੁੱਧ 'ਤੇ ਪਹਿਲਾਂ ਹੀ ਜ਼ੀਰੋ ਪ੍ਰਤੀਸ਼ਤ ਜੀਐੱਸਟੀ ਹੈ, ਇਸ ਲਈ ਇਸਦੀ ਕੀਮਤ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਗੁਜਰਾਤ ਕੋਆਪਰੇਟਿਵ ਮਿਲਕ ਮਾਰਕੀਟਿੰਗ ਫੈਡਰੇਸ਼ਨ (ਜੀਸੀਐੱਮਐੱਮਐੱਫ) ਦੇ ਐੱਮਡੀ ਜੈਯੇਨ ਮਹਿਤਾ ਨੇ ਸਪੱਸ਼ਟ ਕੀਤਾ ਕਿ ਸਿਰਫ਼ ਯੂਐੱਚਟੀ (ਅਲਟਰਾ-ਹਾਈ ਟੈਂਪਰੇਚਰ) ਦੁੱਧ 'ਤੇ ਟੈਕਸ ਵਿੱਚ ਬਦਲਾਅ ਕੀਤਾ ਗਿਆ ਹੈ। ਹੁਣ ਇਸ 'ਤੇ ਜੀਐੱਸਟੀ 5% ਤੋਂ ਘਟਾ ਕੇ 0% ਕਰ ਦਿੱਤਾ ਗਿਆ ਹੈ। ਇਸਦਾ ਮਤਲਬ ਹੈ ਕਿ ਟੈਟਰਾ ਪੈਕ ਵਿੱਚ ਸਿਰਫ਼ ਯੂਐੱਚਟੀ ਦੁੱਧ ਹੀ ਸਸਤਾ ਹੋਵੇਗਾ, ਰੋਜ਼ਾਨਾ ਵਰਤਿਆ ਜਾਣ ਵਾਲਾ ਪਾਊਚ ਵਾਲਾ ਦੁੱਧ ਨਹੀਂ।

# ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਲਏ ਗਏ ਫੈਸਲਿਆਂ ਦਾ ਰਮਨ ਬਹਿਲ ਨੇ ਕੀਤਾ ਸਵਾਗਤ

**ਕੌਮੀ ਪਤ੍ਰਿਕਾ**

ਗੁਰਦਾਸਪੁਰ 12 ਸਤੰਬਰ। ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਹਲਕਾ ਗੁਰਦਾਸਪੁਰ ਦੇ ਇੰਚਾਰਜ ਰਮਨ ਬਹਿਲ ਨੇ ਬੀਤੇ ਕੱਲ੍ਹ ਪੰਜਾਬ ਸਰਕਾਰ ਦੀ ਕੈਬਨਿਟ ਬੈਠਕ ਵਿੱਚ ਨਵੀਂ ਨੀਤੀ ਤਹਿਤ, 'ਮੇਰਾ ਖੇਤ, ਮੇਰੀ ਰੇਤ' ਨੀਤੀ ਲਾਗੂ ਕਰਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਫੈਸਲੇ ਨਾਲ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਰੇਤ ਕੱਢਣ ਦੀ ਇਜਾਜ਼ਤ ਹੋਵੇਗੀ ਅਤੇ ਮਾਲਕੀ ਅਧਿਕਾਰ ਵੀ ਉਨ੍ਹਾਂ ਕੋਲ ਹੀ ਰਹਿਣਗੇ। ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਲਈ 20,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ, ਜੋ ਕਿਸੇ ਵੀ ਰਾਜ ਦੁਆਰਾ ਦਿੱਤਾ ਗਿਆ ਸਭ ਤੋਂ ਵੱਧ ਮੁਆਵਜ਼ਾ ਹੈ। ਇਸ ਤੋਂ ਇਲਾਵਾ ਹੜ੍ਹਾਂ ਕਾਰਨ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ 4 ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਇਸ ਦੇ ਨਾਲ ਕਿਸਾਨਾਂ ਨੂੰ ਸੁਸਾਇਟੀਆਂ ਜਾਂ ਸਹਿਕਾਰੀ ਬੈਂਕਾਂ ਤੋਂ ਲਏ ਗਏ ਕਰਜ਼ਿਆਂ ਦੀ ਅਦਾਇਗੀ ਵਿੱਚ ਛੇ ਮਹੀਨਿਆਂ ਦੀ ਛੋਟ ਵੀ ਦਿੱਤੀ ਗਈ ਹੈ। ਰਮਨ ਬਹਿਲ ਨੇ ਕਿਹਾ ਕਿ 1988 ਤੋਂ ਬਾਅਦ ਪੰਜਾਬ ਬਹੁਤ ਵੱਡੇ ਹੜ੍ਹਾਂ ਦੀ ਮਾਰ ਝੇਲ ਰਿਹਾ ਹੈ। ਸੂਬੇ ਦੇ 23 ਜ਼ਿਲ੍ਹੇ ਇਸ ਵੇਲੇ ਹੜ੍ਹਾਂ ਦੀ ਲਪੇਟ ਵਿੱਚ ਹਨ। ਲੋਕਾਂ ਦੇ ਖੇਤ ਅਤੇ ਘਰ ਪਾਣੀ ਦੀ ਲਪੇਟ ਵਿੱਚ ਹਨ। ਉਨ੍ਹਾਂ



ਕਿਹਾ ਕਿ ਜਿਨ੍ਹਾਂ ਪਰਿਵਾਰਾਂ ਦੇ ਘਰ ਤਬਾਹ ਹੋ ਗਏ ਹਨ ਜਾਂ ਪਾਣੀ ਵਿੱਚ ਵਹਿ ਗਏ ਹਨ, ਉਨ੍ਹਾਂ ਦਾ ਸਰਵੇਖਣ ਕੀਤਾ ਜਾਵੇਗਾ ਅਤੇ ਸਰਕਾਰ ਨੁਕਸਾਨ ਦਾ ਮੁਲਾਂਕਣ ਹੁੰਦੇ ਹੀ ਵਿੱਤੀ ਸਹਾਇਤਾ ਪ੍ਰਦਾਨ ਕਰੇਗੀ। ਇਸ ਤੋਂ ਇਲਾਵਾ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਕਰਜ਼ੇ ਦੀਆਂ ਕਿਸ਼ਤਾਂ ਦਾ ਭੁਗਤਾਨ ਕਰਨ ਵਿੱਚ 6 ਮਹੀਨੇ ਦੀ ਛੋਟ ਦਿੱਤੀ ਗਈ ਹੈ। ਇਸ ਮਿਆਦ ਦੌਰਾਨ ਉਨ੍ਹਾਂ ਨੂੰ ਕਿਸ਼ਤਾਂ ਦਾ ਭੁਗਤਾਨ ਨਹੀਂ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਡੀ ਗਿਣਤੀ 'ਚ ਜਾਨਵਰ ਅਤੇ ਮੱਛੀਆਂ ਨੂੰ ਕਾਫ਼ੀ ਨੁਕਸਾਨ ਹੋਇਆ ਹੈ, ਸਰਕਾਰ ਇਸ ਦੀ ਭਰਪਾਈ ਕਰੇਗੀ ਅਤੇ ਜਾਨਵਰਾਂ ਲਈ ਇੱਕ ਵਿਸ਼ੇਸ਼ ਟੀਕਾਕਰਨ ਮੁਹਿੰਮ ਚਲਾਈ ਜਾਵੇਗੀ। ਹੜ੍ਹ ਤੋਂ ਬਾਅਦ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ, ਲਗਭਗ 1700 ਪਿੰਡਾਂ ਅਤੇ 300 ਸ਼ਹਿਰੀ ਖੇਤਰਾਂ ਵਿੱਚ ਫੋਗਿੰਗ ਮਸ਼ੀਨਾਂ ਲਗਾਈਆਂ ਜਾਣਗੀਆਂ। ਡਾਕਟਰਾਂ ਦੀ ਇੱਕ ਟੀਮ ਹਰ ਪਿੰਡ ਵਿੱਚ ਕਲੀਨਿਕ ਸਥਾਪਤ ਕਰਕੇ ਭੇਜੀ ਜਾਵੇਗੀ, ਤਾਂ ਜੋ ਨੇੜਲੇ ਲੋਕਾਂ ਨੂੰ ਦਵਾਈਆਂ ਅਤੇ ਇਲਾਜ ਉਪਲੱਬਧ ਹੋ ਸਕਣ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਵਿੱਦਿਅਕ ਸੰਸਥਾਵਾਂ ਅਤੇ ਬਿਜਲੀ ਦੇ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦੀ ਮੁਰੰਮਤ ਜੰਗੀ ਪੱਧਰ 'ਤੇ ਕੀਤੀ ਜਾਵੇਗੀ। ਰਮਨ ਬਹਿਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਲਏ ਗਏ ਇਹ ਫੈਸਲੇ ਪ੍ਰਭਾਵਿਤ ਲੋਕਾਂ ਲਈ ਰਾਹਤ ਸਾਬਤ ਹੋਣਗੇ। ਉਨ੍ਹਾਂ ਲੋਕ ਪੱਖੀ ਫੈਸਲਿਆਂ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

# ਘਰ ਦੀ ਛੱਤ ਡਿੱਗਣ ਨਾਲ ਜਾਨ ਗੁਆਉਣ ਵਾਲਿਆਂ ਦੇ ਪਰਿਵਾਰ ਨੂੰ ਮਿਲਿਆ ਮੁਆਵਜ਼ਾ

**ਕੌਮੀ ਪਤ੍ਰਿਕਾ**

ਟਾਂਡਾ ਉੜਮੁੜ/ ਜਾਜਾ 12 ਸਤੰਬਰ। ਪੰਜਾਬ ਦੀ ਮੌਜੂਦਾ ਸਰਕਾਰ ਨੇ ਹਮੇਸ਼ਾ ਹੀ ਔਖੀ ਤੇ ਦੁੱਖ ਦੀ ਘੜੀ ਵਿੱਚ ਲੋਕਾਂ ਦਾ ਸਾਥ ਦਿੱਤਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਆਮ ਆਦਮੀ ਪਾਰਟੀ ਦੇ ਦਫਤਰ ਵਿੱਚ ਹੋਏ ਇੱਕ ਸਮਾਗਮ ਦੌਰਾਨ ਕੀਤਾ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਬੀਤੇ ਜੁਲਾਈ ਮਹੀਨੇ ਦੌਰਾਨ ਅਹੀਆਪੁਰ ਵਾਰਡ ਨੰਬਰ 1 ਭਾਰੀ ਬਰਸਾਤ ਦੇ ਚਲਦਿਆਂ ਖਸਤਾ ਹਾਲਤ ਮਕਾਨ ਦੀ ਦੂਸਰੀ ਛੱਤ ਡਿੱਗਣ ਕਾਰਨ ਵਾਪਰੀ ਭਿਆਨਕ ਘਟਨਾ ਦੌਰਾਨ ਮੌਤ ਦਾ ਸ਼ਿਕਾਰ ਹੋਏ ਪ੍ਰਵਾਸੀ ਮਜ਼ਦੂਰ ਦੇ ਪਰਿਵਾਰਿਕ ਮੈਂਬਰਾਂ ਨੂੰ ਪੰਜਾਬ ਸਰਕਾਰ ਵੱਲੋਂ 4-4 ਲੱਖ (12 ਲੱਖ) ਰੁਪਏ ਦੀ ਸਹਾਇਤਾ ਰਾਸ਼ੀ ਦੇ ਚੈਕ ਮੌਤ ਦਾ ਸ਼ਿਕਾਰ ਹੋਣ ਵਾਲੇ ਸ਼ੰਕਰ ਮੰਡਲ ਦੀ ਪਤਨੀ ਪ੍ਰਿੰਅਕਾ ਨੂੰ ਉਨਾ ਸ਼ਹਿਰ ਵਾਸੀਆਂ ਦੀ ਮੌਜੂਦਗੀ ਵਿਚ ਭੇਂਟ ਕੀਤੇ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਹਮੇਸ਼ਾ ਹੀ ਲੋਕਾਂ ਦਾ ਔਖੇ ਸਮੇਂ ਵਿੱਚ ਸਾਥ ਦਿੱਤਾ ਹੈ ਅਤੇ ਮੌਜੂਦਾ ਹੜ ਦੇ ਹਾਲਾਤਾਂ ਦੌਰਾਨ ਨਹੀਂ ਸੂਬਾ ਸਰਕਾਰ ਹਰੇਕ ਹੜ ਪੀੜਤ ਨਾਲ ਪੂਰੀ ਤਰਹਾਂ ਖੜੀ ਹੈ ਅਤੇ ਵੱਧ ਤੋਂ ਵੱਧ ਸਹਾਇਤਾ ਰਾਸ਼ੀ ਵੀ ਪ੍ਰਦਾਨ ਕਰ ਰਹੀ ਹੈ ਅਤੇ ਹਾਲਾਤ ਠੀਕ ਹੋਣ ਉਪਰੰਤ ਰਹਿੰਦੀਆਂ ਸੇਵਾਵਾਂ



ਵੀ ਸਰਕਾਰ ਵੱਲੋਂ ਕੀਤੀਆਂ ਜਾਣਗੀਆਂ। ਇਸ ਮੌਕੇ ਵਿਧਾਇਕ ਜਸਬੀਰ ਸਿੰਘ ਰਾਜਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਬਰਸਾਤ ਦੇ ਮੌਸਮ ਦੌਰਾਨ ਜੋ ਇਲਾਕੇ ਦੇ ਖਸਤਾ ਹਾਲਤ ਮਕਾਰ ਹਨ ਉਹਨਾਂ ਵਿੱਚ ਰਿਹਾਇਸ਼ ਨਾ ਕੀਤੀ ਜਾਵੇ ਕਿਉਂਕਿ ਪਿਛਲੇ ਦਿਨੀ ਹੋਈ ਭਾਰੀ ਬਰਸਾਤ ਕਾਰਨ ਮਕਾਨਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ ਅਤੇ ਉਹ ਕਿਸੇ ਸਮੇਂ ਵੀ ਡਿੱਗ ਕੇ ਕਿਸੇ ਜਾਨ ਲੇਵਾ ਹਾਦਸੇ ਨੂੰ ਅੰਜਾਮ ਦੇ ਸਕਦੇ ਹਨ। ਜ਼ਿਕਰ ਯੋਗ ਹੈ ਕਿ ਬੀਤੇ ਜੁਲਾਈ ਮਹੀਨੇ ਦੌਰਾਨ ਖਸਤਾ ਹਾਲਤ ਮਕਾਨ ਵਿਚ ਰਹਿ ਰਹੇ ਪ੍ਰਵਾਸੀ ਮਜ਼ਦੂਰ ਸ਼ੰਕਰ ਮੰਡਲ, ਉਸ ਦੀ 12 ਸਾਲਾ ਬੇਟੀ ਸ਼ਿਵਾਨੀ ਦੇਵੀ, ਅਤੇ 5 ਸਾਲਾ ਪੁੱਤਰੀ ਪੂਜਾ ਜੋ ਕਿ ਮੌਤ ਦਾ ਸ਼ਿਕਾਰ ਹੋ ਗਏ ਸਨ। ਇਸ ਤੋਂ ਇਲਾਵਾ ਇਸ ਘਟਨਾ ਵਿਚ ਉਸ ਦੀ 8 ਸਾਲਾ ਪੁੱਤਰੀ ਕਵਿਤਾ ਤੇ 7 ਸਾਲਾ ਪੁੱਤਰੀ ਪ੍ਰੀਤੀ ਅਤੇ ਉਸ ਦੀ ਪਤਨੀ ਪ੍ਰਿਯੰਕਾ ਵੀ ਜ਼ਖ਼ਮੀ ਹੋ ਗਈ ਸੀ। ਇਸ ਮੌਕੇ ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਬਲਾਕ ਪ੍ਰਧਾਨ ਲਖਵਿੰਦਰ ਸਿੰਘ ਸੇਠੀ, ਕੌਂਸਲਰ ਹਰੀ ਕ੍ਰਿਸ਼ਨ ਸ਼ੈਣੀ, ਰਾਜਨ ਸੋਂਧੀ, ਸਰਪੰਚ ਜਸਵੰਤ ਸਿੰਘ ਬਿੱਟੂ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ, ਹਰਮੀਤ ਵੜੈਚ, ਲੇਖ ਰਾਜ ਅਹੀਆਪੁਰ, ਪ੍ਰੇਮ ਪਡਵਾਲ, ਹੀਰਾ ਪੂਰੀ, ਮਨੀ ਪਾਲ ਸਿੰਘ ,ਸੇਠ ਰਾਮ ਸੇਠੀ, ਅਨਿਲ ਗੋਰਾ,ਸਚਿਨ ਪੂਰੀ ਜਸਵਿੰਦਰ ਲਾਲ ਸੰਧੂ, ਬਬਲਾ ਸੈਣੀ , ਪ੍ਰੇਮ ਜੈਨ, ਵਿਕੀ ਮਹਿੰਦਰੂ, ਵਿਕਾਸ ਮਰਵਾਹਾ, ਬੋਬੀ, ਜਸਰਾ , ਰਾਜੇਸ਼ ਜਸਰਾ, ਬਲਜੀਤ ਸੈਣੀ, ਚੰਦਰ ਮੋਹਨ ਲਾਡੀ, ਮਨਵੀਰ ਝਾਵਰ, ਮਨੀਸ਼ ਸੋਂਧੀ ਵੀ ਹਾਜ਼ਰ ਸਨ।

## ਪੰਜਾਬ 'ਚ ਸ਼ੁਰੂ ਹੋਣ ਜਾ ਰਿਹਾ ਵੱਡਾ ਪ੍ਰਾਜੈਕਟ ! ਪੰਜਾਬੀਆਂ ਦਾ ਲੰਬੇ ਚਿਰਾਂ ਦਾ ਸੁਫ਼ਨਾ ਹੋਇਆ ਪੂਰਾ

ਜਲਾਲਾਬਾਦ 12 ਸਤੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਜਲਾਲਾਬਾਦ ਸ਼ਹਿਰ ਨੂੰ ਇਕ ਵੱਡੀ ਸੌਗਾਤ ਦਿੱਤੀ ਹੈ। ਸ਼ਹਿਰ ਦੇ ਹਰੇਕ ਘਰ ਤੱਕ ਸਾਫ਼ ਪੀਣ ਦਾ ਪਾਣੀ ਪਹੁੰਚੇ, ਇਸ ਲਈ ਪਾਈਪ ਲਾਈਨ ਪਾਉਣ ਦੇ ਪ੍ਰਾਜੈਕਟ ਦੀ ਸ਼ੁਰੂਆਤ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕਰਵਾਈ ਹੈ। ਇਸ ਮੌਕੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਦੱਸਿਆ ਕਿ ਇਹ ਜਲਾਲਾਬਾਦ ਸ਼ਹਿਰ ਦੀ ਬਹੁਤ ਪੁਰਾਣੀ ਮੰਗ ਸੀ। ਪੁਰਾਣੀ ਪਾਈਪ ਲਾਈਨ ਥਾਂ-ਥਾਂ ਤੋਂ ਟੁੱਟੀ ਹੋਈ ਸੀ, ਜਿਸ ਕਾਰਨ ਇਸ 'ਚ ਸੀਵਰੇਜ ਦਾ ਪਾਣੀ ਮਿਲ ਕੇ ਲੋਕਾਂ ਦੇ ਘਰਾਂ ਤੱਕ ਆਉਣ ਦੀਆਂ ਸ਼ਿਕਾਇਤਾਂ ਮਿਲਦੀਆਂ ਰਹਿੰਦੀਆਂ ਸਨ, ਜਦ ਕਿ ਬਹੁਤ ਸਾਰੇ ਇਲਾਕੇ ਅਜਿਹੇ ਵੀ ਸਨ, ਜਿੱਥੇ ਪਹਿਲਾਂ ਉੱਕਾ ਹੀ ਪਾਈਪ ਲਾਈਨ ਨਹੀਂ ਸੀ। ਇਸ ਲਈ ਸੂਬਾ ਸਰਕਾਰ ਨੇ ਇਹ ਮਹੱਤਵਪੂਰਨ ਪ੍ਰਾਜੈਕਟ ਉਲੀਕਿਆ ਹੈ। ਭਗਵੰਤ ਸਿੰਘ ਮਾਨ, ਮੁੱਖ ਮੰਤਰੀ, ਪੰਜਾਬ ਦੀ ਯੋਗ ਰਹਿਨੁਮਾਈ ਹੇਠ ਅਤੇ ਡਾ. ਰਵਜੋਤ ਸਿੰਘ, ਕੈਬਨਿਟ ਮੰਤਰੀ, ਸਥਾਨਕ ਸਰਕਾਰਾਂ ਵਿਭਾਗ ਅਤੇ ਸੰਸਦੀ ਮਾਮਲੇ, ਪੰਜਾਬ ਦੀ ਸਰਪ੍ਰਸਤੀ ਹੇਠ ਜਗਦੀਪ ਕੰਬੋਜ ਗੋਲਡੀ ਹਲਕਾ ਵਿਧਾਇਕ ਜਲਾਲਾਬਾਦ ਵੱਲੋਂ ਉਨ੍ਹਾਂ ਦੇ ਅਣਥੱਕ ਯਤਨਾਂ ਸਦਕਾ ਜਲਾਲਾਬਾਦ ਵਿਖੇ ਵਾਟਰ ਸਪਲਾਈ ਦੀਆਂ ਪਾਈਪ ਲਾਈਨਾਂ ਪਾਉਣ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ। ਇੱਥੇ ਜ਼ਿਕਰਯੋਗ ਹੈ ਕਿ ਇਸ ਹਲਕੇ ਦਾ ਇਹ ਕੰਮ ਵੱਡੇ ਆਗੂਆਂ ਵੇਲੇ ਵੀ ਨਹੀਂ ਸੀ ਹੋਇਆ, ਉਹ ਕੰਮ ਆਮ ਪਰਿਵਾਰ ਤੋਂ ਵਿਧਾਇਕ ਬਣੇ ਜਗਦੀਪ ਕੰਬੋਜ ਗੋਲਡੀ ਨੇ ਸ਼ੁਰੂ ਕਰਵਾ ਦਿੱਤਾ ਹੈ। ਇਸ ਮੌਕੇ ਉਨ੍ਹਾਂ ਨਾਲ ਹਰੀਸ਼ ਸੇਤੀਆ, ਮਨਜੀਤ ਸਿੰਘ ਦਰਗਨ, ਪ੍ਰਦੀਪ ਚੁੱਘ, ਚਰਨਜੀਤ ਕੰਬੋਜ, ਬੱਬੂ ਡੋਡਾ, ਸੰਜੀਵ ਪਰੂਥੀ, ਐੱਸ.ਡੀ.ਉ ਸੀਵਰੇਜ ਬੋਰਡ ਲੱਖਪਤ ਰਾਏ, ਜੇਈ ਰੱਜਤ ਸਿਡਾਨਾ, ਨਗਰ ਕੌਂਸਲ ਜੇਈ ਸੁਖਪਾਲ ਸਿੰਘ ਵੀ ਹਾਜਰ ਸਨ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਦੱਸਿਆ ਕਿ ਇਸ ਪ੍ਰਾਜੈਕਟ ਅਧੀਨ ਕਰੀਬ 21 ਕਿਲੋਮੀਟਰ ਡੀ. ਆਈ. ਕੇ-7 ਪਾਣੀ ਦੀ ਪਾਈਪ ਪਾਈ ਜਾਣੀ ਹੈ, 2050 ਘਰੈਲੂ ਪਾਣੀ ਦੇ ਕੁਨੈਕਸ਼ਨ ਕਰਵਾਏ ਜਾਣੇ ਹਨ।

# ਨਵੇਂ ਜੀਐੱਸਟੀ ਲਾਗੂ ਕਰਨ ਲਈ ਸਰਕਾਰ ਨੇ ਜਾਰੀ ਕੀਤੇ ਨਿਯਮ

**ਏਜੰਸੀਆਂ**

ਬਿਜ਼ਨਸ ਡੈਸਕ 12 ਸਤੰਬਰ। ਜੀਐੱਸਟੀ ਦੇ ਨਵੇਂ ਨਿਯਮਾਂ ਕਾਰਨ ਗਾਹਕਾਂ ਨੂੰ ਸਸਤੀਆਂ ਚੀਜ਼ਾਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ, ਪਰ ਪੁਰਾਣੇ ਸਟਾਕ ਕਾਰਨ ਕੰਪਨੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਹੁਣ ਸਰਕਾਰ ਨੇ ਇਸਦਾ ਹੱਲ ਲੱਭ ਲਿਆ ਹੈ। ਸਰਕਾਰ ਨੇ ਐਲਾਨ ਕੀਤਾ ਹੈ ਕਿ ਕੰਪਨੀਆਂ ਆਪਣੇ ਪੁਰਾਣੇ ਸਾਮਾਨ 'ਤੇ ਨਵੀਆਂ ਦਰਾਂ ਲਿਖ ਸਕਦੀਆਂ ਹਨ - ਚਾਹੇ ਸਟਿੱਕਰ, ਸਟੈਂਪ ਨਾਲ ਜਾਂ ਔਨਲਾਈਨ ਪ੍ਰਿੰਟ ਕਰਕੇ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਨਵੀਂ ਕੀਮਤ ਲਗਾਉਂਦੇ ਸਮੇਂ ਪੁਰਾਣੀ ਕੀਮਤ ਵੀ ਸਪੱਸ਼ਟ ਤੌਰ 'ਤੇ ਦਿਖਾਈ ਦੇਣੀ ਚਾਹੀਦੀ ਹੈ। ਪੁਰਾਣੀ ਕੀਮਤ ਨੂੰ ਢੱਕ ਕੇ ਨਵੀਂ ਦਰ ਨਹੀਂ ਲਿਖੀ ਜਾ ਸਕਦੀ। ਇਹ ਨਿਯਮ ਸਿਰਫ਼ ਉਨ੍ਹਾਂ ਪੈਕ ਕੀਤੇ ਸਾਮਾਨ 'ਤੇ ਲਾਗੂ ਹੋਵੇਗਾ, ਜਿਨ੍ਹਾਂ ਦੀ ਵਿਕਰੀ ਜੀਐੱਸਟੀ ਦਰ ਵਿੱਚ ਬਦਲਾਅ ਕਾਰਨ ਪ੍ਰਭਾਵਿਤ ਹੋਈ ਹੈ। ਕੰਪਨੀਆਂ ਨੂੰ ਨਵੀਂ ਦਰ ਲਗਾਉਣੀ ਪਵੇਗੀ ਅਤੇ ਨਾਲ ਹੀ




ਇਸਦੀ ਜਾਣਕਾਰੀ ਜਨਤਾ ਤੱਕ ਪਹੁੰਚਾਉਣੀ ਪਵੇਗੀ। ਇਸ ਲਈ ਘੱਟੋ-ਘੱਟ ਦੋ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇਣਾ ਪਵੇਗਾ। ਇਸ ਦੇ ਨਾਲ ਹੀ ਕੇਂਦਰ ਸਰਕਾਰ, ਰਾਜ ਸਰਕਾਰਾਂ ਅਤੇ ਪ੍ਰਚੂਨ ਦੁਕਾਨਦਾਰਾਂ ਦੇ ਵਿਭਾਗਾਂ ਨੂੰ ਵੀ ਇਸ ਬਾਰੇ ਜਾਣਕਾਰੀ ਦੇਣੀ ਪਵੇਗੀ। ਪਹਿਲਾਂ, ਕੰਪਨੀਆਂ ਨੂੰ 22 ਸਤੰਬਰ ਤੱਕ ਪੁਰਾਣੇ ਸਮਾਨ 'ਤੇ ਨਵੇਂ ਰੇਟ ਲਾਗੂ ਕਰਨ ਦੀ ਇਜਾਜ਼ਤ ਸੀ, ਪਰ ਸਮਾਂ ਘੱਟ ਹੋਣ ਕਾਰਨ, ਹੁਣ ਆਖਰੀ ਤਾਰੀਖ 31 ਦਸੰਬਰ 2025 ਤੱਕ ਵਧਾ ਦਿੱਤੀ ਗਈ ਹੈ। ਇਹ ਫੈਸਲਾ ਖਾਸ ਤੌਰ 'ਤੇ ਉਨ੍ਹਾਂ ਕੰਪਨੀਆਂ ਨੂੰ ਰਾਹਤ ਦੇਵੇਗਾ ਜਿਨ੍ਹਾਂ ਨੇ ਤਿਉਹਾਰਾਂ ਲਈ ਪਹਿਲਾਂ ਹੀ ਵੱਡਾ ਸਟਾਕ ਤਿਆਰ ਕੀਤਾ ਸੀ। ਇਸ ਫੈਸਲੇ ਨਾਲ ਗਾਹਕਾਂ ਅਤੇ ਕੰਪਨੀਆਂ ਦੋਵਾਂ ਨੂੰ ਫਾਇਦਾ ਹੋਵੇਗਾ। ਗਾਹਕਾਂ ਨੂੰ ਸਸਤੀਆਂ ਕੀਮਤਾਂ 'ਤੇ ਸਾਮਾਨ ਮਿਲੇਗਾ, ਜਦੋਂ ਕਿ ਕੰਪਨੀਆਂ ਆਪਣਾ ਪੁਰਾਣਾ ਸਟਾਕ ਬਿਨਾਂ ਨੁਕਸਾਨ ਦੇ ਵੇਚ ਸਕਣਗੀਆਂ। ਇਹ ਕਦਮ ਤਿਉਹਾਰਾਂ ਦੇ ਸੀਜ਼ਨ ਦੌਰਾਨ ਬਾਜ਼ਾਰ ਵਿੱਚ ਜੀਵੰਤਤਾ ਬਣਾਈ ਰੱਖਣ ਲਈ ਮਹੱਤਵਪੂਰਨ ਸਾਬਤ ਹੋਵੇਗਾ।

# ਲੋਕਾਂ ਦੀ ਸੇਵਾ ਕਰਨ ਵਾਲੇ ਹੀ ਅਸਲ ਰੋਲ ਮਾਡਲ ਹਨ : ਅਭਿਜੈ ਚੋਪੜਾ

**ਕੌਮੀ ਪਤ੍ਰਿਕਾ**

ਹਮੀਰਪੁਰ 12 ਸਤੰਬਰ। ਹਿੰਦ ਅਖ਼ਬਾਰ ਸਮੂਹ ਦੇ ਸੰਸਥਾਪਕ ਅਮਰ ਸ਼ਹੀਦ ਲਾਲਾ ਜਗਤ ਨਾਰਾਇਣ ਜੀ ਦੀ 44ਵੀਂ ਬਰਸੀ ਮੌਕੇ ਹਮੀਰਪੁਰ ਵਿੱਚ ਆਯੋਜਿਤ ਖ਼ੂਨਦਾਨ ਕੈਂਪ ਵਿੱਚ ਪੰਜਾਬ ਕੇਸਰੀ ਅਖ਼ਬਾਰ ਸਮੂਹ ਦੇ ਡਾਇਰੈਕਟਰ ਸ੍ਰੀ ਅਭਿਜੈ ਚੋਪੜਾ ਵਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਇਸ ਦੌਰਾਨ ਉਹਨਾਂ ਕਿਹਾ ਕਿ ਆਮ ਆਦਮੀ ਦੀ ਸੇਵਾ ਕਰਨ ਵਾਲੇ ਹੀ ਸਮਾਜ ਦੇ ਅਸਲ ਰੋਲ ਮਾਡਲ ਹਨ। ਖ਼ਰਾਬ ਮੌਸਮ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਖ਼ੂਨ ਦਾਨ ਕਰਨ ਆਏ ਲੋਕਾਂ, ਖਾਸ ਕਰਕੇ ਨੌਜਵਾਨਾਂ ਨੂੰ ਇਸ ਮਹਾਨ ਦਾਨ ਵਿੱਚ ਹਿੱਸਾ ਲੈਂਦੇ ਦੇਖ ਉਹਨਾਂ ਦਾ ਮਨ ਖ਼ੁਸ਼ੀ ਨਾਲ ਭਰ ਗਿਆ। ਉਹਨਾਂ ਕਿਹਾ ਮੈਂ ਅਮਰ ਸ਼ਹੀਦ ਲਾਲਾ ਜਗਤ ਨਾਰਾਇਣ ਜੀ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਲਗਾਉਣ ਲਈ ਸਰਬ ਕਲਿਆਣਕਾਰੀ ਟਰੱਸਟ ਦੇ ਚੇਅਰਮੈਨ ਅਭਿਸ਼ੇਕ ਰਾਣਾ, ਸਾਬਕਾ ਵਿਧਾਇਕ ਰਾਜਿੰਦਰ ਰਾਣਾ ਅਤੇ ਉਨ੍ਹਾਂ ਦੀ ਪੂਰੀ ਟੀਮ ਦਾ ਦਿਲੋਂ ਧੰਨਵਾਦ ਕਰਦਾ ਹਾਂ। ਅਭਿਜੈ ਚੋਪੜਾ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਸੀ ਕਿ ਕੈਂਪ ਵਿੱਚ 30-35 ਯੂਨਿਟ ਖ਼ੂਨ ਇਕੱਠਾ ਹੋਵੇਗਾ ਪਰ ਲੋਕਾਂ ਦਾ ਉਤਸ਼ਾਹ ਇੰਨਾ ਜ਼ਿਆਦਾ ਸੀ ਕਿ 150 ਯੂਨਿਟ ਤੋਂ ਵੱਧ ਖ਼ੂਨ ਇਕੱਠਾ ਹੋਇਆ, ਜਿਸ ਤੋਂ ਪਤਾ ਲੱਗਦਾ ਹੈ ਕਿ ਸਾਡਾ ਸਮਾਜ ਖ਼ੂਨਦਾਨ ਪ੍ਰਤੀ ਕਿੰਨਾ ਜਾਗਰੂਕ ਹੋ ਰਿਹਾ ਹੈ। ਖ਼ੂਨਦਾਨ ਦੀ ਮਹੱਤਤਾ ਨੂੰ ਇਸ ਗੱਲ ਤੋਂ ਸਮਝਿਆ ਜਾ ਸਕਦਾ ਹੈ ਕਿ ਇੱਕ ਯੂਨਿਟ ਖ਼ੂਨ 4 ਲੋਕਾਂ ਦੀ ਜਾਨ ਬਚਾ ਸਕਦਾ ਹੈ। ਉਨ੍ਹਾਂ ਇਸ ਨੇਕ ਕਾਰਜ ਵਿੱਚ ਹਿੱਸਾ ਲੈਣ ਵਾਲੇ ਸਾਰੇ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ। ਬਚਤ ਭਵਨ ਵਿੱਚ



ਸਵੇਰੇ 10 ਵਜੇ ਸ਼ੁਰੂ ਹੋਏ ਕੈਂਪ ਵਿੱਚ ਡਾ. ਰਾਧਾਕ੍ਰਿਸ਼ਨਨ ਮੈਡੀਕਲ ਕਾਲਜ ਹਮੀਰਪੁਰ ਦੇ ਮੁੱਖ ਲੈਬ ਟੈਕਨੀਸ਼ੀਅਨ ਕਮਲੇਸ਼ ਕੁਮਾਰ ਦੀ ਅਗਵਾਈ ਵਿੱਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀ ਇੱਕ ਟੀਮ ਨੇ ਸੇਵਾਵਾਂ ਦਿੱਤੀਆਂ। ਕੈਂਪ ਵਿੱਚ ਵੱਡੀ ਗਿਣਤੀ ਵਿੱਚ ਸਾਬਕਾ ਸੈਨਿਕ, ਸਮਾਜ ਭਲਾਈ ਸੰਸਥਾਵਾਂ ਦੇ ਅਧਿਕਾਰੀ ਅਤੇ ਜ਼ਿਲ੍ਹੇ ਭਰ ਦੇ ਹੋਰ ਪਤਵੰਤਿਆਂ ਨੇ ਵੀ ਹਿੱਸਾ ਲਿਆ। ਸਰਵ ਕਲਿਆਣਕਾਰੀ ਟਰੱਸਟ ਦੇ ਪ੍ਰਧਾਨ ਅਭਿਸ਼ੇਕ ਰਾਣਾ ਨੇ ਕਿਹਾ ਕਿ ਇਹ ਉਨ੍ਹਾਂ ਦੀ ਸੰਸਥਾ ਦਾ ਸੁਭਾਗ ਹੈ ਕਿ ਦੇਸ਼ ਦੀ ਅਖੰਡਤਾ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਅਮਰ ਸ਼ਹੀਦ ਲਾਲਾ ਜਗਤ ਨਾਰਾਇਣ ਜੀ ਦੀ ਬਰਸੀ ਦੇ ਮੌਕੇ 'ਤੇ ਇੰਨੇ ਵੱਡੇ ਪੱਧਰ 'ਤੇ ਖ਼ੂਨਦਾਨ ਕੈਂਪ ਦਾ ਆਯੋਜਨ ਕਰਨਾ ਸੰਭਵ ਹੋਇਆ। ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ, ਖਾਸ ਕਰਕੇ ਸਾਬਕਾ ਸੈਨਿਕਾਂ, ਨੌਜਵਾਨਾਂ ਅਤੇ ਔਰਤਾਂ ਨੇ ਮੀਂਹ ਦੇ ਬਾਵਜੂਦ ਕੈਂਪ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਸੁਜਾਨਪੁਰ ਦੇ ਵਿਧਾਇਕ ਰਜਿੰਦਰ ਰਾਣਾ ਨੇ ਕਿਹਾ ਕਿ ਮੀਂਹ ਦੇ ਬਾਵਜੂਦ ਨੌਜਵਾਨਾਂ ਅਤੇ ਸਾਬਕਾ ਸੈਨਿਕਾਂ ਨੇ ਖ਼ੂਨਦਾਨ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਅਤੇ ਸਮਾਜ ਪ੍ਰਤੀ ਆਪਣਾ ਫਰਜ਼ ਨਿਭਾਉਣ ਦਾ ਜਨੂੰਨ ਦਿਖਾਇਆ। ਅਜਿਹੇ ਸਮਾਗਮ ਮਨੁੱਖਤਾ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵਪੂਰਨ ਹਨ। ਪੂਰਾ ਸਮਾਜ ਖ਼ੂਨਦਾਨ ਵਰਗੇ ਉੱਤਮ ਕਾਰਜ ਤੋਂ ਪ੍ਰੇਰਿਤ ਹੁੰਦਾ ਹੈ। ਪੰਜਾਬ ਕੇਸਰੀ ਅਖ਼ਬਾਰ ਸਮੂਹ ਆਪਣੀ ਸ਼ੁਰੂਆਤ ਤੋਂ ਸਮਾਜ ਸੇਵਾ ਲਈ ਸਮਰਪਿਤ ਰਿਹਾ ਹੈ। ਹਮੀਰਪੁਰ ਦੇ ਵਿਧਾਇਕ ਅਸ਼ੀਸ਼ ਸ਼ਰਮਾ ਨੇ ਕਿਹਾ ਕਿ ਸਮਾਜ ਦੀ ਸਮੁੱਚੀ ਭਲਾਈ ਵਿੱਚ ਪੰਜਾਬ ਕੇਸਰੀ ਅਖ਼ਬਾਰ ਸਮੂਹ ਦਾ ਯੋਗਦਾਨ ਬੇਮਿਸਾਲ ਹੈ।